INTERNATIONAL MULTILINGUAL MAGAZINE

SEPTEMBER
2026
EDITION

THE HIND CANADIAN TIMES

CONNECTING COMMUNITIES • CELEBRATING CULTURE • INSPIRING THE WORLD

IDEAS
CULTURE
HUMANITY

A GLOBAL PERSPECTIVE.
A SHARED FUTURE.



DIRECTOR (CANADA)
HARDAM MAAN
+1 604 308 6663

BRIDGING BORDERS
THROUGH STORIES
THAT INSPIRE,
CONNECT & UNITE

EDITOR-IN-CHIEF
VERINDER SINGH VIRDI
+91 70097 70591

GLOBAL PERSPECTIVES | COMMUNITY VOICES | CULTURAL HERITAGE | INSPIRING IDEAS

Editorial

Welcome to The Hind Canadian Times

A message from the Editor-in-Chief

The world is changing at a pace that is difficult to comprehend. Borders may separate nations, languages may divide communities, and cultures may differ from one continent to another—but the hopes, fears and dreams of ordinary people remain remarkably similar.

This is where journalism has a responsibility that goes far beyond reporting events. In an age of instant information, every person can receive hundreds of news updates within minutes. Yet, ironically, finding the truth has become more difficult. Information can travel across the world before facts have been properly established. Rumours can appear as news, opinions can be presented as facts, and sensationalism can sometimes overshadow the real human story. This is why responsible journalism matters more than ever.

The Hind Canadian Times believes that an international magazine should not merely tell its readers what happened; it should encourage them to understand why it happened, how it affects humanity, and what lessons can be learned from it.

Our September edition is therefore not simply another collection of articles. It is an attempt to bring together different voices, experiences, ideas and perspectives from across the world.

From literature and culture to social concerns, from inspiring personalities to international developments, every contribution reminds us that humanity is much larger than geography.

Our Commitment to Readers :

With every edition, we aim to improve—not simply in appearance, but in content, credibility and purpose.We welcome writers, poets, thinkers and contributors from different backgrounds because diversity of thought makes a publication stronger.

As we present the September 2026 edition to our readers, we express our sincere gratitude to everyone who has contributed their writing, ideas, encouragement and goodwill to this growing international publication.

May these pages inspire thought, encourage dialogue and remind us of one simple truth. We may live in different countries, but we share one world and one common responsibility—to make it better.

Verinder Singh Virdi
(Editor-in-Chief)

ਪ੍ਰਸਿੱਧ ਸ਼ਾਇਰ ਰਾਜਵੰਤ ਰਾਜ ਦੀ ਕਲਮ ਨੂੰ 'ਦਿਲਬਰ ਨੂਰਪੁਰੀ ਐਵਾਰਡ' ਦਾ ਮਾਣ ਮਿਲਿਆ

ਧਾਮੀ ਪਰਿਵਾਰ ਵੱਲੋਂ ਰਾਜਵੰਤ ਰਾਜ ਨੂੰ 1100 ਡਾਲਰ ਦੀ ਨਕਦ ਰਾਸ਼ੀ, ਪਲੈਕ ਤੇ ਸ਼ਾਲ ਭੇਟ



ਸਰੀ, ਸਤੰਬਰ 22 (ਹਰਦਮ ਮਾਨ) - ਸਰੀ ਦੇ ਜਾਣੇ-ਪਛਾਣੇ ਸ਼ਾਇਰ ਰਾਜਵੰਤ ਰਾਜ ਨੂੰ ਪੰਜਾਬੀ ਸਾਹਿਤ ਵਿੱਚ ਪਾਏ ਜਾ ਰਹੇ ਉਨ੍ਹਾਂ ਦੇ ਰਚਨਾਤਮਕ ਯੋਗਦਾਨ ਅਤੇ ਸਾਹਿਤਕ ਸਰਗਰਮੀ ਲਈ ਦਿਲਬਰ ਨੂਰਪੁਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਗ਼ਜ਼ਲ ਮੰਚ ਸਰੀ ਦੇ ਇਕ ਸਾਹਿਤਕ ਸਮਾਗਮ ਦੌਰਾਨ ਸ਼ਾਇਰ ਇੰਦਰਜੀਤ ਧਾਮੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਰਾਜਵੰਤ ਰਾਜ ਨੂੰ ਇਹ ਸਨਮਾਨ ਭੇਟ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੂੰ 1100 ਡਾਲਰ ਦੀ ਨਕਦ ਰਾਸ਼ੀ, ਪਲੈਕ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ।

ਦਿਲਬਰ ਨੂਰਪੁਰੀ ਐਵਾਰਡ ਦੀ ਸਥਾਪਨਾ ਸ਼ਾਇਰ ਇੰਦਰਜੀਤ ਧਾਮੀ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਆਪਣੇ ਮਰਹੂਮ ਪਿਤਾ ਦਿਲਬਰ ਨੂਰਪੁਰੀ ਦੀ ਯਾਦ ਨੂੰ ਸਮਰਪਿਤ ਕਰਦਿਆਂ ਕੀਤੀ ਗਈ ਹੈ। ਸਾਲ 2016 ਤੋਂ ਆਰੰਭ ਹੋਈ ਇਸ ਸਨਮਾਨ-ਪਰੰਪਰਾ ਤਹਿਤ ਹੁਣ ਤੱਕ 22 ਸਾਹਿਤਕਾਰਾਂ ਨੂੰ ਉਨ੍ਹਾਂ ਦੀਆਂ ਸਾਹਿਤਕ ਸੇਵਾਵਾਂ ਅਤੇ ਚੰਗੇਰਾ ਸਾਹਿਤ ਰਚਣ ਲਈ ਸਨਮਾਨਿਤ ਕੀਤਾ ਜਾ ਚੁੱਕਾ ਹੈ। ਧਾਮੀ ਪਰਿਵਾਰ ਵੱਲੋਂ ਹਰ ਸਾਲ ਦਿੱਤਾ ਜਾਂਦਾ ਇਹ ਸਨਮਾਨ ਪੰਜਾਬੀ ਸਾਹਿਤ ਦੀ ਸਿਰਜਣਾ ਨਾਲ ਜੁੜੇ ਰਚਨਾਕਾਰਾਂ ਦੀ ਹੌਸਲਾ-ਅਫ਼ਜ਼ਾਈ ਦਾ ਇਕ ਵਿਲੱਖਣ ਉਪਰਾਲਾ ਬਣ ਰਿਹਾ ਹੈ।

ਸਮਾਗਮ ਦੌਰਾਨ ਇੰਦਰਜੀਤ ਧਾਮੀ ਨੇ ਕਿਹਾ ਕਿ ਆਪਣੇ ਮਰਹੂਮ ਪਿਤਾ ਦੀ ਯਾਦ ਨੂੰ ਸਾਹਿਤ ਨਾਲ ਜੋੜ ਕੇ ਜਿਉਂਦਾ ਰੱਖਣ ਦੀ ਕੋਸ਼ਿਸ਼ ਤਹਿਤ ਇਹ ਐਵਾਰਡ ਹਰ ਸਾਲ ਅਜਿਹੇ ਸਾਹਿਤਕਾਰ ਨੂੰ ਦਿੱਤਾ ਜਾਂਦਾ ਹੈ, ਜੋ ਆਪਣੀ ਕਲਮ ਰਾਹੀਂ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਚੰਗੀਆਂ ਰਚਨਾਵਾਂ ਪਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਹਿਤਕਾਰ ਸਮਾਜ ਦੀ ਸੰਵੇਦਨਾ, ਸੋਚ ਅਤੇ ਸੱਭਿਆਚਾਰਕ ਵਿਰਾਸਤ ਦੇ ਵਾਹਕ ਹੁੰਦੇ ਹਨ ਅਤੇ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕਰਨਾ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਇਸ ਮੌਕੇ ਹੁਣ ਤੱਕ ਸਨਮਾਨਿਤ ਕੀਤੇ ਗਏ 22 ਸਾਹਿਤਕਾਰਾਂ ਦਾ ਵੇਰਵਾ ਵੀ ਸਾਂਝਾ ਕੀਤਾ।

ਸਨਮਾਨ ਪ੍ਰਾਪਤ ਕਰਨ ਉਪਰੰਤ ਰਾਜਵੰਤ ਰਾਜ ਨੇ ਕਿਹਾ ਕਿ ਕਿਸੇ ਸਾਹਿਤਕਾਰ ਲਈ ਉਸ ਦੀ ਕਲਮ ਨੂੰ ਮਿਲਣ ਵਾਲਾ ਮਾਣ ਸਿਰਫ਼ ਨਿੱਜੀ ਖੁਸ਼ੀ ਦਾ ਪਲ ਨਹੀਂ ਹੁੰਦਾ, ਸਗੋਂ ਇਹ ਉਸ ਦੀ ਸਾਹਿਤ ਪ੍ਰਤੀ ਜ਼ਿੰਮੇਵਾਰੀ ਨੂੰ ਹੋਰ ਗੰਭੀਰ ਬਣਾਉਂਦਾ ਹੈ। ਉਸ ਨੇ ਕਿਹਾ ਕਿ ਦਿਲਬਰ ਨੂਰਪੁਰੀ ਐਵਾਰਡ ਮਿਲਣ ਨਾਲ ਉਹਦੀ ਸਾਹਿਤ ਪ੍ਰਤੀ ਜ਼ਿੰਮੇਵਾਰੀ ਹੋਰ ਵਧ ਗਈ ਹੈ ਅਤੇ ਉਹ ਆਪਣੀਆਂ ਰਚਨਾਵਾਂ ਰਾਹੀਂ ਇਸ ਸਨਮਾਨ ਦੇ ਮਾਣ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰੇਗਾ। ਧਾਮੀ ਪਰਿਵਾਰ ਦਾ ਧੰਨਵਾਦ ਕਰਦਿਆਂ ਰਾਜਵੰਤ ਨੇ ਕਿਹਾ ਕਿ ਸਾਹਿਤਕਾਰ ਦੀ ਕਲਮ ਨੂੰ ਦਿੱਤਾ ਗਿਆ ਸਨਮਾਨ ਅਸਲ ਵਿੱਚ ਸਾਹਿਤ ਅਤੇ ਸਾਹਿਤਕ ਸੰਵੇਦਨਾ ਦਾ ਸਨਮਾਨ ਹੁੰਦਾ ਹੈ।

ਰਾਜਵੰਤ ਰਾਜ ਨੇ ਇਸ ਮੌਕੇ ਐਲਾਨ ਕੀਤਾ ਕਿ ਐਵਾਰਡ ਨਾਲ ਮਿਲੀ 1100 ਡਾਲਰ ਦੀ ਨਕਦ ਰਾਸ਼ੀ ਉਹ ਗ਼ਜ਼ਲ ਮੰਚ ਸਰੀ ਨੂੰ ਭੇਟ ਕਰ ਰਿਹਾ ਹੈ। ਉਸ ਨੇ ਕਿਹਾ ਕਿ ਗ਼ਜ਼ਲ ਮੰਚ ਸਰੀ ਵੱਲੋਂ ਪੰਜਾਬੀ ਗ਼ਜ਼ਲ ਅਤੇ ਸਾਹਿਤਕ ਸਰਗਰਮੀਆਂ ਨੂੰ ਪ੍ਰਫੁੱਲਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਵਿੱਚ ਇਹ ਰਾਸ਼ੀ ਉਸ ਦੇ ਹਿੱਸੇ ਦਾ ਇਕ ਛੋਟਾ ਜਿਹਾ ਯੋਗਦਾਨ ਹੋਵੇਗੀ। ਇਸ ਐਲਾਨ ਨੂੰ ਸਮਾਗਮ ਵਿੱਚ ਮੌਜੂਦ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਵੱਲੋਂ ਸਲਾਹਿਆ ਗਿਆ। ਇਸ ਮੌਕੇ ਗ਼ਜ਼ਲ ਮੰਚ ਸਰੀ ਦੇ ਪ੍ਰਧਾਨ ਜਸਵਿੰਦਰ, ਕੁਲਵਿੰਦਰ, ਦਵਿੰਦਰ ਗੌਤਮ, ਦਸ਼ਮੇਸ਼ ਗਿੱਲ ਫਿਰੋਜ਼ ਸਮੇਤ ਵੱਡੀ ਗਿਣਤੀ ਵਿੱਚ ਸਾਹਿਤਕਾਰ ਅਤੇ ਸਾਹਿਤ ਪ੍ਰੇਮੀ ਹਾਜਰ ਸਨ।

ਹਰਦਮ ਮਾਨ

ਯੂਨੀਵਰਸਲ ਪੀਸ ਫੈਡਰੇਸ਼ਨ ਵੱਲੋਂ ਡਾ. ਐੱਸ. ਪੀ. ਸਿੰਘ ਓਬਰਾਏ "ਅੰਬੈਸਡਰ ਫਾਰ ਪੀਸ" ਐਵਾਰਡ ਨਾਲ ਸਨਮਾਨਿਤ



ਮੈਰੀਲੈਂਡ: (ਬਲਵਿੰਦਰ ਬਾਲਮ) ਉੱਘੇ ਸਮਾਜਸੇਵੀ ਅਤੇ ਮਨੁੱਖਤਾ ਦੇ ਮਸੀਹਾ ਵਜੋਂ ਜਾਣੇ ਜਾਂਦੇ ਡਾ. ਐੱਸ. ਪੀ. ਸਿੰਘ ਓਬਰਾਏ ਨੂੰ ਯੂਨੀਵਰਸਲ ਪੀਸ ਫੈਡਰੇਸ਼ਨ (ਯੂਪੀਐੱਫ) ਵੱਲੋਂ ਵੱਕਾਰੀ "ਅੰਬੈਸਡਰ ਫਾਰ ਪੀਸ" ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਵਿਸ਼ੇਸ਼ ਸਮਾਗਮ ਵਿੱਚ ਮੈਰੀਲੈਂਡ ਅਤੇ ਵਾਸ਼ਿੰਗਟਨ ਡੀ.ਸੀ. ਖੇਤਰ ਦੀਆਂ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ।

ਇਹ ਐਵਾਰਡ ਯੂਨੀਵਰਸਲ ਪੀਸ ਫੈਡਰੇਸ਼ਨ ਯੂਐੱਸਏ ਦੀ ਵਾਈਸ ਪ੍ਰੈਜ਼ੀਡੈਂਟ ਟੋਮੀਕੋ ਦੁਗਾਨ ਵੱਲੋਂ ਡਾ. ਓਬਰਾਏ ਨੂੰ ਸਿੱਖਿਆ, ਸਿਹਤ ਸੇਵਾਵਾਂ, ਕੁਦਰਤੀ ਆਫ਼ਤਾਂ ਦੌਰਾਨ ਰਾਹਤ ਕਾਰਜਾਂ ਅਤੇ ਸਮਾਜ ਭਲਾਈ ਦੇ ਖੇਤਰ ਵਿੱਚ ਪਾਏ ਬੇਮਿਸਾਲ ਯੋਗਦਾਨ ਲਈ ਭੇਟ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਟੋਮੀਕੋ ਦੁਗਾਨ ਨੇ ਡਾ. ਓਬਰਾਏ ਨੂੰ "ਭਾਈਚਾਰੇ ਦਾ ਅਨਮੋਲ ਹੀਰਾ" ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਡਾ. ਓਬਰਾਏ ਦੀਆਂ ਨਿਰਸਵਾਰਥ ਸੇਵਾਵਾਂ ਨੇ ਅਣਗਿਣਤ ਲੋਕਾਂ ਦੀ ਜ਼ਿੰਦਗੀ ਵਿੱਚ ਆਸ ਦੀ ਕਿਰਨ ਜਗਾਈ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਯੂਨੀਵਰਸਲ ਪੀਸ ਫੈਡਰੇਸ਼ਨ ਨਾਲ ਉਨ੍ਹਾਂ ਦੀ ਸਾਂਝ ਸ਼ਾਂਤੀ, ਏਕਤਾ, ਆਪਸੀ ਸਤਿਕਾਰ ਅਤੇ ਮਨੁੱਖੀ ਭਲਾਈ ਦੇ ਵਿਸ਼ਵਵਿਆਪੀ ਮਿਸ਼ਨ ਨੂੰ ਹੋਰ

ਮਜ਼ਬੂਤ ਕਰੇਗੀ।

ਡਾ. ਓਬਰਾਏ ਲੋੜਵੰਦ ਵਿਦਿਆਰਥੀਆਂ ਦੀ ਪੜ੍ਹਾਈ, ਗਰੀਬ ਪਰਿਵਾਰਾਂ ਲਈ ਸਿਹਤ ਸਹੂਲਤਾਂ, ਮੁਸੀਬਤ ਵਿੱਚ ਫਸੇ ਲੋਕਾਂ ਦੀ ਸਹਾਇਤਾ ਅਤੇ ਕੁਦਰਤੀ ਆਫ਼ਤਾਂ ਤੋਂ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕਾਰਜਾਂ ਲਈ ਦੁਨੀਆ ਭਰ ਵਿੱਚ ਸਤਿਕਾਰੇ ਜਾਂਦੇ ਹਨ। ਉਨ੍ਹਾਂ ਦੀਆਂ ਮਾਨਵਤਾਵਾਦੀ ਸੇਵਾਵਾਂ ਨੇ ਉਨ੍ਹਾਂ ਨੂੰ ਉਮੀਦ, ਹਮਦਰਦੀ ਅਤੇ ਨਿਰਸਵਾਰਥ ਸੇਵਾ ਦਾ ਪ੍ਰਤੀਕ ਬਣਾਇਆ ਹੈ।

ਸਮਾਗਮ ਦੌਰਾਨ ਡਾ. ਓਬਰਾਏ ਦਾ ਫੁੱਲਾਂ ਦੇ ਗੁਲਦਸਤਿਆਂ ਨਾਲ ਨਿੱਘਾ ਸਵਾਗਤ ਕਰੀਨਾ ਹੂ, ਟੋਮੀਕੋ ਦੁਗਾਨ, ਰਣਜੀਤ ਚਹਿਲ ਤੇ ਕੇ ਕੇ ਸਿੱਧੂ ਨੇ ਕੀਤਾ ਗਿਆ। ਇਸ ਮੌਕੇ ਡਾ. ਸੁਰਿੰਦਰ ਸਿੰਘ ਗਿੱਲ, ਚੇਅਰਮੈਨ ਇੰਟਰਨੈਸ਼ਨਲ ਫੋਰਮ ਯੂਐੱਸਏ; ਦਵਿੰਦਰ ਸਿੰਘ ਗਿੱਲ, ਡਾਇਰੈਕਟਰ ਸਿੱਖਸ ਆਫ਼ ਯੂਐੱਸਏ; ਕੇ. ਕੇ. ਸਿੱਧੂ, ਸੰਸਥਾਪਕ ਪੰਜਾਬੀ ਕਲੱਬ ਮੈਰੀਲੈਂਡ; ਰਣਜੀਤ ਚਾਹਲ, ਸਕੱਤਰ ਪੰਜਾਬੀ ਕਲੱਬ ਮੈਰੀਲੈਂਡ; ਗੁਰਚਰਨ ਸਿੰਘ ਗੁਰੂ, ਪ੍ਰਧਾਨ ਵਰਲਡ ਯੂਨਾਈਟਿਡ ਗੁਰੂ ਨਾਨਕ ਫਾਊਂਡੇਸ਼ਨ; ਕਰੀਨਾ ਹੂ, ਪੈਟਰਨ-ਇਨ-ਚੀਫ਼ ਇੰਟਰਨੈਸ਼ਨਲ ਫੋਰਮ ਯੂਐੱਸਏ; ਟੋਮੀਕੋ ਡੱਗਨ, ਵਾਈਸ ਪ੍ਰੈਜ਼ੀਡੈਂਟ ਯੂਪੀਐੱਫ ਯੂਐੱਸਏ; ਨੌਨਿਹਾਲ ਸਿੰਘ, ਨਿਰਪਜੀਤ ਸਿੰਘ, ਰਣਜੀਤ ਰਾਣਾ, ਰਾਇਲ ਤਾਜ ਦੇ ਮਾਲਕ ਜਸਵਿੰਦਰ ਸਿੰਘ ਅਤੇ ਵਾਸ਼ਿੰਗਟਨ ਡੀ.ਸੀ. ਦੀ ਉੱਘੀ ਮੀਡੀਆ ਸ਼ਖ਼ਸੀਅਤ ਲਲਿਤ ਝਾਅ ਸਮੇਤ ਕਈ ਪਤਵੰਤੇ ਹਾਜ਼ਰ ਸਨ।

ਐਵਾਰਡ ਸਮਾਗਮ ਤੋਂ ਬਾਅਦ ਡਾ. ਸੁਰਿੰਦਰ ਸਿੰਘ ਗਿੱਲ ਵੱਲੋਂ ਡਾ. ਐੱਸ. ਪੀ. ਸਿੰਘ ਓਬਰਾਏ ਦੇ ਸਨਮਾਨ ਵਿੱਚ ਰਾਇਲ ਤਾਜ ਰੈਸਟੋਰੈਂਟ, ਮੈਰੀਲੈਂਡ ਵਿਖੇ ਸ਼ਾਨਦਾਰ ਰਾਤਰੀ ਭੋਜ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਭਾਈਚਾਰੇ ਦੇ ਆਗੂਆਂ ਨੂੰ ਡਾ. ਓਬਰਾਏ ਨਾਲ ਵਿਚਾਰ-ਵਟਾਂਦਰਾ ਕਰਨ ਅਤੇ ਉਨ੍ਹਾਂ ਦੇ ਮਹਾਨ ਮਾਨਵਤਾਵਾਦੀ ਮਿਸ਼ਨ ਦੀ ਸ਼ਲਾਘਾ ਕਰਨ ਦਾ ਮੌਕਾ ਮਿਲਿਆ।

ਹਾਜ਼ਰ ਸ਼ਖ਼ਸੀਅਤਾਂ ਨੇ ਡਾ. ਓਬਰਾਏ ਨੂੰ ਵਧਾਈ ਦਿੰਦਿਆਂ ਕਿਹਾ ਕਿ “ਅੰਬੈਸਡਰ ਫਾਰ ਪੀਸ” ਦਾ ਸਨਮਾਨ ਉਨ੍ਹਾਂ ਦੀਆਂ ਮਨੁੱਖਤਾ, ਵਿਸ਼ਵ ਸ਼ਾਂਤੀ, ਸਦਭਾਵਨਾ ਅਤੇ ਸਮਾਜ ਭਲਾਈ ਨੂੰ ਸਮਰਪਿਤ ਸੇਵਾਵਾਂ ਦੀ ਯੋਗ ਪਛਾਣ ਹੈ।

ਡਾ. ਓਬਰਾਏ ਨੇ ਇਸ ਵੱਕਾਰੀ ਸਨਮਾਨ ਅਤੇ



ਨਿੱਘੇ ਸਵਾਗਤ ਲਈ ਯੂਨੀਵਰਸਲ ਪੀਸ ਫੈਡਰੇਸ਼ਨ ਅਤੇ ਸਮੂਹ ਭਾਈਚਾਰਕ ਆਗੂਆਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਮਨੁੱਖਤਾ ਦੀ ਸੇਵਾ ਅਤੇ ਵਿਸ਼ਵ ਸ਼ਾਂਤੀ ਦੇ ਆਪਣੇ ਮਿਸ਼ਨ ਨੂੰ ਹੋਰ ਸਮਰਪਣ ਨਾਲ ਜਾਰੀ ਰੱਖਣ ਦਾ ਅਹਿਦ ਦੁਹਰਾਇਆ।

ਬਲਵਿੰਦਰ ਬਾਲਮ

ਗੁਰਦਾਸਪੁਰ

ਸਰੀ ਸਿਟੀ ਕੌਂਸਲ ਲਈ 17 ਅਕਤੂਬਰ ਨੂੰ ਪੈਣਗੀਆਂ ਵੋਟਾਂ: ਇਕ ਮੇਅਰ 8 ਕੌਂਸਲਰਾਂ ਅਤੇ 6 ਸਕੂਲ ਟਰੱਸਟੀਆਂ ਦੀ ਹੋਵੇਗੀ ਚੋਣ

ਪਰਿਵਾਰਾਂ ਦੀ ਸੁਰੱਖਿਆ, ਕਾਰੋਬਾਰਾਂ ਲਈ ਸੁਖਾਵਾਂ ਮਾਹੌਲ, ਨੌਜਵਾਨਾਂ ਲਈ ਸਹੂਲਤਾਂ, ਆਵਾਜਾਈ, ਰਿਹਾਇਸ਼ ਅਤੇ ਕਮਿਊਨਿਟੀ ਸੇਵਾਵਾਂ ਬਣੇ ਮੁੱਖ ਚੋਣ ਮੁੱਦੇ



ਸਰੀ, - ਸਰੀ ਦੀ 2026 ਮਿਉਂਸਪਲ ਚੋਣ ਲਈ ਸਿਆਸੀ ਮੈਦਾਨ ਪੂਰੀ ਤਰ੍ਹਾਂ ਭਖ ਗਿਆ ਹੈ। 17 ਅਕਤੂਬਰ ਨੂੰ ਹੋਣ ਵਾਲੀ ਇਸ ਚੋਣ ਵਿੱਚ ਸਰੀ ਦੇ ਵੋਟਰ ਮੇਅਰ ਦੀ ਇੱਕ, ਸਿਟੀ ਕੌਂਸਲ ਦੀਆਂ 8 ਅਤੇ ਸਕੂਲ ਡਿਸਟ੍ਰਿਕਟ ਦੀਆਂ 6 ਟਰੱਸਟੀ ਸੀਟਾਂ ਲਈ ਆਪਣੇ ਨੁਮਾਇੰਦੇ ਚੁਣਨਗੇ। ਸਿਟੀ ਆਫ਼ ਸਰੀ ਵੱਲੋਂ ਜਾਰੀ ਅਧਿਕਾਰਤ ਸੂਚੀ ਅਨੁਸਾਰ ਮੇਅਰ ਦੀ ਦੌੜ ਵਿੱਚ 7 ਉਮੀਦਵਾਰ ਮੈਦਾਨ ਵਿੱਚ ਹਨ, ਕੌਂਸਲਰਾਂ ਦੀ ਚੋਣ ਲਈ 67 ਅਤੇ ਸਕੂਲ ਟਰੱਸਟੀ ਦੀਆਂ ਸੀਟਾਂ ਲਈ 26 ਉਮੀਦਵਾਰ ਚੋਣ ਲੜ ਰਹੇ ਹਨ।

ਮੇਅਰ ਦੀ ਚੋਣ ਇਸ ਵਾਰ ਖਾਸ ਤੌਰ 'ਤੇ ਦਿਲਚਸਪ ਬਣੀ ਹੋਈ ਹੈ। ਇਸ ਅਹੁਦੇ ਲਈ ਇਗਲ ਐਮਨਜ਼ ਦੂਜਾ, ਲਿੰਡਾ ਐਨਿਸ, ਮੌਜੂਦਾ ਮੇਅਰ ਬਰੈਂਡਾ ਲੌਕ, ਸਾਬਕਾ ਮੇਅਰ ਡੱਗ ਮੈਕਲਮ, ਹੋਨਵੀਰ ਸਿੰਘ ਰੰਧਾਵਾ, ਮਾਈਕ ਸਟਾਰਚੁਕ ਅਤੇ ਟਰੌਇ ਵੈਨ-ਵਲੀਟ ਮੈਦਾਨ ਵਿੱਚ ਹਨ।

ਮੌਜੂਦਾ ਮੇਅਰ ਬਰੈਂਡਾ ਲੌਕ ਮੁੜ ਮੇਅਰ ਦੀ ਕੁਰਸੀ ਹਾਸਲ ਕਰਨ ਲਈ ਚੋਣ ਲੜ ਰਹੀ ਹੈ। ਉਨ੍ਹਾਂ ਦੀ ਮੁਹਿੰਮ ਵਿੱਚ ਪੁਲਿਸ ਅਤੇ ਫਾਇਰ ਸੇਵਾਵਾਂ ਵਿੱਚ ਨਿਵੇਸ਼, ਟੈਕਸਾਂ ਨੂੰ ਕਾਬੂ ਵਿੱਚ ਰੱਖਣ, ਬੁਨਿਆਦੀ ਢਾਂਚੇ, ਰਿਹਾਇਸ਼ ਅਤੇ ਕਮਿਊਨਿਟੀ ਸੇਵਾਵਾਂ ਵਰਗੇ ਮੁੱਦੇ ਪ੍ਰਮੁੱਖ ਹਨ। ਦੂਜੇ ਪਾਸੇ ਸਰੀ ਸਿਟੀ ਕੌਂਸਲ ਦੀ ਸਾਬਕਾ ਮੈਂਬਰ ਲਿੰਡਾ ਐਨਿਸ ਵੀ ਮੇਅਰ ਦੀ ਦੌੜ ਵਿੱਚ ਮਜ਼ਬੂਤ ਉਮੀਦਵਾਰ ਵਜੋਂ ਸਾਹਮਣੇ ਆਈ ਹੈ। ਐਨਿਸ ਸੁਰੱਖਿਆ, ਵਿੱਤੀ

ਪਾਰਦਰਸ਼ਤਾ ਅਤੇ ਸਿਟੀ ਦੇ ਵੱਡੇ ਪ੍ਰਾਜੈਕਟਾਂ ਉੱਤੇ ਖਰਚਿਆਂ ਦੀ ਸਮੀਖਿਆ ਨੂੰ ਆਪਣੀ ਮੁਹਿੰਮ ਦਾ ਅਹਿਮ ਹਿੱਸਾ ਬਣਾ ਰਹੀ ਹੈ।

ਸਾਬਕਾ ਮੇਅਰ ਡੱਗ ਮੈਕਕਲਮ ਵੀ ਇਸ ਚੋਣ ਰਾਹੀਂ ਸਰੀ ਦੀ ਸਿਆਸਤ ਵਿੱਚ ਵਾਪਸੀ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦੇ ਚੋਣ ਵਾਅਦਿਆਂ ਵਿੱਚ ਕਿੰਗ ਜੌਰਜ ਬੁਲੇਵਾਰਡ ਤੋਂ ਨਿਊਟਨ ਤੱਕ ਸਕਾਈਟ੍ਰੇਨ ਦਾ ਵਿਸਥਾਰ, ਚਾਰ ਸਾਲਾਂ ਲਈ ਜਾਇਦਾਦ ਟੈਕਸ ਵਿੱਚ ਜ਼ੀਰੋ ਪ੍ਰਤੀਸ਼ਤ ਵਾਧਾ, ਅਪਰਾਧ ਅਤੇ ਐਕਸਟੋਰਸ਼ਨ ਵਿਰੁੱਧ ਸਖ਼ਤ ਕਾਰਵਾਈ ਅਤੇ ਸਰੀ ਪੁਲਿਸ ਦੀ ਹੈਲੀਕਾਪਟਰ ਤੇ ਡਰੋਨ ਸਮਰੱਥਾ ਵਧਾਉਣ ਵਰਗੇ ਮੁੱਦੇ ਸ਼ਾਮਲ ਹਨ।

ਕੰਜ਼ਰਵੇਟਿਵ ਉਮੀਦਵਾਰ ਹੋਨਵੀਰ ਸਿੰਘ ਰੰਧਾਵਾ ਨੇ ਵੀ ਮੇਅਰ ਦੀ ਦੌੜ ਨੂੰ ਤਿੱਖਾ ਕਰ ਦਿੱਤਾ ਹੈ। ਸਰੀ ਵਿੱਚ ਬਚਪਨ ਤੋਂ ਰਹਿ ਰਹੇ ਰੰਧਾਵਾ ਪੇਸ਼ੇ ਵਜੋਂ ਵਕੀਲ ਹਨ ਅਤੇ ਆਪਣੀ ਮੁਹਿੰਮ ਵਿੱਚ ਸੁਰੱਖਿਅਤ ਸੜਕਾਂ, ਘੱਟ ਟੈਕਸਾਂ ਅਤੇ ਜਵਾਬਦੇਹ ਪ੍ਰਸ਼ਾਸਨ ਦੀ ਗੱਲ ਕਰ ਰਹੇ ਹਨ।

ਸਾਬਕਾ ਸਰੀ ਫਾਇਰ ਸਰਵਿਸ ਅਧਿਕਾਰੀ, ਸਾਬਕਾ ਕੌਂਸਲਰ ਅਤੇ ਸਾਬਕਾ ਐਮ.ਐਲ.ਏ. ਮਾਈਕ ਸਟਾਰਚੁਕ ਵੀ ਮੇਅਰ ਦੇ ਅਹੁਦੇ ਲਈ ਚੋਣ ਲੜ ਰਹੇ ਹਨ। ਉਹ ਸਰੀ ਨੂੰ ਵਧੇਰੇ ਸੁਰੱਖਿਅਤ, ਤੇਜ਼ ਆਵਾਜਾਈ ਵਾਲਾ, ਘੱਟ ਭੀੜ-ਭੜੱਕੇ ਵਾਲਾ ਅਤੇ ਕਿਫਾਇਤੀ ਸ਼ਹਿਰ ਬਣਾਉਣ ਨੂੰ ਆਪਣੀ ਮੁਹਿੰਮ ਦਾ ਕੇਂਦਰ ਦੱਸ ਰਹੇ ਹਨ।

ਕਾਰੋਬਾਰੀ ਅਤੇ ਬਿਲਡਰ ਟਰੌਇ ਵੈਨ-ਵਲੀਟ ਵੀ ਮੇਅਰ ਦੀ ਚੋਣ ਵਿੱਚ ਮੈਦਾਨ ਵਿੱਚ ਹਨ। ਉਨ੍ਹਾਂ ਦੀ ਮੁਹਿੰਮ ਵਿੱਚ ਸੁਰੱਖਿਆ, ਰਿਹਾਇਸ਼, ਪਰਿਵਾਰਾਂ ਲਈ ਸਹੂਲਤਾਂ, ਕਾਰੋਬਾਰ-ਪੱਖੀ ਨੀਤੀਆਂ ਅਤੇ ਸ਼ਹਿਰ ਦੇ ਵਿਕਾਸ ਲਈ ਯੋਜਨਾਬੱਧ ਪਹੁੰਚ ਵਰਗੇ ਮੁੱਦੇ ਉਭਾਰੇ ਜਾ ਰਹੇ ਹਨ।

ਇਸ ਵਾਰ ਦੀ ਚੋਣ ਵਿੱਚ ਸਭ ਤੋਂ ਵੱਡਾ ਮੁੱਦਾ ਸਰੀ ਵਾਸੀਆਂ ਲਈ ਸੁਰੱਖਿਆ ਦਾ ਬਣਿਆ ਹੋਇਆ ਹੈ। ਐਕਸਟੋਰਸ਼ਨ, ਗੈਂਗ ਹਿੰਸਾ, ਨਸ਼ਿਆਂ ਨਾਲ ਜੁੜੀ ਅਪਰਾਧਿਕ ਸਰਗਰਮੀ ਅਤੇ ਸਰੀ ਪੁਲਿਸ ਸਰਵਿਸ ਦੀ ਭੂਮਿਕਾ ਬਾਰੇ ਵੱਖ-ਵੱਖ ਉਮੀਦਵਾਰ ਆਪੋ-ਆਪਣੇ ਹੱਲ ਪੇਸ਼ ਕਰ ਰਹੇ ਹਨ। ਇਸ ਦੇ ਨਾਲ ਹੀ ਜਾਇਦਾਦ ਟੈਕਸ, ਘਰਾਂ ਦੀ ਵਧਦੀ ਕੀਮਤ, ਰਿਹਾਇਸ਼ ਦੀ ਘਾਟ, ਟ੍ਰੈਫਿਕ ਦੀ ਸਮੱਸਿਆ, ਸਕਾਈਟ੍ਰੇਨ ਦਾ ਵਿਸਥਾਰ ਅਤੇ ਸੜਕਾਂ ਤੇ ਹੋਰ ਬੁਨਿਆਦੀ ਢਾਂਚੇ ਦਾ ਵਿਕਾਸ ਵੀ ਚੋਣ ਦੇ ਕੇਂਦਰੀ ਮੁੱਦੇ ਬਣੇ ਹੋਏ ਹਨ।

ਸਰੀ ਵਿੱਚ ਚੱਲ ਰਹੇ ਵੱਡੇ ਵਿਕਾਸ ਪ੍ਰਾਜੈਕਟ ਅਤੇ ਸਿਟੀ ਦੇ ਖਰਚੇ ਵੀ ਚੋਣ ਮੁਹਿੰਮ ਵਿੱਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਉਮੀਦਵਾਰਾਂ ਵਿੱਚ ਇਸ ਗੱਲ ਨੂੰ ਲੈ ਕੇ ਵੱਖ-ਵੱਖ ਵਿਚਾਰ ਹਨ ਕਿ ਸ਼ਹਿਰ ਨੂੰ ਵੱਡੇ ਪ੍ਰਾਜੈਕਟਾਂ ਉੱਤੇ ਕਿੰਨਾ ਖਰਚ ਕਰਨਾ ਚਾਹੀਦਾ ਹੈ ਅਤੇ ਇਸ ਦਾ ਬੋਝ ਟੈਕਸਦਾਤਿਆਂ ਉੱਤੇ ਕਿੰਨਾ ਪੈਣਾ ਚਾਹੀਦਾ ਹੈ। ਸ਼ਹਿਰ ਵੱਲੋਂ ਸਿਟੀ ਸੈਂਟਰ ਵਿੱਚ 10,000 ਸੀਟਾਂ ਵਾਲੇ ਅਰੇਨਾ ਅਤੇ ਐਂਟਰਟੇਨਮੈਂਟ ਡਿਸਟ੍ਰਿਕਟ ਦੀ ਯੋਜਨਾ ਵੀ ਚੋਣ ਬਹਿਸ ਦਾ ਇੱਕ ਅਹਿਮ ਹਿੱਸਾ ਬਣੀ ਹੋਈ ਹੈ।

ਕੌਂਸਲ ਦੀਆਂ ਅੱਠ ਸੀਟਾਂ ਲਈ ਮੁਕਾਬਲਾ ਵੀ ਕਾਫ਼ੀ ਦਿਲਚਸਪ ਹੈ। ਸਿਟੀ ਆਫ਼ ਸਰੀ ਦੀ ਮੌਜੂਦਾ ਅਧਿਕਾਰਤ ਸੂਚੀ ਵਿੱਚ 65 ਕੌਂਸਲਰ ਉਮੀਦਵਾਰ ਦਰਜ ਹਨ। ਇਨ੍ਹਾਂ ਵਿੱਚ ਇੰਤਖਾਬ ਅਹਿਮਦ, ਯੂਸਫ਼ ਅਲਦਾਬੈਨਾ-ਬਰਾਕਤ, ਲੀਸਾ ਡਾਨ ਐਲੈਕਸਿਸ, ਡੈਬਰਾ ਐਂਟੀਫੇਵ, ਹੈਰੀ ਬੈਂਸ, ਰਿੱਕੀ ਬਾਜਵਾ, ਗੇਲ ਬੇਜ਼ਡੇਸ, ਮਾਈਕ ਬੋਸ, ਜੈਨੇਟ ਬਰਾਊਨ, ਫਿਲਿਪ ਕਾਰਲੈੱਸ, ਡੈਨ ਬੀ. ਕਾਰਲੋਸ, ਚੰਦਨ ਚਾਹਲ, ਲੀਅਨਾ ਚੈਟਵਿਨ, ਬਿਲਾਲ ਚੀਮਾ, ਪਰਮਿੰਦਰ ਚੋਹਾਨ, ਚੇਨੀ ਕਲੋਕ, ਆਇਜ਼ਕ ਡੈਨੀਅਲ, ਇਆਨ ਡੀ ਹੂਗ, ਨਰੀਮਾ ਡੇਲਾ ਕਰੂਜ਼, ਓਲਿਵਰ ਡਿਕਸਨ, ਮੈਸੀਆ ਡਿਟਸ਼ਿੰਬਾ, ਮਾਈਕਲ ਡਨ, ਡੱਗ ਐਲਫੋਰਡ, ਮੀਰਾ ਗਿੱਲ, ਰਾਹੁਲ ਗਿੱਲ, ਸੁਹਾਨਾ ਗਿੱਲ, ਜਸਰੂਪ ਗੋਸਲ, ਲੌਰੀ ਗੁਏਰਾ, ਅਸ਼ਿਆਨਾ ਹਨੀਫ਼, ਗੌਰਡ ਹੈਪਨਰ, ਕ੍ਰਿਸਟੋਫਰ ਆਰ. ਹੌਫਮੈਨ, ਮੇਹਨਾਜ਼ ਜਾਵੇਦ, ਜੈਸੀ ਜੌਹਲ, ਐਮਿਲੀ ਕੈਨੇਡੀ, ਯੂਸਫ਼ ਖੱਟਾਬ, ਬਰੈਡ ਕੀਲਮੈਨ, ਪਰਦੀਪ ਕੂਨਰ, ਵੇਰਾ ਲੈਫਰਾਂਕ, ਵਿਲੀਅਮ ਲੀ, ਮਾਰਗਰੇਟ ਮੁਬਾਂਡਾ, ਮਨਦੀਪ ਸਿੰਘ ਨਾਗਰਾ, ਗਗਨ ਨਾਹਲ, ਐਲਿਸਨ ਪੈਟਨ, ਐਨਰਿਕ ਪੋਂਸ ਡੀ ਲਿਓਨ, ਕੋਰਡਲ ਪੁਲਰ, ਜਿਮੀ ਰੀਕੋ, ਟੌਮ ਸੈਡ, ਮਨੂ ਸ਼ਰਮਾ, ਬਿਊ ਸਿੰਪਸਨ, ਮੈਥਿਊ ਜੇ. ਸਮੇਡ, ਵਰਨਰ ਸਪੈਂਗਲ, ਕਲਿੰਟ ਸਟੀਵਰਟ, ਰੌਬ ਸਟੱਟ, ਰੋਨਾ ਟੈਪਰ, ਮਿਗੁਏਲ ਟਿੰਗ, ਲਿਲੀ ਤਸੀ, ਵਿਕ ਉੱਪਲ, ਕੈਲਵਿਨ ਵੈਂਡਰਪਲੋਇਗ, ਸ਼ੀਨਾ ਵਰਮਾਨੀ, ਨੋਏਮੀ ਵਿਕਟੋਰੀਨੋ, ਕੇਵਿਨ ਵਿਲਕੀ, ਮਿਲਾ ਵੋਂਗ-ਕਬੁਸ, ਡੋਨਾ ਵੂ, ਜੋਮਜ਼ ਯੂ ਅਤੇ ਸਲਮਾਨ ਜ਼ਫ਼ਰ ਸ਼ਾਮਲ ਹਨ।

ਕੌਂਸਲ ਦੀ ਇਸ ਦੌੜ ਵਿੱਚ ਪੰਜਾਬੀ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਨਾਲ ਜੁੜੇ ਕਈ ਜਾਣੇ-ਪਛਾਣੇ ਨਾਮ ਵੀ ਨਜ਼ਰ ਆ ਰਹੇ ਹਨ। ਹੈਰੀ ਬੈਂਸ, ਰਿੱਕੀ ਬਾਜਵਾ, ਬਿਲਾਲ ਚੀਮਾ, ਪਰਮਿੰਦਰ ਚੋਹਾਨ, ਜਸਰੂਪ ਗੋਸਲ, ਮਨਦੀਪ ਸਿੰਘ ਨਾਗਰਾ, ਗਗਨ ਨਾਹਲ, ਪਰਦੀਪ ਕੂਨਰ, ਮੀਰਾ ਗਿੱਲ, ਰਾਹੁਲ ਗਿੱਲ, ਸੁਹਾਨਾ ਗਿੱਲ, ਅਸ਼ਿਆਨਾ ਹਨੀਫ਼ ਅਤੇ ਸ਼ੀਨਾ ਵਰਮਾਨੀ ਸਮੇਤ ਕਈ ਉਮੀਦਵਾਰ ਵੱਖ-ਵੱਖ ਭਾਈਚਾਰਕ ਅਤੇ ਜਨਤਕ ਸਰਗਰਮੀਆਂ ਕਾਰਨ ਵੀ ਚਰਚਾ ਵਿੱਚ ਹਨ।

ਸਕੂਲ ਟਰੱਸਟੀ ਦੀਆਂ ਛੇ ਸੀਟਾਂ ਲਈ ਵੀ 25 ਉਮੀਦਵਾਰ ਮੈਦਾਨ ਵਿੱਚ ਹਨ। ਇਨ੍ਹਾਂ ਵਿੱਚ ਟੈਰੀ ਐਲਨ, ਜੋਨ ਬੈਨੋਵਿਚ, ਹਰਜੀਤ ਭੁੱਲਰ, ਅਮਰਿਤ ਬਿਰਿੰਗ, ਮਿਸ਼ੈਲ ਸੇਨੀਜ਼ਾ, ਗੁਰਲੀਨ ਕੇ. ਚਾਹਲ, ਨੂਰ ਚੀਮਾ, ਰੋਹਿਤ ਡੀ'ਸਿਲਵਾ, ਤਾਤਿਆਨਾ ਡਾ ਸਿਲਵਾ, ਵੈਨੈੱਸਾ ਗਿਲੇਰਾ, ਗੈਰੀ ਬੀ. ਹੀ, ਬੰਬ ਹੋਮਜ਼, ਕਾਇਲ ਜੋਨਜ਼, ਸੁਸ਼ਾ ਕੈਸਿਡੀ ਜੋਨਜ਼, ਵਿਕ ਕਰਨ, ਮੀਨਾ ਕੋਚਰ, ਲੌਰੀ ਲਾਰਸਨ, ਗੁਲਾਮ ਮੁਜਤਬਾ, ਅਫਜ਼ਲੁਰ ਰਹਿਮਾਨ, ਗੈਰੀ ਥਿੰਦ, ਵਿਨਸੈਂਟ ਟਾਈਘ, ਗੈਰੀ ਟਾਇਮੋਸ਼ੁਕ, ਵੈਨਸਨ ਵਾਂਗ, ਐਨ ਵਿਟਮੋਰ ਅਤੇ ਸ਼ੌਨ ਵਿਲਸਨ ਸ਼ਾਮਲ ਹਨ।

ਸਕੂਲ ਟਰੱਸਟੀਆਂ ਦੀ ਚੋਣ ਵੀ ਸਰੀ ਦੇ ਪਰਿਵਾਰਾਂ ਲਈ ਬਹੁਤ ਮਹੱਤਵਪੂਰਨ ਹੈ, ਕਿਉਂਕਿ ਚੁਣੇ ਜਾਣ ਵਾਲੇ ਟਰੱਸਟੀ ਸਕੂਲ ਡਿਸਟ੍ਰਿਕਟ ਦੀਆਂ ਨੀਤੀਆਂ, ਬਜਟ, ਵਿਦਿਅਕ ਤਰਜੀਹਾਂ ਅਤੇ ਵਧ ਰਹੀ ਵਿਦਿਆਰਥੀ ਗਿਣਤੀ ਨਾਲ ਸਬੰਧਤ ਫ਼ੈਸਲਿਆਂ ਵਿੱਚ ਭੂਮਿਕਾ ਨਿਭਾਉਣਗੇ। ਸਰੀ ਦੀ ਤੇਜ਼ੀ ਨਾਲ ਵਧ ਰਹੀ ਆਬਾਦੀ ਕਾਰਨ ਸਕੂਲਾਂ ਵਿੱਚ ਥਾਂ, ਨਵੀਆਂ ਸਕੂਲ ਇਮਾਰਤਾਂ, ਵਿਦਿਆਰਥੀਆਂ ਦੀ ਸੁਰੱਖਿਆ, ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਸਹੂਲਤਾਂ ਅਤੇ ਸਿੱਖਿਆ ਲਈ ਵਧੇਰੇ ਸਰੋਤ ਵੀ ਚੋਣ ਦੇ ਮਹੱਤਵਪੂਰਨ ਮੁੱਦੇ ਹਨ।

ਇਸ ਵਾਰ ਦੀ ਚੋਣ ਵਿੱਚ ਪੰਜਾਬੀ ਭਾਈਚਾਰੇ ਦੀ ਦਿਲਚਸਪੀ ਵੀ ਵਿਸ਼ੇਸ਼ ਤੌਰ 'ਤੇ ਦੇਖਣ ਨੂੰ ਮਿਲ ਰਹੀ ਹੈ। ਸਰੀ ਦੀ ਬਹੁ-ਸੱਭਿਆਚਾਰਕ ਬਣਤਰ ਵਿੱਚ ਪੰਜਾਬੀ ਭਾਈਚਾਰਾ ਇੱਕ ਮਹੱਤਵਪੂਰਨ ਹਿੱਸਾ ਹੈ ਅਤੇ ਕਈ ਉਮੀਦਵਾਰਾਂ ਦਾ ਧਿਆਨ ਪਰਿਵਾਰਾਂ ਦੀ ਸੁਰੱਖਿਆ, ਕਾਰੋਬਾਰਾਂ ਲਈ ਸੁਖਾਵਾਂ ਮਾਹੌਲ, ਨੌਜਵਾਨਾਂ ਲਈ ਸਹੂਲਤਾਂ, ਆਵਾਜਾਈ, ਰਿਹਾਇਸ਼ ਅਤੇ ਕਮਿਊਨਿਟੀ ਸੇਵਾਵਾਂ ਵੱਲ ਹੈ।

ਚੋਣ ਲਈ ਨਾਮਜ਼ਦਗੀ ਦੀ ਮਿਆਦ 11 ਸਤੰਬਰ ਨੂੰ ਖ਼ਤਮ ਹੋ ਚੁੱਕੀ ਹੈ ਅਤੇ ਹੁਣ ਉਮੀਦਵਾਰਾਂ ਕੋਲ ਆਪਣੀਆਂ ਨੀਤੀਆਂ ਅਤੇ ਚੋਣ ਵਾਅਦੇ ਵੋਟਰਾਂ ਤੱਕ ਪਹੁੰਚਾਉਣ ਲਈ ਸੀਮਤ ਸਮਾਂ ਬਚਿਆ ਹੈ। ਸਿਟੀ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਐਡਵਾਂਸ ਵੋਟਿੰਗ 7, 10, 14 ਅਤੇ 15 ਅਕਤੂਬਰ ਨੂੰ ਹੋਵੇਗੀ, ਜਦਕਿ ਆਮ ਵੋਟਿੰਗ 17 ਅਕਤੂਬਰ ਨੂੰ ਸਵੇਰੇ 8 ਵਜੇ ਤੋਂ ਰਾਤ 8 ਵਜੇ ਤੱਕ ਹੋਵੇਗੀ। ਇਸ ਵਾਰ ਸਰੀ ਵਿੱਚ 52 ਵੋਟਿੰਗ ਥਾਵਾਂ ਬਣਾਈਆਂ ਜਾਣਗੀਆਂ।

ਹੁਣ ਜਦੋਂ ਚੋਣ ਮੁਹਿੰਮ ਆਪਣੇ ਅੰਤਿਮ ਪੜਾਅ ਵੱਲ ਵਧ ਰਹੀ ਹੈ, ਸਰੀ ਦੇ ਵੋਟਰਾਂ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਉਹ ਸ਼ਹਿਰ ਦੀ ਅਗਵਾਈ ਕਿਸ ਤਰ੍ਹਾਂ ਦੀ ਟੀਮ ਦੇ ਹੱਥਾਂ ਵਿੱਚ ਦੇਣਾ ਚਾਹੁੰਦੇ ਹਨ। ਸੁਰੱਖਿਆ, ਟੈਕਸ, ਟ੍ਰੈਫਿਕ, ਸਕਾਈਟ੍ਰੇਨ, ਰਿਹਾਇਸ਼, ਬੁਨਿਆਦੀ ਢਾਂਚਾ, ਵੱਡੇ ਵਿਕਾਸ ਪ੍ਰਾਜੈਕਟ ਅਤੇ ਸਕੂਲਾਂ ਦੀਆਂ ਲੋੜਾਂ, ਇਹ ਸਾਰੇ ਮੁੱਦੇ ਆਉਣ ਵਾਲੇ ਦਿਨਾਂ ਵਿੱਚ ਚੋਣ ਬਹਿਸ ਦੇ ਕੇਂਦਰ ਵਿੱਚ ਰਹਿਣ ਦੀ ਸੰਭਾਵਨਾ ਹੈ। ਆਖ਼ਰੀ ਫ਼ੈਸਲਾ 17 ਅਕਤੂਬਰ ਨੂੰ ਸਰੀ ਦੇ ਵੋਟਰਾਂ ਦੇ ਹੱਥ ਹੋਵੇਗਾ।

ਹਰਦਮ ਮਾਨ

ਸਪੈਸ਼ਲ ਰਿਪੋਰਟਰ, ਬੀ.ਸੀ., ਕੈਨੇਡਾ

ਗ਼ਜ਼ਲ ਮੰਚ ਸਰੀ ਦੀ ਸ਼ਾਇਰਾਨਾ ਸ਼ਾਮ ਵਿੱਚ ਸੈਂਕੜੇ ਸਰੋਤਿਆਂ ਨੇ ਲਾਈਆਂ ਗ਼ਜ਼ਲ ਦੇ ਸਾਗਰ 'ਚ ਤਾਰੀਆਂ

ਗ਼ਜ਼ਲ ਦੇ ਪ੍ਰੇਮੀਆਂ ਵੱਲੋਂ ਮਿਲਿਆ ਪਿਆਰ ਅਤੇ ਸਤਿਕਾਰ ਸ਼ਾਇਰਾਂ ਦੀ ਕਾਵਿ-ਉਡਾਰੀ ਲਈ ਨਵਾਂ ਹੌਸਲਾ ਬਣੇਗਾ - ਜਸਵਿੰਦਰ



ਸਰੀ, 20 ਸਤੰਬਰ (ਹਰਦਮ ਮਾਨ)- ਬੀਤੇ ਦਿਨ ਗ਼ਜ਼ਲ ਮੰਚ ਸਰੀ ਵੱਲੋਂ ਸਜਾਈ ਗਈ ਸ਼ਾਇਰਾਨਾ ਸ਼ਾਮ ਅਜਿਹੇ ਯਾਦਗਾਰੀ ਪਲ ਬਣ ਕੇ ਉੱਭਰੀ, ਜਿੱਥੇ ਕਾਵਿਕ ਸ਼ਬਦਾਂ ਨੇ ਦਿਲਾਂ ਦੀਆਂ ਤਾਰਾਂ ਛੇੜੀਆਂ ਅਤੇ ਸੈਂਕੜੇ ਸ਼ਾਇਰੀ ਪ੍ਰੇਮੀਆਂ ਨੇ ਪੰਜਾਬੀ ਸ਼ਾਇਰੀ ਨੂੰ ਸਿਰਫ਼ ਸੁਣਿਆ ਹੀ ਨਹੀਂ, ਸਗੋਂ ਰੂਹ ਨਾਲ ਮਹਿਸੂਸ ਕੀਤਾ। ਸਰੀ ਆਰਟ ਸੈਂਟਰ ਦਾ ਵਿਸ਼ਾਲ ਹਾਲ ਇਸ ਸ਼ਾਮ ਸ਼ਾਇਰੀ ਦੀ ਮਹਿਕ ਨਾਲ ਭਰਿਆ ਹੋਇਆ ਸੀ। ਮੰਚ ਤੋਂ ਉਚਰੇ ਹਰ ਸ਼ਿਅਰ ਨਾਲ ਸਰੋਤਿਆਂ ਦੀਆਂ ਤਾੜੀਆਂ ਦੀ ਗੂੰਜ ਉੱਠਦੀ ਅਤੇ ਮਹਿਫ਼ਿਲ ਨੂੰ ਹੋਰ ਗੂੜ੍ਹਾ ਰੰਗ ਬਖ਼ਸ਼ਦੀ। ਲਗਭਗ ਤਿੰਨ ਘੰਟਿਆਂ ਤੱਕ ਚੱਲੀ ਇਸ ਕਾਵਿਕ ਮਹਿਫ਼ਿਲ ਵਿੱਚ ਸਰੋਤੇ ਗ਼ਜ਼ਲ ਦੇ ਸਾਗਰ ਵਿੱਚ ਤਾਰੀਆਂ ਲਾਉਂਦੇ ਰਹੇ ਅਤੇ ਹਰ ਪੇਸ਼ਕਾਰੀ ਨੂੰ ਦਿਲ ਖੋਲ੍ਹ ਕੇ ਦਾਦ ਦਿੰਦੇ ਰਹੇ। ਸ਼ਾਇਰਾਨਾ ਸ਼ਾਮ ਦੀ ਪ੍ਰਧਾਨਗੀ ਅਮਰੀਕਾ ਤੋਂ ਪਹੁੰਚੇ ਨਾਮਵਰ ਸ਼ਾਇਰ ਕੁਲਵਿੰਦਰ, ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ, ਦਸਮੇਸ਼ ਗਿੱਲ ਫ਼ਿਰੋਜ਼, ਟੋਰਾਂਟੋ ਤੋਂ ਆਏ ਮਹਿਮਾਨ ਸ਼ਾਇਰ ਭੁਪਿੰਦਰ ਦੂਲੇ ਅਤੇ ਕੁਲਵਿੰਦਰ ਖਹਿਰਾ ਨੇ ਕੀਤੀ।

ਸ਼ਾਮ ਦੇ ਆਰੰਭ ਵਿੱਚ ਰਾਜਵੰਤ ਰਾਜ ਨੇ ਹਾਜ਼ਰ ਮਹਿਮਾਨਾਂ, ਸ਼ਾਇਰਾਂ, ਸਹਿਯੋਗੀਆਂ ਅਤੇ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਗ਼ਜ਼ਲ ਮੰਚ ਦੀਆਂ ਸਾਹਿਤਕ ਸਰਗਰਮੀਆਂ ਅਤੇ ਇਸ ਦੇ ਸਫ਼ਰ ਵਿੱਚ ਸਹਿਯੋਗ ਦੇਣ ਵਾਲੇ ਸੱਜਣਾਂ ਦਾ ਜ਼ਿਕਰ ਕੀਤਾ। ਉਨ੍ਹਾਂ ਦੇ ਸਵਾਗਤੀ ਸ਼ਬਦਾਂ ਨਾਲ ਮਹਿਫ਼ਲ ਨੇ ਆਪਣਾ ਕਾਵਿਕ ਸਫ਼ਰ ਆਰੰਭ ਕੀਤਾ ਉਪਰੰਤ ਦਸਮੇਸ਼ ਗਿੱਲ ਫ਼ਿਰੋਜ਼ ਨੇ ਸੰਚਾਲਕ ਦੀ ਕਮਾਨ ਸੰਭਾਲੀ। ਉਨ੍ਹਾਂ ਨੇ ਉਰਦੂ ਅਤੇ ਪੰਜਾਬੀ ਦੇ ਨਾਮਵਰ ਸ਼ਾਇਰਾਂ ਦੇ ਸ਼ਿਅਰਾਂ ਨਾਲ ਮਹਿਫ਼ਿਲ ਲਈ ਅਜਿਹੀ ਭੂਮਿਕਾ ਬੰਨ੍ਹੀ ਕਿ ਮੰਚ ਅਤੇ ਸਰੋਤਿਆਂ ਵਿਚਕਾਰਲੀ ਦੂਰੀ ਜਿਵੇਂ ਮਿਟ ਗਈ। ਉਨ੍ਹਾਂ ਦੀ ਸ਼ਾਇਰਾਨਾ ਤਬੀਅਤ, ਬੋਲਣ ਦਾ ਲਹਿਜ਼ਾ ਅਤੇ ਪੇਸ਼ਕਾਰੀ ਦੀ ਕਲਾ ਨੇ ਸਮੁੱਚੀ ਸ਼ਾਮ ਨੂੰ ਇੱਕ ਵਿਸ਼ੇਸ਼ ਰੰਗ ਬਖ਼ਸ਼ਿਆ।

ਇਸ ਕਾਵਿਕ ਮਹਿਫ਼ਲ ਵਿੱਚ ਨੂਰ ਬੱਲ, ਗੁਰਮੀਤ ਸਿੱਧੂ, ਹਰਦਮ ਮਾਨ, ਮਹਿੰਦਰਪਾਲ ਸਿੰਘ ਪਾਲ, ਬਲਦੇਵ ਸੀਹਰਾ, ਕੁਲਵਿੰਦਰ, ਦਸਮੇਸ਼ ਗਿੱਲ ਫ਼ਿਰੋਜ਼, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਦਵਿੰਦਰ ਗੌਤਮ, ਮਨਜੀਤ ਕੰਗ, ਨਰਿੰਦਰ ਭਾਗੀ, ਡਾ. ਗੁਰਮਿੰਦਰ ਸਿੱਧੂ, ਇੰਦਰਜੀਤ ਸਿੰਘ ਧਾਮੀ, ਅਫ਼ਜ਼ਲ ਬਸ਼ੀਰ ਬਾਜਵਾ, ਭੁਪਿੰਦਰ ਦੂਲੇ, ਕੁਲਵਿੰਦਰ ਖਹਿਰਾ ਅਤੇ ਜਸਵਿੰਦਰ ਨੇ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਗਵਾਈ। ਹਰ ਸ਼ਾਇਰ ਆਪਣੇ ਨਾਲ ਕਾਵਿਕ ਸ਼ਬਦਾਂ ਦਾ ਆਪਣਾ ਸੰਸਾਰ ਲੈ ਕੇ ਮੰਚ 'ਤੇ ਆਇਆ। ਮੁਹੱਬਤ ਦੀ ਰੌਸ਼ਨੀ, ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ, ਸਮਾਜਿਕ ਸਰੋਕਾਰਾਂ ਦੀ ਚਿੰਤਾ, ਮਨੁੱਖੀ ਰਿਸ਼ਤਿਆਂ ਦੀ ਗਰਮਾਹਟ ਅਤੇ ਹੋਰ ਵੱਖ-ਵੱਖ ਰੰਗਾਂ ਨੇ ਮਿਲ ਕੇ ਅਜੋਕੀ ਪੰਜਾਬੀ ਗ਼ਜ਼ਲ ਦਾ ਇੱਕ ਵਿਸ਼ਾਲ ਅਤੇ ਬਹੁ-ਰੰਗਾ ਚਿੱਤਰ ਸਰੋਤਿਆਂ ਸਾਹਮਣੇ ਰੱਖ ਦਿੱਤਾ।

ਕਦੇ ਕੋਈ ਸ਼ਿਅਰ ਹਾਲ ਵਿੱਚ ਖ਼ਾਮੋਸ਼ੀ ਭਰ ਦਿੰਦਾ ਅਤੇ ਕਿਸੇ ਸ਼ਿਅਰ 'ਤੇ ਤਾੜੀਆਂ ਦੀ ਗੂੰਜ ਛੱਤਾਂ ਨੂੰ ਛੂਹਣ ਲੱਗਦੀ ਗੰਭੀਰ ਅਤੇ ਸੰਜੀਦਾ ਸ਼ਾਇਰੀ ਨੂੰ ਮਿਲੀ ਭਰਵੀਂ ਦਾਦ ਇਸ ਗੱਲ ਦੀ ਗਵਾਹ ਬਣੀ ਕਿ ਪੰਜਾਬੀ ਸ਼ਾਇਰੀ ਅੱਜ ਵੀ ਦਿਲਾਂ ਵਿੱਚ ਆਪਣੀ ਡੂੰਘੀ ਥਾਂ ਰੱਖਦੀ ਹੈ। ਇਸ ਸਾਰੀ ਕਾਵਿਕ ਫ਼ਿਜ਼ਾ ਨੂੰ ਆਪਣੀ ਪੇਸ਼ਕਾਰੀ ਨਾਲ ਜੋੜੀ ਰੱਖਣ ਵਾਲੇ ਦਸਮੇਸ਼ ਗਿੱਲ ਫ਼ਿਰੋਜ਼ ਦੀ ਸ਼ਾਇਰਾਨਾ ਤਬੀਅਤ ਨੇ ਵੀ ਸਰੋਤਿਆਂ ਨੂੰ ਖ਼ੂਬ ਮੋਹਿਆ। ਉਨ੍ਹਾਂ ਦਾ ਸੰਚਾਲਨ ਸਿਰਫ਼ ਮੰਚ ਸੰਚਾਲਨ ਹੀ ਨਹੀਂ ਸੀ, ਸਗੋਂ ਖ਼ੁਦ ਸ਼ਾਇਰੀ ਦੀ ਇੱਕ ਲਗਾਤਾਰ ਵਹਿੰਦੀ ਧਾਰਾ ਬਣਿਆ ਰਿਹਾ।

ਅੰਤ ਵਿੱਚ ਗ਼ਜ਼ਲ ਮੰਚ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਗ਼ਜ਼ਲ ਮੰਚ ਦੀ ਸਥਾਪਨਾ, ਇਸ ਦੇ ਉਦੇਸ਼ਾਂ ਅਤੇ ਥੋੜ੍ਹੇ ਸਮੇਂ ਵਿੱਚ ਹਾਸਲ ਕੀਤੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਇਸ ਸ਼ਾਇਰਾਨਾ ਸ਼ਾਮ ਨੂੰ ਭਰਵਾਂ ਹੁੰਗਾਰਾ ਦੇਣ ਵਾਲੇ ਸਾਰੇ ਸਹਿਯੋਗੀਆਂ, ਸ਼ਾਇਰਾਂ ਅਤੇ ਸਰੋਤਿਆਂ ਦਾ ਦਿਲੋਂ ਧੰਨਵਾਦ ਕੀਤਾ। ਜਸਵਿੰਦਰ ਨੇ ਕਿਹਾ ਕਿ ਪੰਜਾਬੀ ਸ਼ਾਇਰੀ ਲਈ ਮਾਣਮੱਤੀ ਹੋ ਨਿੱਬੜੀ ਇਸ ਸ਼ਾਮ ਦਾ ਅਸਲ ਸਿਹਰਾ ਕਵਿਤਾ ਦੇ ਕਦਰਦਾਨ ਸਰੋਤਿਆਂ ਦੇ ਸਿਰ ਬੱਝਦਾ ਹੈ। ਗ਼ਜ਼ਲ ਦੇ ਪ੍ਰੇਮੀਆਂ ਵੱਲੋਂ ਮਿਲਿਆ ਇਹ ਪਿਆਰ ਅਤੇ ਸਤਿਕਾਰ ਸ਼ਾਇਰਾਂ ਦੀ ਕਾਵਿ-ਉਡਾਰੀ ਲਈ ਨਵਾਂ ਹੌਸਲਾ ਬਣੇਗਾ ਅਤੇ ਸ਼ਾਇਰੀ ਦੀ ਇਹ ਰੌਸ਼ਨੀ ਹੋਰ ਦੂਰ ਤੱਕ ਫੈਲੇਗੀ। ਉਨ੍ਹਾਂ ਕਿਹਾ ਕਿ ਸ਼ਬਦਾਂ, ਸੁਰਾਂ, ਮੁਹੱਬਤ ਅਤੇ ਸਰੋਤਿਆਂ ਦੀ ਸਾਂਝ ਨਾਲ ਸਜੀ ਇਹ ਸ਼ਾਮ ਅਜਿਹੀ ਯਾਦ ਬਣ ਗਈ, ਜਿਸ ਦੀ ਮਹਿਕ ਦੇਰ ਤੱਕ ਕਾਵਿ ਪ੍ਰੇਮੀਆਂ ਦੇ ਦਿਲਾਂ ਵਿੱਚ ਵੱਸਦੀ ਰਹੇਗੀ। ਇਸ ਮੌਕੇ ਗ਼ਜ਼ਲ ਮੰਚ ਵੱਲੋਂ ਮਹਿਮਾਨ ਸ਼ਾਇਰਾਂ ਅਤੇ ਸਹਿਯੋਗੀਆਂ ਨੂੰ ਯਾਦਗਾਰੀ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ।

ਹਰਦਮ ਮਾਨ

ਸਪੈਸ਼ਲ ਰਿਪੋਰਟਰ, ਬੀ.ਸੀ., ਕੈਨੇਡਾ

ਕੌਂਸਲਰ ਉਮੀਦਵਾਰ ਰਿੱਕੀ ਬਾਜਵਾ ਨੇ ਟੈਕਸ, ਸੜਕਾਂ, ਸੁਰੱਖਿਆ ਅਤੇ ਸਹੂਲਤਾਂ ਨੂੰ ਸ਼ਹਿਰ ਦੇ ਮੁੱਖ ਮੁੱਦੇ ਦੱਸਿਆ

ਸਰੀ, (ਹਰਦਮ ਮਾਨ)- ਸਰੀ ਸਿਟੀ ਦੀਆਂ ਆ ਰਹੀਆਂ ਚੋਣਾਂ ਵਿੱਚ ਕੰਸਰਵੇਟਿਵ ਪਾਰਟੀ ਆਫ ਸਰੀ ਵੱਲੋਂ ਕੌਂਸਲਰ ਦੇ ਅਹੁਦੇ ਲਈ ਉਮੀਦਵਾਰ ਰਿੱਕੀ ਬਾਜਵਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ਼ਹਿਰ ਦੇ ਵਸਨੀਕਾਂ ਵੱਲੋਂ ਦਰਪੇਸ਼ ਮੁੱਖ ਸਮੱਸਿਆਵਾਂ ਦਾ ਜ਼ਿਕਰ ਕਰਦਿਆਂ ਪ੍ਰਾਪਰਟੀ ਟੈਕਸ, ਸੜਕਾਂ ਦੀ ਹਾਲਤ, ਟਰੈਫਿਕ, ਯੂਥ ਪ੍ਰੋਗਰਾਮਾਂ ਅਤੇ ਕਾਨੂੰਨ-ਵਿਵਸਥਾ ਨੂੰ ਅਹਿਮ ਮੁੱਦੇ ਦੱਸਿਆ।



ਰਿੱਕੀ ਬਾਜਵਾ

ਸ. ਬਾਜਵਾ ਨੇ ਕਿਹਾ ਕਿ ਸ਼ਹਿਰ ਵਿੱਚ ਚੱਲ ਰਹੇ ਰੋਡ ਕੰਸਟਰਕਸ਼ਨ ਕਾਰਨ ਖਾਸ ਕਰਕੇ ਸਕੂਲ ਅਤੇ ਕੰਮ 'ਤੇ ਜਾਣ ਵਾਲੇ ਲੋਕਾਂ ਨੂੰ ਟਰੈਫਿਕ ਜਾਮ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਦਾ ਕਾਫ਼ੀ ਸਮਾਂ ਬਰਬਾਦ ਹੁੰਦਾ ਹੈ। ਉਨ੍ਹਾਂ ਅਨੁਸਾਰ ਪ੍ਰਾਪਰਟੀ ਦੀਆਂ ਕੀਮਤਾਂ ਵਿੱਚ ਆਈ ਕਮੀ ਦੇ ਬਾਵਜੂਦ ਪ੍ਰਾਪਰਟੀ ਟੈਕਸ ਵਧਣ ਕਾਰਨ ਘਰਾਂ ਦੇ ਮਾਲਕਾਂ ਅਤੇ ਖਾਸ ਕਰਕੇ ਕਮਰਸ਼ੀਅਲ ਤੇ ਰਿਟੇਲ ਕਾਰੋਬਾਰਾਂ 'ਤੇ ਵਿੱਤੀ ਬੋਝ ਵਧਿਆ ਹੈ।

ਯੂਥ ਲਈ ਸਹੂਲਤਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਮਾਪਿਆਂ ਵੱਲੋਂ ਬੱਚਿਆਂ ਲਈ ਖੇਡਾਂ ਅਤੇ ਹੋਰ ਗਤੀਵਿਧੀਆਂ ਨਾਲ ਸਬੰਧਤ ਪ੍ਰੋਗਰਾਮਾਂ ਦੀ ਘਾਟ ਬਾਰੇ ਚਿੰਤਾ ਜ਼ਾਹਰ ਕੀਤੀ ਜਾ ਰਹੀ ਹੈ। ਉਨ੍ਹਾਂ ਰਿਕ ਸੈਂਟਰਾਂ ਵਿੱਚ ਸਵਿਮਿੰਗ ਸਮੇਤ ਹੋਰ ਸਹੂਲਤਾਂ ਅਤੇ ਨਵੇਂ ਰਿਕ ਸੈਂਟਰਾਂ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਰਿੱਕੀ ਬਾਜਵਾ ਨੇ ਸਰੀ ਵਿੱਚ ਐਕਸਟੌਰਸ਼ਨ ਅਤੇ ਗੈਂਗ ਹਿੰਸਾ ਦੇ ਮਾਮਲਿਆਂ ਨੂੰ ਵੀ ਗੰਭੀਰ ਮੁੱਦਾ ਦੱਸਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਟੀਮ ਨੇ ਇਸ ਸਮੱਸਿਆ ਵਿਰੁੱਧ ਪਹਿਲਾਂ ਵੀ ਆਵਾਜ਼ ਉਠਾਈ ਅਤੇ ਪ੍ਰਦਰਸ਼ਨ ਕੀਤੇ ਹਨ। ਉਨ੍ਹਾਂ ਦੇ ਅਨੁਸਾਰ, ਜੇਕਰ ਉਨ੍ਹਾਂ ਦੀ ਟੀਮ ਚੋਣ ਜਿੱਤ ਕੇ ਕੌਂਸਲ ਵਿੱਚ ਆਉਂਦੀ ਹੈ ਤਾਂ ਸਿਟੀ ਪੱਧਰ 'ਤੇ 600 ਪੁਲਿਸ ਅਫਸਰਾਂ ਦੀ ਭਰਤੀ ਕਰਨ ਦੀ ਯੋਜਨਾ ਹੈ।

ਆਪਣੀ ਚੋਣ ਮੁਹਿੰਮ ਦੀਆਂ ਤਜਵੀਜ਼ਾਂ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਟੀਮ ਪਹਿਲੇ ਸਾਲ ਪ੍ਰਾਪਰਟੀ ਟੈਕਸ ਵਿੱਚ 600 ਡਾਲਰ ਦੀ ਕਮੀ ਅਤੇ ਅਗਲੇ ਚਾਰ ਸਾਲਾਂ ਲਈ ਪ੍ਰਾਪਰਟੀ ਟੈਕਸ ਵਿੱਚ ਵਾਧਾ ਨਾ ਕਰਨ ਦੀ ਨੀਤੀ ਲਿਆਉਣ ਦਾ ਵਾਅਦਾ ਕਰ ਰਹੀ ਹੈ। ਉਨ੍ਹਾਂ ਕਮਰਸ਼ੀਅਲ ਅਤੇ ਰਿਟੇਲ ਪ੍ਰਾਪਰਟੀ ਟੈਕਸ ਨੂੰ ਵੀ ਚਾਰ ਸਾਲਾਂ ਲਈ ਸਥਿਰ ਰੱਖਣ ਦੀ ਗੱਲ ਕਹੀ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਟੀਮ ਵੱਲੋਂ 'ਕਨੈਕਸ਼ਨ ਹੱਬ' ਬਣਾਉਣ ਦੀ ਤਜਵੀਜ਼ ਹੈ, ਜਿਸ ਤਹਿਤ ਸਰੀ ਨੂੰ ਅੱਠ ਹਿੱਸਿਆਂ ਵਿੱਚ ਵੰਡ ਕੇ ਕੌਂਸਲ ਮੈਂਬਰਾਂ ਅਤੇ ਸਿਟੀ ਸਟਾਫ਼ ਰਾਹੀਂ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਉਨ੍ਹਾਂ ਦੇ ਹੱਲ ਲਈ ਸਿੱਧੀ ਪਹੁੰਚ ਮੁਹੱਈਆ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਯੂਥ ਲਈ ਸਪੋਰਟਸ ਅਤੇ ਸਕਾਲਰਸ਼ਿਪ ਪ੍ਰੋਗਰਾਮ ਸ਼ੁਰੂ ਕਰਨ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੇ ਬੱਚਿਆਂ ਨੂੰ ਕੋਚਿੰਗ ਮੁਹੱਈਆ ਕਰਵਾਉਣ ਦੀ ਯੋਜਨਾ ਵੀ ਉਨ੍ਹਾਂ ਨੇ ਸਾਂਝੀ ਕੀਤੀ।

ਹਰਦਮ ਮਾਨ

ਸਪੈਸ਼ਲ ਰਿਪੋਰਟਰ, ਬੀ.ਸੀ., ਕੈਨੇਡਾ

ਅੰਤਰਰਾਸ਼ਟਰੀ ਫ਼ੋਰਮ ਯੂ.ਐੱਸ.ਏ. ਵੱਲੋਂ ਡਾ. ਐੱਸ.ਪੀ. ਸਿੰਘ ਓਬਰਾਏ ਦਾ ਵਿਸ਼ੇਸ਼ ਸਨਮਾਨ

ਮੈਰੀਲੈਂਡ: (ਬਲਵਿੰਦਰ ਬਾਲਮ) ਅੰਤਰਰਾਸ਼ਟਰੀ ਫ਼ੋਰਮ ਯੂਐੱਸਏ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਡਾਇਰੈਕਟਰ ਅਤੇ ਉੱਘੇ ਸਮਾਜ ਸੇਵੀ ਡਾ. ਐੱਸ.ਪੀ. ਸਿੰਘ ਓਬਰਾਏ ਨੂੰ ਸਿੱਖਿਆ, ਸਿਹਤ, ਮਨੁੱਖੀ ਸੇਵਾ ਅਤੇ ਸਮਾਜ ਭਲਾਈ ਦੇ ਖੇਤਰਾਂ ਵਿੱਚ ਪਾਏ ਜਾ ਰਹੇ ਵਡਮੁੱਲੇ ਯੋਗਦਾਨ ਲਈ ਵਿਸ਼ੇਸ਼ ਸਨਮਾਨ ਪੱਤਰ ਭੇਟ ਕੀਤਾ ਗਿਆ।



ਸ਼੍ਰੋਮਣੀ ਅਕਾਲੀ ਦਲ ਦੇ ਵਫ਼ਦ ਨੇ ਸਾਬਕਾ ਪ੍ਰਧਾਨ ਸਤਪਾਲ ਸਿੰਘ ਬਰਾੜ ਦੀ ਅਗਵਾਈ ਹੇਠ ਡਾ. ਓਬਰਾਏ ਦਾ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਨਿੱਘਾ ਸਵਾਗਤ ਕੀਤਾ। ਸਤਪਾਲ ਸਿੰਘ ਬਰਾੜ ਨੇ ਡਾ. ਓਬਰਾਏ ਵੱਲੋਂ ਜਾਤ-ਪਾਤ, ਧਰਮ ਅਤੇ ਕੌਮੀਅਤ ਤੋਂ ਉੱਪਰ ਉੱਠ ਕੇ ਕੀਤੀ ਜਾ ਰਹੀ ਮਨੁੱਖਤਾ ਦੀ ਸੇਵਾ ਦੀ ਭਰਪੂਰ ਸ਼ਲਾਘਾ ਕੀਤੀ।

ਮੈਰੀਲੈਂਡ ਸਟੇਟ ਦੇ ਕਮਿਸ਼ਨਰ ਅਮਰਜੀਤ ਸਿੰਘ ਸੰਧੂ ਨੇ ਵੀ ਡਾ. ਓਬਰਾਏ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਜੀ ਆਇਆਂ ਆਖਿਆ। ਵਰਲਡ ਯੂਨਾਈਟਿਡ ਗੁਰੂ ਨਾਨਕ ਫਾਊਂਡੇਸ਼ਨ ਦੇ ਚੇਅਰਮੈਨ ਅਮਰ ਸਿੰਘ ਮੱਲ੍ਹੀ ਨੇ ਉਨ੍ਹਾਂ ਦਾ ਸਵਾਗਤ ਕਰਦਿਆਂ ਮਨੁੱਖਤਾ ਪ੍ਰਤੀ ਨਿਭਾਈਆਂ ਜਾ ਰਹੀਆਂ ਨਿਰਸਵਾਰਥ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਕੁਲਦੀਪ ਸਿੰਘ ਮੱਲ੍ਹਾ, ਪ੍ਰਤਾਪ ਸਿੰਘ ਗਿੱਲ, ਗੁਰਚਰਨ ਸਿੰਘ ਗੁਰੂ, ਬੀ.ਐੱਸ. ਰੰਧਾਵਾ, ਲਖਬੀਰ ਸਿੰਘ ਤੱਖਰ ਅਤੇ ਨਿਰਪਜੀਤ ਸਿੰਘ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਓਬਰਾਏ ਨੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਿੱਖਿਆ, ਸਿਹਤ ਸੇਵਾਵਾਂ ਅਤੇ ਨੌਜਵਾਨਾਂ ਨੂੰ ਪ੍ਰਸ਼ਾਸਨਿਕ ਸੇਵਾਵਾਂ ਲਈ ਤਿਆਰ ਕਰਨ ਵਾਸਤੇ ਚਲਾਈ ਜਾ ਰਹੀ ਸਿਵਲ ਸਰਵਿਸਿਜ਼ ਅਕੈਡਮੀ ਦੇ ਪ੍ਰੋਜੈਕਟਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਲੋਕ-ਭਲਾਈ ਪ੍ਰੋਜੈਕਟਾਂ ਰਾਹੀਂ ਅਗਲੇ ਦਸ ਸਾਲਾਂ ਵਿੱਚ ਪੰਜਾਬ ਦੇ ਨੌਜਵਾਨਾਂ ਨੂੰ ਸਮਰੱਥ ਬਣਾਉਣ, ਬੁਨਿਆਦੀ ਸੇਵਾਵਾਂ ਨੂੰ ਮਜ਼ਬੂਤ ਕਰਨ ਅਤੇ ਪੰਜਾਬ ਨੂੰ ਸਮਾਜਿਕ ਤੇ ਆਰਥਿਕ ਪੱਖੋਂ ਮਜ਼ਬੂਤ ਲੀਹਾਂ ਉੱਤੇ ਲਿਆਉਣ ਦੀ ਯੋਜਨਾ ਹੈ।

ਡਾ. ਓਬਰਾਏ ਨੇ ਸਨਮਾਨ, ਪਿਆਰ ਅਤੇ ਨਿੱਘੀ ਮੇਜ਼ਬਾਨੀ ਲਈ ਅੰਤਰਰਾਸ਼ਟਰੀ ਫ਼ੋਰਮ ਯੂਐੱਸਏ ਅਤੇ ਸਮੂਹ ਪਤਵੰਤਿਆਂ ਦਾ ਧੰਨਵਾਦ ਕੀਤਾ। ਡਾ. ਓਬਰਾਏ ਦੇ ਸਨਮਾਨ ਵਿੱਚ ਅੰਤਰਰਾਸ਼ਟਰੀ ਫ਼ੋਰਮ ਯੂਐੱਸਏ ਦੇ ਚੇਅਰਮੈਨ ਡਾ. ਸੁਰਿੰਦਰ ਸਿੰਘ ਗਿੱਲ ਵੱਲੋਂ ਸ਼ਾਨਦਾਰ ਦੁਪਹਿਰ ਦੇ ਭੋਜਨ ਦਾ ਪ੍ਰਬੰਧ ਕੀਤਾ ਗਿਆ। ਸਮਾਗਮ ਦੀ ਮੀਡੀਆ ਕਵਰੇਜ ਜਸ਼ਨ ਸਿੰਘ ਅਤੇ ਸਿਰਮੁਖ ਸਿੰਘ ਮਾਣਕ ਵੱਲੋਂ ਕੀਤੀ ਗਈ।

ਸਮਾਗਮ ਦੀ ਸਮਾਪਤੀ ਮੌਕੇ ਹਾਜ਼ਰ ਆਗੂਆਂ ਨੇ ਡਾ. ਓਬਰਾਏ ਦੇ ਦੂਰਅੰਦੇਸ਼ੀ ਮਿਸ਼ਨ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੀਆਂ ਸੇਵਾਵਾਂ ਨੂੰ ਦਇਆ, ਨਿਰਸਵਾਰਥ ਸੇਵਾ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਪ੍ਰੇਰਨਾਦਾਇਕ ਮਿਸਾਲ ਦੱਸਿਆ।

ਬਲਵਿੰਦਰ ਬਾਲਮ

ਰੌਣਕਾਂ ਭਰਪੂਰ ਰਿਹਾ ਐਡਮਿੰਟਨ ਦਾ ਮੇਲਾ ਪੰਜਾਬਣਾਂ ਦਾ

ਐਡਮਿੰਟਨ (ਕਨੇਡਾ)- ਐਡਮਿੰਟਨ ਸ਼ਹਿਰ ਚ ਬੀਤੇ ਦਿਨੀ ਪੰਜਾਬ ਯੂਨਾਈਟਡ ਕਲਚਰ ਕਲੱਬ ਵੱਲੋਂ ਵਾਲੀਬਾਲ ਸ਼ੂਟਿੰਗ ਸਮੈਸਿੰਗ ਮੇਲਾ ਪੰਜਾਬਣਾਂ ਦਾ ਮੈਡੋਜ ਰੈਕ ਸੈਂਟਰ 17 ਸਟਰੀਟ ਬਾਹਰ ਗਰਾਊਂਡ ਵਿਖੇ ਧੂਮ ਧਾਮ ਨਾਲ ਕਰਵਾਇਆ ਗਿਆ। ਇਸ ਮੇਲੇ ਵਿੱਚ ਸੀਪ ਟੂਰਨਾਮੈਂਟ, ਰੱਸਾਕਸ਼ੀ, ਬੱਚਿਆਂ ਦੀਆਂ ਦੌੜਾਂ, ਲੇਡੀਜ਼ ਮਿਊਜੀਕਲ ਚੇਅਰਜ਼, ਪੰਜਾਬੀ ਮੁਟਿਆਰਾਂ ਮੁਕਾਬਲੇ, ਪਹਿਰਾਵਾ ਮੁਕਾਬਲੇ ਵੀ ਕਰਵਾਏ ਗਏ। ਇਸ ਮੇਲੇ ਵਿੱਚ ਮੁਫਤ ਪ੍ਰਵੇਸ਼ ਅਤੇ ਮੁਫਤ ਭੋਜਨ ਪਦਾਰਥਾਂ ਦੀ ਵਧੀਆ ਵਿਵਸਥਾ ਸੀ। ਦੌੜਾਂ ਤੇ ਹੋਰ ਖੇਡ ਕਿਰਿਆਵਾਂ ਵਿੱਚ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਜੇਤੂ ਰਹਿਣ ਵਾਲੇ ਸੁਖਬੀਰ, ਹਰਪ੍ਰੀਤ, ਗੁਰਵੀਰ, ਅਤੇ ਨਰਿੰਦਰ ਕੌਰ, ਸਵਰਨਜੀਤ ਕੌਰ, ਸੁਰਿੰਦਰ ਕੌਰ ਅਤੇ ਡੇਵਿਡ ਸਿੱਧੂ, ਪ੍ਰਭ ਸਿਮਰਨ, ਤੇਜਿੰਦਰ ਸਿੰਘ ਅਤੇ ਹਰਵਿੰਦਰ ਰਾਣਾ, ਪ੍ਰੇਮ ਫੌਜੀ ਅਤੇ ਤਜਿੰਦਰ ਸਿੰਘ, ਗੁਰਦੀਪ. ਚਰਨਜੀਤ ਅਤੇ ਸ਼ੁਭਪ੍ਰੀਤ, ਅਵਨੀਤ, ਗੁਰਨੂਰ ਤੇ ਅਮਰੀਤ ਮਨਵੀਰ ਐਸ਼ਮਨ ਅਤੇ ਸ਼ਾਬੀ ਜੋਤ, ਮੰਨਣ ਕਰਨਵੀਰ ਅਤੇ ਅਨਮੋਲ ਰਣਵੀਰ, ਨਵਰਾਜ ਤੇ ਰਮਨਦੀਪ, ਜਸਪ੍ਰੀਤ, ਰਾਜਵਿੰਦਰ ਅਤੇ ਦਰਸ਼ਨ ਸਿੰਘ ਢਿੱਲੋਂ, ਕਾਲੀ ਸੰਧੂ, ਸੁਰਿੰਦਰ, ਅਠਵਾਲ ਅਤੇ ਸੰਜੀਵ ਧੋਗੜੀ, ਸੁਖਬੀਰ ਸਿੰਘ ਅਤੇ ਸਬਰ ਬੀਰ, ਨਵਰੀਤ, ਉਦੇ ਸਿੰਘ ਸ਼ੀਨਾ ਅਤੇ ਕਬੀਰ ਅਵਰਾਜ, ਗੁਣਤਾਸ ਅਤੇ ਇਕਾਂਤ, ਯੋਧ ਸ਼ਾਹਬਤ ਅਤੇ ਸਮਰਪ੍ਰੀਤ, ਸਹਜ ਪ੍ਰੀਤ, ਰਣਵੀਰ ਸਿੰਘ ਰਹੇ। ਤਾਸ਼ ਮੁਕਾਬਲੇ ਵਿੱਚ ਪਹਿਲਾ ਸਥਾਨ ਕੁਲਵਿੰਦਰ ਸਿੱਧੂ ਤੇ ਚਰਨਾ ਵਾਇਰਿੰਗ, ਦੂਸਰਾ ਸਥਾਨ ਲਾਡੀ ਸੂਰਮਾ ਤੇ ਪ੍ਰੇਮ ਬਾਵਾ, ਤੀਸਰਾ ਸਥਾਨ ਸਰਬਜੀਤ ਗਰੇਵਾਲ ਅਤੇ ਅਵਤਾਰ ਰਾਏ ਨੇ ਹਾਸਿਲ ਕੀਤਾ। ਮੇਲਾ ਮੁਟਿਆਰਾਂ ਦਾ ਵਿੱਚ ਮਨੋਰੰਜਿਤ ਤੇ ਬਾਜ਼ਾਰ ਕਿਰਿਆਵਾਂ ਵਿੱਚ ਸਥਾਨਕ ਪੰਜਾਬੀ ਭਾਈਚਾਰੇ ਦੀਆਂ ਔਰਤਾਂ ਨੇ ਪੁਰਾਣੀਆਂ ਤੇ ਨਵੀਆਂ ਬੋਲੀਆਂ ਪਾ ਕੇ ਗਿੱਧੇ ਸੱਭਿਆਚਾਰ ਆਪਣੇ ਪੰਜਾਬੀ ਵਿਰਸੇ ਨਾਲ ਜੋੜਨ ਦਾ ਸੁਚੱਜਾ ਉਪਰਾਲਾ ਕੀਤਾ। ਮੁਟਿਆਰਾਂ ਨੂੰ ਵੇਖ ਕੇ ਇੰਝ ਪ੍ਰਤੀਤ ਹੋ ਰਿਹਾ





ਸੀ ਜਿਵੇਂ ਸਾਰੇ ਪੰਜਾਬ ਦਾ ਗਿੱਧਾ ਇਥੇ ਉੱਤਰ ਆਇਆ ਹੋਵੇ। ਜੇਤੂ ਖਿਡਾਰੀਆਂ ਤੇ ਉਦਮੀਆਂ ਨੂੰ ਸਿੱਧੂ, ਕਰਮਜੀਤ ਸਿੰਘ ਗਿੱਲ, ਕਮਲਜੀਤ ਕੌਰ ਸੰਧੂ ਨੇ ਮੇਲੇ ਦੇ ਵਧੀਆ ਪ੍ਰਬੰਧ ਨੂੰ ਚਾਰ ਚੰਨ ਲਗਾ ਰਿਆੜ, ਕਰਨੈਲ ਸਿੰਘ, ਸਤਨਾਮ ਸਿੰਘ, ਕਾਰਜ ਸਿੰਘ, ਅਜੀਤ ਸਿੰਘ ਖੰਗੂੜਾ, ਪੁਰਦਮਨ ਸਿੰਘ,





ਟਰੌਫੀਆਂ ਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਦਿਨ ਯਾਦਗਾਰੀ ਮੇਲਾ ਹੋ ਨਿਬੜਿਆ। ਇਸ ਮੇਲੇ ਦੇ ਸੂਤਰਧਾਰ ਪ੍ਰਬੰਧਕ ਜੰਗ ਪਹਿਲਵਾਨ, ਚਰਨਜੀਤ ਸਿੰਘ ਤੇ ਗੁਰਿੰਦਰ ਸਿੰਘ ਸਿੱਧੂ, ਸਰਬਜੀਤ ਸਿੰਘ ਸਿੱਧੂ, ਕੁਲਵਿੰਦਰ ਸਿੰਘ ਦਿੱਤੇ। ਇਸ ਮੌਕੇ ਤੇ ਲੇਖਕਾਂ, ਬੁੱਧੀਜੀਵੀਆਂ ਤੇ ਪੱਤਰਕਾਰਾਂ ਨੇ ਵੀ ਸ਼ਮੂਲੀਅਤ ਕੀਤੀ। ਵਿਸ਼ੇਸ਼ ਤੌਰ ਤੇ ਮਨਜੀਤ ਸਿੰਘ ਫੇਰੂਮਾਨ, ਨਰਿੰਦਰ ਸਿੰਘ ਲੁਬਾਣਾ। ਦਲਬੀਰ ਸਿੰਘ ਰਿਆੜ, ਪਾਰਸ ਮਹੀਨੀਆਂ, ਸੁਖਦੇਵ ਸਿੰਘ, ਤਜਿੰਦਰ ਪਾਲ ਸਿੰਘ ਦਰਸ਼ਨ ਸਿੰਘ ਬਰਾੜ ਨੇ ਸ਼ਿਰਕਤ ਕੀਤੀ। ਮੰਚ ਸੰਚਾਲਨ ਦੇ ਫਰਜ਼ ਕਮਲਜੀਤ ਸਿੰਘ ਨੇ ਨਿਭਾਏ।

ਬਲਵਿੰਦਰ ਬਾਲਮ

ਐਡਮਿੰਟਨ ਕਨੇਡਾ

ਪ੍ਰੀਟੀ ਢਿੱਲੋਂ : ਕੈਨੇਡਾ ਤੋਂ ਪੰਜਾਬ ਤੱਕ ਦਾ ਸ਼ਾਨਦਾਰ ਸਫ਼ਰ

ਪੰਜਾਬੀ ਮਾਂ-ਬੋਲੀ ਅਤੇ ਪੰਜਾਬੀ ਸਭਿਆਚਾਰ ਦੀ ਖੁਸ਼ਬੂ ਭਾਵੇਂ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਜਾਓ, ਹਰ ਪੰਜਾਬੀ ਦੇ ਦਿਲ ਵਿਚ ਵੱਸੀ ਰਹਿੰਦੀ ਹੈ। ਅਜਿਹੀ ਹੀ ਇੱਕ ਸ਼ਖ਼ਸੀਅਤ ਹੈ ਪ੍ਰੀਟੀ ਢਿੱਲੋਂ, ਜਿਸ ਨੇ ਕੈਨੇਡਾ ਦੀ ਧਰਤੀ ਉੱਤੇ ਜਨਮ ਲੈ ਕੇ ਵੀ ਆਪਣੀਆਂ ਜੜ੍ਹਾਂ ਨੂੰ ਕਦੇ ਨਹੀਂ ਭੁੱਲਿਆ ਅਤੇ ਪੰਜਾਬੀਅਤ ਦੀ ਲਾਟ ਨੂੰ ਸਦਾ ਬਲਦੀ ਰੱਖਿਆ।



ਕੈਨੇਡਾ ਦੀ ਧਰਤੀ ਤੋਂ ਉੱਠਿਆ ਪੰਜਾਬੀ ਸਿਤਾਰਾ

ਵੈਨਕੂਵਰ, ਕੈਨੇਡਾ ਵਿਚ ਜੰਮੀ ਅਤੇ ਪਲੀ ਪ੍ਰੀਟੀ ਢਿੱਲੋਂ ਨੇ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਤੋਂ ਹੀ ਕੁਝ ਵੱਖਰਾ ਅਤੇ ਵਿਲੱਖਣ ਕਰਨ ਦੇ ਸੁਪਨੇ ਸਜਾਏ ਸਨ। ਪੱਛਮੀ ਦੇਸ਼ ਵਿਚ ਵੱਡੇ ਹੋਣ ਦੇ ਬਾਵਜੂਦ ਉਸ ਨੇ ਆਪਣੇ ਪੰਜਾਬੀ ਵਿਰਸੇ ਨਾਲ ਡੂੰਘਾ ਨਾਤਾ ਕਾਇਮ ਰੱਖਿਆ। ਉਸ ਦੀਆਂ ਅੱਖਾਂ ਵਿਚ ਇੱਕ ਵੱਖਰੀ ਚਮਕ ਅਤੇ ਚਿਹਰੇ ਉੱਤੇ ਇੱਕ ਅਜਿਹਾ ਨੂਰ ਹੈ ਜੋ ਕਿਸੇ ਨੂੰ ਵੀ ਆਪਣੇ ਵੱਲ ਖਿੱਚ ਲੈਂਦਾ ਹੈ। ਇਹੀ ਖਿੱਚ ਅਤੇ ਇਹੀ ਪ੍ਰਤਿਭਾ ਉਸ ਨੂੰ ਫੈਸ਼ਨ ਦੀ ਦੁਨੀਆ ਵੱਲ ਲੈ ਗਈ।

ਫੈਸ਼ਨ ਅਤੇ ਮਾਡਲਿੰਗ ਦੀ ਦੁਨੀਆ ਵਿਚ ਕਦਮ

ਪ੍ਰੀਟੀ ਢਿੱਲੋਂ ਨੇ ਕੈਨੇਡਾ ਦੀ ਫੈਸ਼ਨ ਇੰਡਸਟਰੀ ਵਿਚ ਪੈਰ ਰੱਖਿਆ ਅਤੇ ਬਹੁਤ ਹੀ ਘੱਟ ਸਮੇਂ ਵਿਚ ਆਪਣੀ ਵੱਖਰੀ ਪਛਾਣ ਬਣਾ ਲਈ। ਫੈਸ਼ਨ ਸ਼ੋਆਂ ਵਿਚ ਉਸ ਦੀ ਭਾਗੀਦਾਰੀ ਨੇ ਉਸ ਨੂੰ ਇੱਕ ਵੱਖਰਾ ਮੁਕਾਮ ਦਿਵਾਇਆ। ਉਸ ਦੀ ਸੁੰਦਰਤਾ, ਸ਼ਖ਼ਸੀਅਤ ਅਤੇ ਆਤਮਵਿਸ਼ਵਾਸ ਨੇ ਸੁੰਦਰਤਾ ਮੁਕਾਬਲਿਆਂ ਵਿਚ ਵੱਡੇ-ਵੱਡੇ ਇਨਾਮ ਜਿੱਤਣ ਵਿਚ ਅਹਿਮ ਭੂਮਿਕਾ ਨਿਭਾਈ। ਮਾਡਲਿੰਗ ਦੇ ਖੇਤਰ ਵਿਚ ਉਸ ਨੇ ਜੋ ਨਾਮਣਾ ਖੱਟਿਆ, ਉਸ ਨੇ ਸਾਬਤ ਕੀਤਾ ਕਿ ਪੰਜਾਬਣ ਕੁੜੀਆਂ ਦੁਨੀਆ ਦੇ ਕਿਸੇ ਵੀ ਮੰਚ ਉੱਤੇ ਆਪਣਾ ਲੋਹਾ ਮਨਵਾਉਣ ਦੇ ਸਮਰੱਥ ਹਨ।

ਇਸ ਤੋਂ ਇਲਾਵਾ ਪ੍ਰੀਟੀ ਢਿੱਲੋਂ ਨੇ ਅਨੇਕਾਂ ਪੰਜਾਬੀ ਗੀਤਾਂ ਦੀਆਂ ਵੀਡੀਓਜ਼ ਵਿਚ ਮਾਡਲਿੰਗ ਕੀਤੀ ਅਤੇ ਆਪਣੀ ਅਦਾਕਾਰੀ ਨਾਲ ਲੱਖਾਂ ਦਰਸ਼ਕਾਂ ਦੇ ਦਿਲਾਂ ਉੱਤੇ ਰਾਜ ਕੀਤਾ। ਪੰਜਾਬੀ ਸੰਗੀਤ ਜਗਤ ਵਿਚ ਉਸ ਦੀ ਮੌਜੂਦਗੀ ਨੇ ਉਸ ਨੂੰ ਪੰਜਾਬੀ ਦਰਸ਼ਕਾਂ ਦੇ ਦਿਲਾਂ ਦੀ ਧੜਕਣ ਬਣਾ ਦਿੱਤਾ।

'ਦੋ ਪਲ ਵਿਦ ਪ੍ਰੀਟੀ': ਪੰਜਾਬੀਅਤ ਦਾ ਨਵਾਂ ਦਰਵਾਜ਼ਾ

ਪ੍ਰੀਟੀ ਢਿੱਲੋਂ ਦੀ ਸ਼ਖ਼ਸੀਅਤ ਦਾ ਸਭ ਤੋਂ ਚਮਕਦਾ ਪਹਿਲੂ ਇਹ ਹੈ ਕਿ ਉਸ ਨੇ ਕੈਨੇਡਾ ਵਰਗੇ ਵਿਕਸਤ ਦੇਸ਼ ਦੀ ਆਰਾਮਦਾਇਕ ਜ਼ਿੰਦਗੀ ਛੱਡ ਕੇ ਆਪਣੀ ਜੱਦੀ ਧਰਤੀ ਪੰਜਾਬ ਵੱਲ ਮੂੰਹ ਕੀਤਾ। ਪੰਜਾਬੀ ਸਭਿਆਚਾਰ ਨੂੰ ਹੋਰ ਉੱਚਾ ਚੁੱਕਣ ਅਤੇ ਪ੍ਰਫੁੱਲਿਤ ਕਰਨ ਲਈ ਉਸ ਨੇ ਚੰਡੀਗੜ੍ਹ ਵਿਖੇ 'ਦੋ ਪਲ ਵਿਦ ਪ੍ਰੀਟੀ' ਨਾਮੀ ਲਾਈਵ ਸ਼ੋਅ ਦੀ ਸ਼ੁਰੂਆਤ ਕੀਤੀ।

ਇਹ ਸ਼ੋਅ ਕੇਵਲ ਇੱਕ ਮਨੋਰੰਜਨ ਪ੍ਰੋਗਰਾਮ ਨਹੀਂ, ਬਲਕਿ ਪੰਜਾਬੀ ਕਲਾ, ਸੱਭਿਆਚਾਰ ਅਤੇ ਭਾਵਨਾਵਾਂ ਦਾ ਇੱਕ ਜ਼ਿੰਦਾ ਦਸਤਾਵੇਜ਼ ਹੈ।

ਇਸ ਸ਼ੋਅ ਵਿਚ ਪੰਜਾਬੀ ਫਿਲਮ ਜਗਤ ਦੇ ਨਾਮੀ ਅਦਾਕਾਰਾਂ ਤੋਂ ਇਲਾਵਾ ਸੰਗੀਤਕਾਰਾਂ, ਕਵੀਆਂ ਅਤੇ ਹੋਰ ਕਲਾਕਾਰਾਂ ਨਾਲ ਖੁੱਲ੍ਹੀਆਂ ਅਤੇ ਦਿਲਚਸਪ ਗੱਲਾਂਬਾਤਾਂ ਕੀਤੀਆਂ ਜਾਂਦੀਆਂ ਹਨ। ਪ੍ਰੀਟੀ ਨੇ ਇਸ ਸ਼ੋਅ ਦਾ ਬਹੁਤ ਹੀ ਸ਼ਾਨਦਾਰ ਸੈੱਟ ਤਿਆਰ ਕੀਤਾ ਹੈ ਜੋ ਦਰਸ਼ਕਾਂ ਦੀਆਂ ਅੱਖਾਂ ਨੂੰ ਖੁਸ਼ੀ ਦਿੰਦਾ ਹੈ। ਸ਼ੋਅ ਵਿਚ ਕਮੇਡੀ ਦੀ ਮਿਲਾਵਟ ਨੇ ਇਸ ਨੂੰ ਹੋਰ ਵੀ ਰੌਚਕ ਅਤੇ ਦਿਲਕਸ਼ ਬਣਾ ਦਿੱਤਾ ਹੈ। ਹਾਸੇ-ਖੇੜੇ ਨਾਲ ਭਰਪੂਰ ਇਹ ਸ਼ੋਅ ਦਰਸ਼ਕਾਂ ਨੂੰ ਮਨੋਰੰਜਨ ਦੇ ਨਾਲ-ਨਾਲ ਪੰਜਾਬੀ ਵਿਰਸੇ ਨਾਲ ਵੀ ਜੋੜਦਾ ਹੈ।

ਪੰਜਾਬੀਅਤ ਦੀ ਅਸਲ ਦੂਤ

ਪ੍ਰੀਟੀ ਢਿੱਲੋਂ ਦੀ ਕਹਾਣੀ ਉਨ੍ਹਾਂ ਸਾਰੇ ਪ੍ਰਵਾਸੀ ਪੰਜਾਬੀਆਂ ਲਈ ਪ੍ਰੇਰਨਾ ਦਾ ਸਰੋਤ ਹੈ ਜੋ ਵਿਦੇਸ਼ਾਂ ਵਿਚ ਰਹਿੰਦੇ ਹੋਏ ਵੀ ਆਪਣੀ ਮਾਂ-ਬੋਲੀ ਅਤੇ ਸਭਿਆਚਾਰ ਨਾਲ ਮੋਹ ਰੱਖਦੇ ਹਨ। ਕੈਨੇਡਾ ਵਿਚ ਜੰਮ ਕੇ, ਪੱਛਮੀ ਸੱਭਿਅਤਾ ਵਿਚ ਵੱਡੇ ਹੋ ਕੇ ਵੀ ਉਸ ਨੇ ਪੰਜਾਬੀ ਸਭਿਆਚਾਰ ਦੀ ਰੂਹ ਨੂੰ ਆਪਣੇ ਅੰਦਰ ਜ਼ਿੰਦਾ ਰੱਖਿਆ। ਇਹ ਕੋਈ ਛੋਟੀ ਗੱਲ ਨਹੀਂ।

ਪੰਜਾਬ ਵਿਚ ਆ ਕੇ ਇੱਕ ਲਾਈਵ ਸ਼ੋਅ ਰਾਹੀਂ ਕਲਾਕਾਰਾਂ ਨੂੰ ਇੱਕ ਮੰਚ ਦੇਣਾ, ਪੰਜਾਬੀ ਫਿਲਮ ਜਗਤ ਨੂੰ ਹੁਲਾਰਾ ਦੇਣਾ ਅਤੇ ਦਰਸ਼ਕਾਂ ਨੂੰ ਮਨੋਰੰਜਨ ਦੇ ਨਾਲ-ਨਾਲ ਸਭਿਆਚਾਰਕ ਜਾਣਕਾਰੀ ਦੇਣਾ — ਇਹ ਸਭ ਕੁਝ ਦੱਸਦਾ ਹੈ ਕਿ ਪ੍ਰੀਟੀ ਢਿੱਲੋਂ ਦਾ ਦਿਲ ਕਿੱਥੇ ਵੱਸਦਾ ਹੈ। ਉਹ ਸੱਚਮੁੱਚ ਪੰਜਾਬੀਅਤ ਦੀ ਇੱਕ ਸੱਚੀ ਦੂਤ ਹੈ।

ਭਵਿੱਖ ਦੀਆਂ ਉਮੀਦਾਂ

'ਦੋ ਪਲ ਵਿਦ ਪ੍ਰੀਟੀ' ਸ਼ੋਅ ਭਵਿੱਖ ਵਿਚ ਵੱਡੀਆਂ ਬੁਲੰਦੀਆਂ ਛੂਹੇਗਾ, ਇਸ ਵਿਚ ਕੋਈ ਸ਼ੱਕ ਨਹੀਂ। ਪ੍ਰੀਟੀ ਢਿੱਲੋਂ ਦੀ ਮਿਹਨਤ, ਲਗਨ ਅਤੇ ਪੰਜਾਬੀ ਸਭਿਆਚਾਰ ਪ੍ਰਤੀ ਅਥਾਹ ਪਿਆਰ ਇਸ ਸ਼ੋਅ ਨੂੰ ਦਿਨੋਂ-ਦਿਨ ਨਵੀਆਂ ਉਚਾਈਆਂ ਉੱਤੇ ਲੈ ਜਾਵੇਗਾ।

ਉਹ ਸਿੱਧ ਕਰ ਰਹੀ ਹੈ ਕਿ ਜੇਕਰ ਮਨ ਵਿਚ ਸੱਚੀ ਲਗਨ ਹੋਵੇ ਤਾਂ ਸਮੁੰਦਰਾਂ ਦੀਆਂ ਦੂਰੀਆਂ ਵੀ ਮਾਂ-ਧਰਤੀ ਦੇ ਪਿਆਰ ਨੂੰ ਨਹੀਂ ਰੋਕ ਸਕਦੀਆਂ।

ਸੱਚਮੁੱਚ, ਪ੍ਰੀਟੀ ਢਿੱਲੋਂ ਨਾ ਕੇਵਲ ਇੱਕ ਮਾਡਲ ਜਾਂ ਸ਼ੋਅ ਹੋਸਟ ਹੈ, ਬਲਕਿ ਉਹ ਪੰਜਾਬੀ ਕੌਮ ਦੀ ਉਸ ਭਾਵਨਾ ਦਾ ਪ੍ਰਤੀਕ ਹੈ ਜੋ ਕਹਿੰਦੀ ਹੈ —

"ਜਿੱਥੇ ਵੀ ਰਹੀਏ, ਪੰਜਾਬੀ ਰਹੀਏ।"

ਬਲਵਿੰਦਰ ਬਾਲਮ

ਐਡਮਿੰਟਨ,ਕਨੇਡਾ

ਸਰੀ ਵਿੱਚ ਸੋਹਣ ਸਿੰਘ ਪੂੰਨੀ ਦੀ ਪੁਸਤਕ 'ਅਮਰੀਕਾ ਦੇ ਗਦਰੀ ਯੋਧੇ' ਲੋਕ ਅਰਪਣ

ਸਰੀ (ਹਰਦਮ ਸਿੰਘ ਮਾਨ): ਗ਼ਦਰ ਲਹਿਰ ਦੇ ਅਣਗਿਣਤ ਸੂਰਮਿਆਂ ਦੀ ਕੁਰਬਾਨੀ, ਸੰਘਰਸ਼ ਅਤੇ ਵਿਚਾਰਧਾਰਕ ਵਿਰਾਸਤ ਨੂੰ ਇਤਿਹਾਸ ਦੇ ਪੰਨਿਆਂ ਤੋਂ ਕੱਢ ਕੇ ਅਜੋਕੀ ਪੀੜ੍ਹੀ ਤੱਕ ਪਹੁੰਚਾਉਣ ਦੇ ਯਤਨਾਂ ਤਹਿਤ ਗ਼ਦਰ ਮੈਮੋਰੀਅਲ ਸੁਸਾਇਟੀ ਆਫ਼ ਬੀ.ਸੀ. ਕੈਨੇਡਾ ਵੱਲੋਂ ਉੱਘੇ ਇਤਿਹਾਸਕਾਰ ਤੇ ਲੇਖਕ ਸੋਹਣ ਸਿੰਘ ਪੂੰਨੀ ਦੀ ਖੋਜ-ਭਰਪੂਰ ਪੁਸਤਕ 'ਅਮਰੀਕਾ ਦੇ ਗਦਰੀ ਯੋਧੇ' ਖਾਲਸਾ ਲਾਇਬਰੇਰੀ, ਸਰੀ ਵਿਖੇ ਹੋਏ ਵਿਸ਼ਾਲ ਸਾਹਿਤਕ ਤੇ ਵਿਚਾਰਧਾਰਕ ਸਮਾਗਮ ਦੌਰਾਨ ਲੋਕ ਅਰਪਣ ਕੀਤੀ ਗਈ।



ਲਗਭਗ ਤਿੰਨ ਘੰਟੇ ਚੱਲੇ ਇਸ ਗਿਆਨ ਅਤੇ ਇਤਿਹਾਸ ਨਾਲ ਭਰਪੂਰ ਸਮਾਗਮ ਵਿੱਚ ਕੈਨੇਡਾ ਦੀਆਂ ਸਾਹਿਤਕ, ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਕ ਅਗਾਂਹਵਧੂ ਸੰਸਥਾਵਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਗ਼ਦਰੀ ਯੋਧਿਆਂ ਦੇ ਪਰਿਵਾਰਾਂ ਨਾਲ ਸਬੰਧਤ ਸ਼ਖ਼ਸੀਅਤਾਂ ਨੇ ਵੀ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਇਨ੍ਹਾਂ ਵਿੱਚ ਕੈਨੇਡਾ ਵਿੱਚ ਵੋਟ ਦੇ ਹੱਕ ਲਈ ਸੰਘਰਸ਼ ਕਰਨ ਵਾਲੇ ਭਾਈ ਨਗਿੰਦਰ ਸਿੰਘ ਗਿੱਲ ਚੂਹੜਚੱਕ ਦੇ ਪੁੱਤਰ ਸੁਖਵਿੰਦਰ ਸਿੰਘ ਗਿੱਲ ਅਤੇ ਕੈਨੇਡਾ ਦੇ ਇਤਿਹਾਸ ਦੀ ਮਹੱਤਵਪੂਰਨ ਡਾਇਰੀ ਲਿਖਣ ਵਾਲੇ ਗ਼ਦਰੀ ਭਾਈ ਅਰਜਨ ਸਿੰਘ ਚੰਦ ਨਵਾਂ ਦੇ ਪੁੱਤਰ ਅਮਰਜੀਤ ਸਿੰਘ ਬਰਾੜ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ।

ਪੁਸਤਕ 'ਤੇ ਹੋਈ ਵਿਚਾਰ-ਗੋਸ਼ਟੀ ਦੌਰਾਨ ਲੇਖਕ ਅਤੇ ਪੰਜਾਬੀ ਪ੍ਰੈੱਸ ਕਲੱਬ ਬੀ.ਸੀ. ਦੇ ਪ੍ਰਧਾਨ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਗ਼ਦਰੀ ਯੋਧਿਆਂ ਦੀਆਂ ਜੀਵਨੀਆਂ ਅਤੇ ਉਨ੍ਹਾਂ ਦੇ ਬਿਆਨਾਂ ਦਾ ਨਿਚੋੜ ਇਹ ਸਾਹਮਣੇ ਆਉਂਦਾ ਹੈ ਕਿ 15 ਅਗਸਤ 1947 ਨੂੰ ਹੋਇਆ ਬਦਲਾਅ ਗ਼ਦਰੀਆਂ ਵੱਲੋਂ ਸੁਪਨੇ ਵਿੱਚ ਵੇਖੀ ਆਜ਼ਾਦੀ ਨਹੀਂ ਸੀ, ਸਗੋਂ ਸੱਤਾ ਦਾ ਤਬਾਦਲਾ ਸੀ। ਉਨ੍ਹਾਂ ਕਿਹਾ ਕਿ ਗ਼ਦਰੀ ਯੋਧਿਆਂ ਦੀ ਅਸਲ ਸੋਚ, ਉਨ੍ਹਾਂ ਦੇ ਸੰਘਰਸ਼ ਅਤੇ ਲੋਕ-ਮੁਕਤੀ ਦੇ ਸੁਪਨੇ ਨੂੰ ਸਮਝਣਾ ਅੱਜ ਵੀ ਬੇਹੱਦ ਜ਼ਰੂਰੀ ਹੈ।

ਡਾ. ਧਾਲੀਵਾਲ ਨੇ ਭੁੱਲੇ-ਵਿਸਰੇ ਗ਼ਦਰੀ ਯੋਧਿਆਂ ਬਾਰੇ ਮੌਲਿਕ ਖੋਜ ਅਤੇ ਲਿਖਤ ਰਾਹੀਂ ਕੀਤੀ ਜਾ ਰਹੀ ਇਤਿਹਾਸਕ ਘਾਲਣਾ ਲਈ ਸੋਹਣ ਸਿੰਘ ਪੂੰਨੀ ਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਦੇਣ ਦੀ ਮੰਗ ਵੀ ਰੱਖੀ। ਸਮਾਗਮ ਵਿੱਚ ਹਾਜ਼ਰ ਵੱਖ-ਵੱਖ ਜਥੇਬੰਦੀਆਂ ਅਤੇ ਸ਼ਖ਼ਸੀਅਤਾਂ ਨੇ ਇਸ ਮੰਗ ਦਾ ਭਰਪੂਰ ਸਮਰਥਨ ਕੀਤਾ।

ਸਮਾਗਮ ਦਾ ਸੰਚਾਲਨ ਕਰਦਿਆਂ ਡਾ. ਸੁਰਿੰਦਰਜੀਤ ਸਿੰਘ ਭੋਲਾ ਨੇ ਗ਼ਦਰ ਮੈਮੋਰੀਅਲ ਸੁਸਾਇਟੀ ਦੀ ਸਥਾਪਨਾ, ਇਸ ਦੇ ਇਤਿਹਾਸ ਅਤੇ ਮਨੋਰਥ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਉਨ੍ਹਾਂ ਗ਼ਦਰ ਲਹਿਰ ਨਾਲ ਸਬੰਧਤ ਇਤਿਹਾਸਕ ਦਸਤਾਵੇਜ਼ਾਂ ਨੂੰ ਇਕੱਠਾ ਕਰਕੇ ਸਾਂਭਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦੀ ਵਚਨਬੱਧਤਾ ਵੀ ਪ੍ਰਗਟ ਕੀਤੀ।

ਸਮਾਗਮ ਵਿੱਚ ਇੰਜੀਨੀਅਰ ਜਗਰੂਪ ਸਿੰਘ ਖੇੜਾ ਨੇ ਸਮੂਹ ਜਥੇਬੰਦੀਆਂ ਅਤੇ ਹਾਜ਼ਰੀਨ ਦਾ ਸਵਾਗਤ ਕੀਤਾ। ਕਾਮਰੇਡ ਆਗੂ ਭੁਪਿੰਦਰ ਸਿੰਘ ਮੱਲੀ ਨੇ ਗ਼ਦਰੀ ਬਾਬਾ ਜਵਾਲਾ ਸਿੰਘ ਦੇ ਹਵਾਲੇ ਨਾਲ ਕਿਹਾ ਕਿ ਕਾਮਰੇਡੀ ਫ਼ਲਸਫ਼ਾ ਸਿੱਖੀ ਦੇ ਵਿਸ਼ਾਲ ਦਾਇਰੇ ਵਿੱਚ ਸਮਾ ਸਕਦਾ ਹੈ, ਪਰ ਸਿੱਖੀ ਦਾ ਦਾਇਰਾ ਇਸ ਤੋਂ ਕਿਤੇ ਵੱਡਾ ਅਤੇ ਵਿਸ਼ਾਲ ਹੈ।

ਗੁਰੂ ਨਾਨਕ ਜਹਾਜ਼ ਦੇ ਇਤਿਹਾਸ ਦੇ ਖੋਜੀ ਅਤੇ ਗ਼ਦਰੀ ਭਾਈ ਅਰਜਨ ਸਿੰਘ ਚੰਦ ਨਵਾਂ ਦੀ ਡਾਇਰੀ ਦੇ ਸੰਪਾਦਕ ਡਾ. ਪੂਰਨ ਸਿੰਘ ਗਿੱਲ ਨੇ ਇਤਿਹਾਸਕ ਸਰੋਤਾਂ ਦੀ ਮਹੱਤਤਾ ਬਾਰੇ ਵਿਚਾਰ ਰੱਖੇ। ਇਸ ਮੌਕੇ ਗ਼ਦਰ ਸਾਹਿਤ ਪ੍ਰੇਮੀ ਧਰਮਪਾਲ ਸ਼ਰਮਾ, ਹਰਚਰਨ ਸਿੰਘ ਸੰਧੂ, ਜਤਿੰਦਰ ਸਿੰਘ ਜੇ. ਮਿਨਹਾਸ, ਅਵਤਾਰ ਸਿੰਘ ਢਿੱਲੋਂ, ਇੰਡੋ-ਕੈਨੇਡੀਅਨ ਸੀਨੀਅਰ ਸੈਂਟਰ ਸੁਸਾਇਟੀ ਦੇ ਪ੍ਰਧਾਨ ਡਾ. ਪ੍ਰਗਟ ਸਿੰਘ ਭੁਰਜੀ ਅਤੇ ਕੁਵਿੰਟਲਨ ਯੂਨੀਵਰਸਿਟੀ ਦੇ ਨੌਜਵਾਨ ਆਗੂ ਗੁਰਨੂਰ ਸਿੰਘ ਸਮੇਤ ਕਈ ਬੁਲਾਰਿਆਂ ਨੇ ਗ਼ਦਰ ਲਹਿਰ ਦੀ ਇਤਿਹਾਸਕ ਵਿਰਾਸਤ ਅਤੇ ਮੌਜੂਦਾ ਸਮੇਂ ਵਿੱਚ ਇਸ ਦੀ ਪ੍ਰਸੰਗਿਕਤਾ ਬਾਰੇ ਵਿਚਾਰ ਸਾਂਝੇ ਕੀਤੇ।

ਪੁਸਤਕ ਲੋਕ ਅਰਪਣ ਸਮੇਂ ਲੇਖਕ ਸੋਹਣ ਸਿੰਘ ਪੂੰਨੀ ਅਤੇ ਉਨ੍ਹਾਂ ਦੀ ਧਰਮਪਤਨੀ ਬੀਬੀ ਵਿਨੀ ਪੂੰਨੀ, ਵਿਸ਼ਵ ਸਿੱਖ ਸੰਸਥਾ ਦੀ ਸਾਬਕਾ ਪ੍ਰਧਾਨ ਗਿਆਨ ਸਿੰਘ ਸੰਧੂ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਦੇ ਪ੍ਰਧਾਨ ਗੁਰਮੀਤ ਸਿੰਘ ਧਾਲੀਵਾਲ, ਮਰਹੂਮ ਚਿੱਤਰਕਾਰ ਜਰਨੈਲ ਸਿੰਘ ਦੀ ਪਤਨੀ ਬਲਜੀਤ ਕੌਰ, ਨੀਤੀ ਸਿੰਘ, ਸ਼ਬਨਮ ਮੱਲੀ, ਪ੍ਰਕਾਸ਼ ਕੌਰ ਬਰਾੜ, ਵਣਜਾਰਾ ਨੋਮੈਡ ਕਲੈਕਸ਼ਨ ਦੇ ਰਾਜ ਸਿੰਘ ਭੰਡਾਲ, ਵਿਗਿਆਨੀ ਡਾ. ਕੁਲਵੰਤ ਸਿੰਘ ਬਿੰਦ, ਵੈਨਕੂਵਰ ਵਿਚਾਰ ਮੰਚ ਦੇ ਮੋਹਨ ਗਿੱਲ, ਰਜਿੰਦਰ ਸਿੰਘ ਪੰਧੇਰ, ਸਿੱਖ ਵਿਚਾਰ ਮੰਚ ਦੇ ਕੇਸਰ ਸਿੰਘ ਕੂਨਰ, ਬਲਵੀਰ ਸਿੰਘ ਸੰਘਾ, ਗ਼ਜ਼ਲ ਮੰਚ ਦੇ ਰਾਜਵੰਤ ਰਾਜ ਬਾਗੜੀ, ਸ੍ਰੀ ਰਾਮ ਆਸਰਾ, ਗੁਰਮੁਖ ਸਿੰਘ ਦਿਓਲ ਅਤੇ ਪੰਜਾਬੀ ਰੰਗਮੰਚ ਦੀ ਪ੍ਰਮੁੱਖ ਹਸਤੀ ਗੁਰਦੀਪ ਸਿੰਘ ਭੁੱਲਰ ਸਮੇਤ ਸਾਹਿਤ, ਕਲਾ, ਰੰਗਮੰਚ, ਰੇਡੀਓ, ਟੈਲੀਵਿਜ਼ਨ ਅਤੇ ਅਖ਼ਬਾਰਾਂ ਨਾਲ ਸਬੰਧਤ ਅਨੇਕ ਸ਼ਖ਼ਸੀਅਤਾਂ ਹਾਜ਼ਰ ਸਨ।

ਹਰਦਮ ਮਾਨ

ਸਪੈਸ਼ਲ ਰਿਪੋਰਟਰ, ਬੀ.ਸੀ., ਕੈਨੇਡਾ

ਮੈਂਟਲ ਮੈਥ ਅਤੇ ਐਬੈਕਸ ਮੁਕਾਬਲੇ 'ਚ ਗੁਰਨਦਰ ਕੌਰ ਨੇ ਸੂਬਾ ਪੱਧਰ 'ਤੇ ਤੀਜਾ ਸਥਾਨ ਹਾਸਲ ਕੀਤਾ

ਰਿਚਮੰਡ, (ਹਰਦਮ ਮਾਨ)- ਸਿੱਖਿਆ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਆਪਣੀ ਪਛਾਣ ਮਜ਼ਬੂਤ ਕਰ ਰਹੀ ਪੰਜਾਬੀ ਭਾਈਚਾਰੇ ਦੀ ਨਵੀਂ ਪੀੜ੍ਹੀ ਲਈ ਗੁਰਨਦਰ ਕੌਰ ਦੀਆਂ ਪ੍ਰਾਪਤੀਆਂ ਮਾਣ ਅਤੇ ਖੁਸ਼ੀ ਦਾ ਵਿਸ਼ਾ ਬਣੀਆਂ ਹੋਈਆਂ ਹਨ। ਨੌਜਵਾਨ ਵਿਦਿਆਰਥਣ ਗੁਰਨਦਰ ਕੌਰ ਨੇ ਪੜ੍ਹਾਈ ਦੇ ਨਾਲ-ਨਾਲ ਗਣਿਤ ਅਤੇ ਐਬੈਕਸ ਦੇ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਪਣੇ ਮਾਪਿਆਂ ਅਤੇ ਸਮੁੱਚੀ ਕਮਿਊਨਿਟੀ ਦਾ ਨਾਮ ਰੌਸ਼ਨ ਕੀਤਾ ਹੈ।

ਗੁਰਨਦਰ ਕੌਰ ਕੁਝ ਸਮਾਂ ਪਹਿਲਾਂ ਆਪਣੇ ਪਿਤਾ ਗਿਆਨੀ ਗੁਰਜੋਤ ਸਿੰਘ ਅਤੇ ਮਾਤਾ ਤਰਨਦੀਪ ਕੌਰ ਨਾਲ ਰਿਚਮੰਡ ਆਈ ਸੀ। ਉਹ ਸਤੰਬਰ ਮਹੀਨੇ ਤੋਂ ਗੁਰਦੁਆਰਾ ਨਾਨਕ ਨਿਵਾਸ ਦੇ ਨੇੜੇ ਸਥਿਤ ਕਿੰਗਸਵੁੱਡ ਐਲੀਮੈਂਟਰੀ ਸਕੂਲ ਵਿੱਚ ਸੱਤਵੀਂ ਜਮਾਤ ਦੀ ਪੜ੍ਹਾਈ ਸ਼ੁਰੂ ਕਰਨ ਜਾ ਰਹੀ ਹੈ। ਪੜ੍ਹਾਈ ਵਿੱਚ ਮਿਹਨਤੀ ਅਤੇ ਹਰਫ਼ਨਮੌਲਾ ਗੁਰਨਦਰ ਨੇ ਹਾਲ ਹੀ ਵਿੱਚ ਮੈਂਟਲ ਮੈਥ ਅਤੇ ਐਬੈਕਸ ਦੇ ਮੁਕਾਬਲੇ ਵਿੱਚ ਏ-2 ਕੈਟੇਗਰੀ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸ਼ਾਨਦਾਰ ਜਿੱਤ ਦਰਜ ਕੀਤੀ। ਇਸ ਉਪਲਬਧੀ ਨੂੰ ਹੋਰ ਵੀ ਖ਼ਾਸ ਬਣਾਉਂਦਿਆਂ ਉਸ ਨੇ ਸੂਬਾ ਪੱਧਰ 'ਤੇ ਤੀਜਾ ਸਥਾਨ ਪ੍ਰਾਪਤ ਕਰਕੇ ਟਰਾਫੀ ਆਪਣੇ ਨਾਮ ਕੀਤੀ।



ਗੁਰਨਦਰ ਦੀਆਂ ਪ੍ਰਾਪਤੀਆਂ ਸਿਰਫ਼ ਗਣਿਤ ਤੱਕ ਹੀ ਸੀਮਤ ਨਹੀਂ ਹਨ। ਸਕੂਲ ਦੇ ਸੋਸ਼ਲ ਸਟੱਡੀਜ਼ ਵਿਸ਼ੇ ਤਹਿਤ ਉਸ ਨੇ ਅਫ਼ਰੀਕਾ ਦੇ ਇੱਕ ਦੇਸ਼ ਜ਼ਿੰਬਾਬਵੇ ਸਬੰਧੀ ਤਿਆਰ ਕੀਤਾ ਇੱਕ ਜਾਣਕਾਰੀ ਭਰਪੂਰ ਅਤੇ ਰਚਨਾਤਮਕ ਪ੍ਰੋਜੈਕਟ ਵੀ ਬੇਹੱਦ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ, ਜਿਸ ਲਈ ਉਸ ਨੂੰ ਸਕੂਲ ਵੱਲੋਂ ਸ਼ਲਾਘਾ ਅਤੇ ਇਨਾਮ ਨਾਲ ਸਨਮਾਨਿਤ ਕੀਤਾ ਗਿਆ।

ਗੁਰਨਦਰ ਕੌਰ ਦੀ ਇਸ ਪ੍ਰਾਪਤੀ 'ਤੇ ਪਰਿਵਾਰਕ ਮੈਂਬਰਾਂ, ਅਧਿਆਪਕਾਂ ਅਤੇ ਭਾਈਚਾਰੇ ਦੇ ਲੋਕਾਂ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਸ ਨੂੰ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੱਤੀਆਂ ਹਨ। ਸਮੁੱਚੇ ਭਾਈਚਾਰੇ ਵੱਲੋਂ ਗੁਰਨਦਰ ਕੌਰ, ਉਸ ਦੇ ਪਿਤਾ ਗਿਆਨੀ ਗੁਰਜੋਤ ਸਿੰਘ ਅਤੇ ਮਾਤਾ ਤਰਨਦੀਪ ਕੌਰ ਨੂੰ ਦਿਲੋਂ ਵਧਾਈ ਦਿੰਦਿਆਂ ਗੁਰਦੁਆਰਾ ਨਾਨਕ ਨਿਵਾਸ ਰਿਚਮੰਡ ਦੇ ਸਕੱਤਰ ਬਲਵੰਤ ਸਿੰਘ ਸੰਘੇੜਾ ਨੇ ਕਿਹਾ ਹੈ ਕਿ ਗੁਰਨਦਰ ਕੌਰ ਵਰਗੇ ਹੋਣਹਾਰ ਬੱਚੇ ਇਹ ਸਾਬਤ ਕਰ ਰਹੇ ਹਨ ਕਿ ਮਿਹਨਤ, ਲਗਨ ਅਤੇ ਸਹੀ ਮਾਰਗਦਰਸ਼ਨ ਨਾਲ ਨਵੀਂ ਪੀੜ੍ਹੀ ਨਾ ਸਿਰਫ਼ ਅਕਾਦਮਿਕ ਖੇਤਰ ਵਿੱਚ ਸਫ਼ਲਤਾ ਹਾਸਲ ਕਰ ਸਕਦੀ ਹੈ, ਸਗੋਂ ਆਪਣੀ ਭਾਸ਼ਾ, ਸੱਭਿਆਚਾਰ ਅਤੇ ਵਿਰਾਸਤ ਨਾਲ ਜੁੜ ਕੇ ਸਮੁੱਚੇ ਭਾਈਚਾਰੇ ਲਈ ਪ੍ਰੇਰਣਾ ਦਾ ਸਰੋਤ ਵੀ ਬਣ ਸਕਦੀ ਹੈ।

ਹਰਦਮ ਮਾਨ

ਸਿੱਖ ਫੈਡਰੇਸ਼ਨ ਆਫ ਐਡਮਿੰਟਨ ਵੱਲੋਂ ਕਰਵਾਇਆ ਗਿਆ 'ਤੀਆਂ ਦਾ ਮੇਲਾ'





ਐਡਮਿੰਟਨ, ਕੈਨੇਡਾ ਦੇ ਪ੍ਰਸਿੱਧ ਸਥਾਨ ਮਿਲਵੁੱਡਜ਼ ਹਿੱਲ ਸੈਂਟਰ, 23 ਐਵੇਨਿਊ ਅਤੇ 66 ਸਟਰੀਟ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਤੀਆਂ ਦਾ ਮੇਲਾ ਬੜੀ ਧੂਮਧਾਮ ਅਤੇ ਸੁਚੱਜੇ ਢੰਗ ਨਾਲ ਮਨਾਇਆ ਗਿਆ। ਇਹ ਮੇਲਾ ਪੰਜਾਬੀ ਸੱਭਿਆਚਾਰ, ਰਿਵਾਜਾਂ ਅਤੇ ਪਰੰਪਰਾਵਾਂ ਨੂੰ ਸੰਭਾਲਣ ਅਤੇ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦੇ ਮਕਸਦ ਨਾਲ ਆਯੋਜਿਤ ਕੀਤਾ ਜਾਂਦਾ ਹੈ।

ਸਮਾਗਮ ਵਿੱਚ ਗਿੱਧਾ, ਬੋਲੀਆਂ, ਸੁਹਾਗ, ਘੋੜੀਆਂ ਅਤੇ ਲੰਬੀ ਹੇਕ ਦੇ ਗੀਤ ਗਾਏ ਗਏ। ਔਰਤਾਂ ਦੇ ਗਿੱਧੇ ਅਤੇ ਪ੍ਰਾਚੀਨ ਗੀਤਾਂ ਦੀਆਂ ਲਚਕਦੀਆਂ-ਮਟਕਦੀਆਂ ਤੋਰਾਂ ਅਤੇ ਮਰਮ-ਸਪਰਸ਼ੀ ਧੁਨਾਂ ਨੇ ਧਰਤੀ ਪੁੱਟ ਦਿੱਤੀ। ਮੁਕੰਮਲ ਪੰਜਾਬ ਦੇ ਸੱਭਿਆਚਾਰ ਨੇ ਕੈਨੇਡਾ ਦੀ ਧਰਤੀ ਨੂੰ ਪੰਜਾਬੀਅਤ ਦੇ ਰੰਗ ਵਿੱਚ ਰੰਗ ਦਿੱਤਾ। ਜਿਵੇਂ ਵਾਜਾਂ ਮਾਰਦਾ ਹੋਵੇ ਸਾਡਾ ਸੱਭਿਆਚਾਰ।

ਇਸ ਦਿਨ ਥੋੜ੍ਹੀ ਬਾਰਿਸ਼ ਹੋ ਰਹੀ ਸੀ, ਫਿਰ ਵੀ ਮਹਿਲਾਵਾਂ ਹੁੰਮ-ਹੁਮਾ ਕੇ ਪਹੁੰਚੀਆਂ। ਇਸ ਤੋਂ ਇਲਾਵਾ ਦੌੜਾਂ ਅਤੇ ਮਿਊਜ਼ੀਕਲ ਚੇਅਰ ਮੁਕਾਬਲੇ ਵੀ ਕਰਵਾਏ ਗਏ, ਜੋ ਖਿੱਚ ਦਾ ਕੇਂਦਰ ਬਣੇ ਰਹੇ। ਇਨ੍ਹਾਂ ਵਿੱਚ ਨੌਜਵਾਨ ਲੜਕੀਆਂ ਅਤੇ ਔਰਤਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ।

ਘੋੜੀਆਂ ਗਾਇਨ ਮੁਕਾਬਲੇ ਵਿੱਚ ਪ੍ਰਿੰਸੀਪਲ ਦਲਜੀਤ ਕੌਰ ਮੰਡੇਰ ਪਹਿਲੇ ਅਤੇ ਅਰਸ਼ਦੀਪ ਕੌਰ ਦੂਜੇ ਸਥਾਨ 'ਤੇ ਰਹੀ। ਸੁਹਾਗ ਗਾਇਨ ਵਿੱਚ ਪ੍ਰਿੰਸੀਪਲ ਦਲਜੀਤ ਕੌਰ ਮੰਡੇਰ ਪਹਿਲੇ, ਜਗਜੀਤ ਕੌਰ ਦੂਜੇ ਅਤੇ ਅਰਸ਼ਦੀਪ ਕੌਰ ਤੀਜੇ ਸਥਾਨ 'ਤੇ ਰਹੀ।

ਲੰਬੀ ਹੇਕ ਦੇ ਗੀਤ ਗਾਇਨ ਮੁਕਾਬਲੇ ਵਿੱਚ ਪ੍ਰਿੰਸੀਪਲ ਦਲਜੀਤ ਕੌਰ ਮੰਡੇਰ ਪਹਿਲੇ ਸਥਾਨ 'ਤੇ ਰਹੀ, ਜਦਕਿ ਹਰਭਜਨ ਕੌਰ, ਬਲਵੀਰ ਕੌਰ ਚੀਮਾ ਅਤੇ ਸੁਰਿੰਦਰ ਕੌਰ ਦੂਜੇ ਸਥਾਨ 'ਤੇ ਰਹੀਆਂ। ਗੀਤ ਗਾਇਨ ਵਿੱਚ ਹਰਜਿੰਦਰ ਪਹਿਲੇ ਅਤੇ ਸੁਖਵਿੰਦਰ ਦੂਜੇ ਸਥਾਨ 'ਤੇ ਰਹੀ।

ਦੌੜ ਮੁਕਾਬਲੇ ਵਿੱਚ 30 ਤੋਂ 40 ਸਾਲ ਉਮਰ ਵਰਗ ਵਿੱਚ ਜਸ ਬਰਾੜ ਪਹਿਲੇ, ਹਰਜੋਤ ਦੂਜੇ ਅਤੇ ਰਮਨਦੀਪ ਕੌਰ ਤੀਜੇ ਸਥਾਨ 'ਤੇ ਰਹੀ। 60 ਤੋਂ 70 ਸਾਲ ਉਮਰ ਵਰਗ ਵਿੱਚ ਨਰਿੰਦਰ ਚੀਮਾ ਪਹਿਲੇ, ਮਨਜੀਤ ਰੰਧਾਵਾ ਦੂਜੇ ਅਤੇ ਮਨਜੀਤ ਧਨੋਆ ਤੀਜੇ ਸਥਾਨ 'ਤੇ ਰਹੀ। 50 ਤੋਂ 60 ਸਾਲ ਉਮਰ ਵਰਗ ਵਿੱਚ ਜਸਪ੍ਰੀਤ ਪਹਿਲੇ, ਅਰਸ਼ ਦੂਜੇ ਅਤੇ ਸੁਖਵਿੰਦਰ ਕੌਰ ਤੀਜੇ ਸਥਾਨ 'ਤੇ ਰਹੀ।

ਮਿਊਜ਼ੀਕਲ ਚੇਅਰ ਰੇਸ ਵਿੱਚ ਜੋਗਿੰਦਰ ਕੌਰ ਪਹਿਲੇ, ਪਰਮਜੀਤ ਕੌਰ ਦੂਜੇ ਅਤੇ ਨਸੀਬ ਕੌਰ ਤੀਜੇ ਸਥਾਨ 'ਤੇ ਰਹੀਆਂ। ਸਭ ਜੇਤੂਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਬਹੁਤ ਸਾਰੇ ਹੋਰ ਇਨਾਮ ਵੀ ਕੱਢੇ ਗਏ।

ਅੰਤ ਵਿੱਚ ਨਾਮਵਰ ਗਾਇਕ ਸੁਖਵਿੰਦਰ ਸੁੱਖੀ ਨੇ ਦਿਲ-ਖਿੱਚਵੇਂ ਗੀਤ ਗਾ ਕੇ ਖੂਬ ਰੰਗ ਬੰਨ੍ਹਿਆ। ਇਸ ਸਮਾਗਮ ਦੀ ਸੂਤਰਧਾਰ ਸੁਰਜੀਤ ਕੌਰ ਧਾਲੀਵਾਲ ਦੀ ਪੁਸਤਕ 'ਬੋਲੀਆਂ' ਦਾ ਲੋਕ ਅਰਪਣ ਵੀ ਕੀਤਾ ਗਿਆ।

ਵੇਖਿਆ ਜਾਵੇ ਤਾਂ ਇਹ ਤੀਆਂ ਦਾ ਮੇਲਾ ਮੁਕੰਮਲ ਤੌਰ 'ਤੇ ਪੰਜਾਬੀਅਤ ਨੂੰ ਜ਼ਿੰਦਾ ਰੱਖਣ ਦਾ ਪ੍ਰਤੱਖ ਪ੍ਰਮਾਣ ਸੀ।

ਬਲਵਿੰਦਰ ਬਾਲਮ,

ਪ੍ਰੋਗਰੈਸਿਵ ਆਰਟ ਕਲੱਬ ਸਰੀ ਵੱਲੋਂ ਪ੍ਰਭਾਵਸ਼ਾਲੀ ਨਾਟਕ 'ਜੰਨਤ' ਦੀ ਪੇਸ਼ਕਾਰੀ

ਪਰਵਾਸੀ ਜੀਵਨ ਦੀਆਂ ਹਕੀਕਤਾਂ ਨੂੰ ਮੰਚ 'ਤੇ ਉਤਾਰਿਆ

ਸਰੀ, (ਹਰਦਮ ਮਾਨ)- ਪ੍ਰੋਗਰੈਸਿਵ ਆਰਟ ਕਲੱਬ ਸਰੀ ਵੱਲੋਂ ਬੀਤੇ ਦਿਨ ਸਰੀ ਆਰਟ ਸੈਂਟਰ ਵਿਖੇ ਇੱਕ ਪ੍ਰਭਾਵਸ਼ਾਲੀ ਨਾਟਕ 'ਜੰਨਤ' ਪੇਸ਼ ਕੀਤਾ ਗਿਆ। ਮੰਚ 'ਤੇ ਉਜਾਗਰ ਕਰਨ ਵਾਲੀ ਪੇਸ਼ਕਾਰੀ ਬਣ ਕੇ ਸਾਹਮਣੇ ਆਇਆ। ਨਾਟਕ ਵਿੱਚ ਪੰਜਾਬ ਤੋਂ ਕੈਨੇਡਾ ਆਉਣ ਵਾਲੇ ਪਰਵਾਸੀਆਂ ਦੀਆਂ ਉਮੀਦਾਂ, ਇੱਥੇ ਪਹੁੰਚ ਦੀਆਂ ਆਸਾਂ, ਸੰਘਰਸ਼, ਬੇਵਸੀ ਅਤੇ ਕਈ ਪੱਧਰਾਂ 'ਤੇ ਹੋ ਰਹੇ ਸ਼ੋਸ਼ਣ ਨੂੰ ਨਾਟਕੀ ਅੰਦਾਜ਼ ਵਿੱਚ ਦਰਸ਼ਕਾਂ ਸਾਹਮਣੇ ਰੱਖਿਆ ਗਿਆ।









ਇਸ ਦੇ ਨਾਲ ਹੀ ਨਾਟਕ ਵਿੱਚ ਪੰਜਾਬ ਅਤੇ ਕੈਨੇਡਾ ਦੇ ਮੌਜੂਦਾ ਸਮਾਜਿਕ ਹਾਲਾਤ ਨਾਲ ਸਬੰਧਤ ਕਈ ਵਿਸ਼ਿਆਂ ਨੂੰ ਵੀ ਛੋਹਿਆ ਗਿਆ। ਲੇਖਕ ਨੇ ਵੱਖ-ਵੱਖ ਘਟਨਾਵਾਂ ਅਤੇ ਪਾਤਰਾਂ ਰਾਹੀਂ ਅਜੋਕੇ ਸਮੇਂ ਦੇ ਕਈ ਸਵਾਲ ਦਰਸ਼ਕਾਂ ਦੇ ਸਾਹਮਣੇ ਰੱਖੇ, ਜਿਨ੍ਹਾਂ ਨੇ ਉਨ੍ਹਾਂ ਨੂੰ ਸੋਚਣ ਲਈ ਮਜਬੂਰ ਕੀਤਾ। ਨਾਟਕ ਵਿੱਚ ਸੰਤੋਖ ਸਿੰਘ ਢੇਸੀ, ਕੁਲਦੀਪ ਟੋਨੀ, ਹਰਪ੍ਰੀਤ ਆਹਲੂਵਾਲੀਆ, ਸਿਮਰਨ ਕਰਾਂਤੀ, ਕਮਲਜੀਤ ਸਿੰਘ ਸੰਧੂ, ਮਨੀ ਸੁਖਮ, ਸਮੀਰ, ਬੀਰ ਬਟਾਲਵੀ, ਜਸ਼ਨਪ੍ਰੀਤ, ਨਵਜੀਤ ਅਤੇ ਜਸਬੀਰ ਮਾਨ ਨੇ ਆਪਣੀ ਅਦਾਕਾਰੀ ਰਾਹੀਂ ਪਾਤਰਾਂ ਨੂੰ ਜੀਵੰਤ ਕੀਤਾ। ਕਲਾਕਾਰਾਂ ਦੀ ਮੰਚ 'ਤੇ ਪੇਸ਼ਕਾਰੀ, ਸੰਵਾਦ ਅਦਾਇਗੀ ਅਤੇ ਸਾਂਝੀ ਟੀਮ ਵਰਕ ਨੇ ਨਾਟਕ ਦੇ ਪ੍ਰਭਾਵ ਨੂੰ ਹੋਰ ਗਹਿਰਾ ਕੀਤਾ।

'ਜੰਨਤ' ਦੀ ਪੇਸ਼ਕਾਰੀ ਨੇ ਇਹ ਵੀ ਦਰਸਾਇਆ ਕਿ ਰੰਗਮੰਚ ਸਿਰਫ਼ ਮਨੋਰੰਜਨ ਨਹੀਂ, ਸਗੋਂ ਸਮਾਜ ਦੇ ਅੰਦਰਲੇ ਸਵਾਲਾਂ ਨੂੰ ਆਵਾਜ਼ ਦੇਣ ਅਤੇ ਦਰਸ਼ਕਾਂ ਨੂੰ ਆਪਣੇ ਸਮੇਂ ਨਾਲ ਸੰਵਾਦ ਕਰਨ ਦਾ ਇੱਕ ਪ੍ਰਭਾਵਸ਼ਾਲੀ ਮਾਧਿਅਮ ਹੈ। ਪ੍ਰੋਗਰੈਸਿਵ ਆਰਟ ਕਲੱਬ ਸਰੀ ਦੀ ਇਹ ਪੇਸ਼ਕਾਰੀ ਪਰਵਾਸੀ ਜੀਵਨ ਦੀਆਂ ਹਕੀਕਤਾਂ ਨੂੰ ਮੰਚ ਦੀ ਰੌਸ਼ਨੀ ਵਿੱਚ ਲਿਆਉਣ ਵਾਲੀ ਇੱਕ ਸਾਰਥਿਕ ਕੋਸ਼ਿਸ਼ ਵਜੋਂ ਯਾਦ ਰਹੇਗੀ।

ਹਰਦਮ ਮਾਨ

ਪਰਮਿੰਦਰ ਸਵੈਚ ਵੱਲੋਂ ਲਿਖੇ ਅਤੇ ਜਸਕਰਨ ਤੇ ਨਵਦੀਪ ਵੱਲੋਂ ਨਿਰਦੇਸ਼ਿਤ ਇਸ ਨਾਟਕ ਨੂੰ ਸੈਂਕੜੇ ਦਰਸ਼ਕਾਂ ਨੇ ਡੂੰਘੀ ਦਿਲਚਸਪੀ ਅਤੇ ਗੰਭੀਰਤਾ ਨਾਲ ਮਾਣਿਆ। ਨਾਟਕ ਦੀ ਪੇਸ਼ਕਾਰੀ ਦੌਰਾਨ ਦਰਸ਼ਕਾਂ ਦੀ ਭਰਵੀਂ ਹਾਜ਼ਰੀ ਅਤੇ ਹੁੰਗਾਰੇ ਨੇ ਕਲਾਕਾਰਾਂ ਦਾ ਉਤਸ਼ਾਹ ਵਧਾਇਆ।

'ਜੰਨਤ' ਅਜੋਕੇ ਪਰਵਾਸੀ ਜੀਵਨ ਦੀਆਂ ਕਈ ਪਰਤਾਂ ਨੂੰ ਕੇ ਉਨ੍ਹਾਂ ਨੂੰ ਦਰਪੇਸ਼ ਚੁਣੌਤੀਆਂ ਅਤੇ ਬਦਲਦੇ ਸਮਾਜਿਕ ਹਾਲਾਤਾਂ ਨੂੰ ਵੱਖ-ਵੱਖ ਪੱਖਾਂ ਤੋਂ ਛੋਹਿਆ ਗਿਆ। ਖ਼ਾਸ ਤੌਰ 'ਤੇ ਪਿਛਲੇ ਸਮੇਂ ਦੌਰਾਨ ਕੈਨੇਡਾ ਆਏ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਥਿਤੀ ਅਤੇ ਉਨ੍ਹਾਂ ਨਾਲ ਜੁੜੇ ਸਮਾਜਿਕ ਤੇ ਆਰਥਿਕ ਮਸਲਿਆਂ ਨੂੰ ਨਾਟਕ ਨੇ ਸੰਵੇਦਨਸ਼ੀਲਤਾ ਨਾਲ ਪੇਸ਼ ਕੀਤਾ। ਵਿਦੇਸ਼ੀ ਧਰਤੀ 'ਤੇ ਸੁਨਹਿਰੇ ਭਵਿੱਖ ਦੇ ਸੁਪਨੇ ਲੈ ਕੇ ਆਉਣ ਵਾਲੇ ਨੌਜਵਾਨਾਂ

ਪੰਜਾਬ ਯੂਨਾਈਟਿਡ ਕਲਚਰਲ ਕਲੱਬ ਐਡਮਿੰਟਨ ਵੱਲੋਂ ਸਫ਼ਾਈ ਮੁਹਿੰਮ ਦਾ ਆਗਾਜ਼

ਐਡਮਿੰਟਨ (ਬਲਵਿੰਦਰ ਬਾਲਮ): ਪੰਜਾਬ ਯੂਨਾਈਟਿਡ ਕਲਚਰਲ ਕਲੱਬ ਐਡਮਿੰਟਨ ਵੱਲੋਂ ਸਫ਼ਾਈ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿੰਮ ਵਿੱਚ ਕਲੱਬ ਦੇ ਮੈਂਬਰਾਂ ਦੇ ਨਾਲ-ਨਾਲ ਸੀਨੀਅਰ ਸਿਟੀਜ਼ਨਾਂ ਅਤੇ ਸਹਿਯੋਗੀ ਵਲੰਟੀਅਰਾਂ ਨੇ ਵੀ ਉਤਸ਼ਾਹ ਨਾਲ ਹਿੱਸਾ ਲਿਆ।





ਐਡਮਿੰਟਨ ਪਬਲਿਕ ਲਾਇਬ੍ਰੇਰੀ ਦੇ ਆਲੇ-ਦੁਆਲੇ ਵਲੰਟੀਅਰਾਂ ਨੇ ਖਿੱਲਰਿਆ ਹੋਇਆ ਕੂੜਾ ਅਤੇ ਹੋਰ ਬੇਕਾਰ ਵਸਤੂਆਂ ਇਕੱਠੀਆਂ ਕਰਕੇ ਲਿਫ਼ਾਫ਼ਿਆਂ ਵਿੱਚ ਪਾਈਆਂ ਅਤੇ ਕੂੜੇਦਾਨਾਂ ਵਿੱਚ ਸੁੱਟੀਆਂ। ਵਾਤਾਵਰਨ ਦੀ ਰੱਖਿਆ, ਸਫ਼ਾਈ ਪ੍ਰਤੀ ਜਾਗਰੂਕਤਾ ਅਤੇ ਭਾਈਚਾਰਕ ਸਾਂਝ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਇਹ ਵਿਸ਼ੇਸ਼ ਮੁਹਿੰਮ ਆਰੰਭੀ ਗਈ।

ਕਲੱਬ ਦੇ ਅਹੁਦੇਦਾਰਾਂ ਨੇ ਕਿਹਾ ਕਿ ਇਸ ਪਹਿਲਕਦਮੀ ਦਾ ਮੁੱਖ ਉਦੇਸ਼ ਲੋਕਾਂ ਨੂੰ ਆਪਣੇ ਆਲੇ-ਦੁਆਲੇ ਦੀ ਸਫ਼ਾਈ ਬਣਾਈ ਰੱਖਣ ਅਤੇ ਵਾਤਾਵਰਨ ਦੀ ਸੰਭਾਲ ਵਿੱਚ ਸਰਗਰਮ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਨਾ ਹੈ। ਸਿਹਤਮੰਦ, ਹਰਿਆ-ਭਰਿਆ ਅਤੇ ਟਿਕਾਊ ਸਮਾਜ ਸਿਰਜਣ ਵਿੱਚ ਸਫ਼ਾਈ ਦਾ ਬਹੁਤ ਮਹੱਤਵਪੂਰਨ ਯੋਗਦਾਨ ਹੁੰਦਾ ਹੈ।

ਵਲੰਟੀਅਰਾਂ ਨੇ ਕਿਹਾ ਕਿ ਕੈਨੇਡਾ ਆਪਣੀ ਸਾਫ਼-ਸੁਥਰੀ ਹਵਾ, ਪਾਣੀ ਅਤੇ ਸੁੰਦਰ ਲੈਂਡਸਕੇਪਿੰਗ ਕਰਕੇ ਦੁਨੀਆ ਭਰ ਵਿੱਚ ਜਾਣਿਆ ਜਾਂਦਾ ਹੈ। ਇੱਥੇ ਵੱਸਦੇ ਭਾਰਤੀਆਂ ਅਤੇ ਪੰਜਾਬੀਆਂ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਕੈਨੇਡਾ ਨੂੰ ਆਪਣਾ ਦੂਜਾ ਘਰ ਸਮਝਦਿਆਂ ਇਸ ਦੇ ਵਾਤਾਵਰਨ ਨੂੰ ਸਾਫ਼-ਸੁਥਰਾ ਅਤੇ ਉੱਤਮ ਬਣਾਈ ਰੱਖਣ ਵਿੱਚ ਯੋਗਦਾਨ ਪਾਉਣ। ਉਨ੍ਹਾਂ ਭਵਿੱਖ ਵਿੱਚ ਵੀ ਇਸ ਮੁਹਿੰਮ ਨੂੰ ਨਿਰੰਤਰ ਜਾਰੀ ਰੱਖਣ ਦਾ ਭਰੋਸਾ ਦਿੱਤਾ।

ਉਨ੍ਹਾਂ ਕਿਹਾ ਕਿ ਰੈਕ ਸੈਂਟਰ ਵਿੱਚ ਤਾਸ਼ ਖੇਡਣਾ ਕੇਵਲ ਮਨੋਰੰਜਨ ਦਾ ਇੱਕ ਜ਼ਰੀਆ ਹੈ। ਮਨੋਰੰਜਨ ਦੇ ਨਾਲ-ਨਾਲ ਜੇਕਰ ਸਮਾਜ-ਸੇਵਾ ਅਤੇ ਸਫ਼ਾਈ ਵੱਲ ਵੀ ਧਿਆਨ ਦਿੱਤਾ ਜਾਵੇ ਤਾਂ ਇਹ ਸਮੇਂ ਅਤੇ ਸਮਰੱਥਾ ਦੀ ਸੁਚੱਜੀ ਵਰਤੋਂ ਹੋਵੇਗੀ। ਅਜਿਹੇ ਕਾਰਜਾਂ ਨਾਲ ਭਾਈਚਾਰੇ ਦੀ ਚੰਗੀ ਪਛਾਣ ਬਣਦੀ ਹੈ ਅਤੇ ਸਾਂਝੀਵਾਲਤਾ ਦਾ ਸੰਦੇਸ਼ ਫੈਲਦਾ ਹੈ।

ਇਸ ਸਫ਼ਾਈ ਮੁਹਿੰਮ ਵਿੱਚ ਗੁਰਿੰਦਰ ਸਿੰਘ ਸਿੱਧੂ, ਜੰਗ ਪਹਿਲਵਾਨ, ਚਰਨਜੀਤ ਦਿਓਲ, ਸੁਰਜੀਤ ਸਿੰਘ ਸਿੱਧੂ, ਭਜਨ ਗਿੱਲ, ਕੁਲਵਿੰਦਰ ਸਿੰਘ ਸਿੱਧੂ, ਦੰਗਲ ਸਿੰਘ, ਸੁਰਜੀਤ ਸਿੰਘ, ਸੁਖਦੇਵ ਕੁਲਾਰ, ਪ੍ਰਦੁਮਣ ਸਿੰਘ ਅੰਤਰਰਾਸ਼ਟਰੀ ਖਿਡਾਰੀ, ਪ੍ਰਗਟ ਸਿੰਘ, ਰਾਜੂ ਤੂਰ, ਭੁਪਿੰਦਰ ਸਿੰਘ, ਅਵਤਾਰ ਸਿੰਘ, ਰਾਜੂ ਸਰਪੰਚ, ਕੁਲਦੀਪ ਸਿੰਘ, ਸਰਬਜੀਤ ਗਰੇਵਾਲ, ਬਲਦੇਵ ਸਿੰਘ ਗਿੱਲ, ਪ੍ਰੇਮ ਸਿੰਘ ਬਾਵਾ, ਨਿਰਮਲ ਸਿੰਘ ਸਮੇਤ ਕਲੱਬ ਦੇ ਅਹੁਦੇਦਾਰਾਂ ਅਤੇ ਹੋਰ ਸਹਿਯੋਗੀ ਵਲੰਟੀਅਰਾਂ ਨੇ ਭਾਗ ਲਿਆ।

ਬਲਵਿੰਦਰ ਬਾਲਮ

ਗੁਰਦਾਸਪੁਰ/ਐਡਮਿੰਟਨ, ਕੈਨੇਡਾ


ਫ਼ੋਨ: 98156-25409

ਐਡਮਿੰਟਨ ਵਿਖੇ ਦਰਸ਼ਨ ਅਣਜਾਣ ਦੀ ਕਾਵਿ ਪੁਸਤਕ 'ਰੂਹ ਦੇ ਅੱਥਰੂ' ਦਾ ਵਿਮੋਚਨ



ਐਡਮਿੰਟਨ ਕਨੇਡਾ ਦੀ ਖੂਬਸੂਰਤ ਐਡਮਿੰਟਨ ਪਬਲਿਕ ਲਾਇਬਰੇਰੀ 17 ਸਟਰੀਟ ਮੈਡੋਜ਼ ਵਿਖੇ ਇੱਕ ਸ਼ਾਨਦਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਗੋਸਟੀ ਵਿੱਚ ਕਵੀ ਦਰਸ਼ਨ ਅਣਜਾਣ ਦਾ ਕਾਵਿ ਸੰਗ੍ਰਹਿ 'ਰੂਹ ਦੇ ਅਥਰੂ' ਦਾ ਵਿਮੋਚਨ ਕੀਤਾ ਗਿਆ ਅਤੇ ਉਹਨਾਂ ਨੂੰ ਗੁਰਮੁਖੀ ਅੱਖਰਾਂ ਨਾਲ ਸੱਜੀ ਹੋਈ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪ੍ਰਸਿੱਧ ਬੋਲੀਆਂ ਲੇਖਕਾ ਸੁਰਜੀਤ ਕੌਰ ਧਾਲੀਵਾਲ ਅਤੇ ਬਲਵਿੰਦਰ ਕੌਰ ਗਿੱਲ ਨੇ ਪ੍ਰਧਾਨਗੀ ਕੀਤੀ। ਰੂਹ ਦੇ ਅੱਥਰੂ ਕਾਵਿ ਸਮੂਹ ਉੱਪਰ ਦਲਬੀਰ ਸਿੰਘ ਰਿਆੜ ਅਤੇ ਬਲਵਿੰਦਰ ਬਾਲਮ ਨੇ ਬੋਲਦੇ ਹੋਏ ਕਿਹਾ ਕਿ ਇਸ ਪੁਸਤਕ ਵਿਚਲੀਆਂ ਕਵਿਤਾਵਾਂ ਵਰਤਮਾਨ ਹਾਲਾਤਾਂ ਦੀ ਨਬਜ਼ ਨੂੰ ਟਟੋਲਦੀਆਂ ਹੋਈਆਂ ਯਥਾਰਥ ਦੀ ਤਸਵੀਰ ਪੇਸ਼ ਕਰਦੀਆਂ ਹਨ। ਅੰਧ ਵਿਸ਼ਵਾਸ ਅਤੇ ਸਮੇਂ ਦੇ ਸੱਚ ਨੂੰ ਉਜਾਗਰ ਕਰਦੀਆਂ ਕਵਿਤਾਵਾਂ ਇਸ ਪੁਸਤਕ ਵਿੱਚ ਲਗਭਗ 123 ਕਵਿਤਾਵਾਂ ਹਨ।ਵਿਸ਼ੇਸ਼ ਤੌਰ ਤੇ ਸਿੱਖ ਇਤਿਹਾਸ ਬਾਰੇ ਚਾਨਣਾ ਪਾਉਂਦੀਆਂ ਕਵਿਤਾਵਾਂ ਨਫਾ ਨੁਕਸਾਨ ਦੀ ਵੀ ਪੈਰਵਾਈ ਕਰਦੀਆਂ ਹਨ। ਦਰਸ਼ਨ ਅਣਜਾਣ ਮਾਲਵੇ ਦੇ ਪਿੰਡ ਪਿੱਦੋ ਜ਼ਿਲਾ ਬਠਿੰਡਾ ਚੋਂ ਜਨਮ ਲੈ ਕੇ ਕਨੇਡਾ ਪਹੁੰਚਿਆ। ਉਹ ਚੇਤਨ ਪ੍ਰਵਾਸੀ ਕਵੀ ਹੈ। ਆਮ ਲੋਕਾਂ ਨਾਲੋਂ ਵਧੇਰੇ ਕੋਮਲ ਭਾਵੀ ਹੋਏ ਬਗੈਰ ਕੋਈ ਵਿਅਕਤੀ ਕਵੀ ਨਹੀਂ ਬਣ ਸਕਦਾ। ਉਹ ਸੱਚ ਮੁੱਚ ਹੱਦ ਦਰਜੇ ਦਾ ਕੋਮਲ ਭਾਵੀ ਕਵੀ ਹੈ। ਵਿਦੇਸ਼ੀ ਧਰਤੀ ਤੇ ਰਹਿੰਦਿਆਂ ਉਸਨੇ ਨਾ ਆਪਣੀ ਧਰਤੀ ਨੂੰ ਭੁਲਾਇਆ ਤੇ ਨਾ ਹੀ ਮਾਤ ਭਾਸ਼ਾ ਤੋਂ ਪਾਸਾ ਵੱਟਿਆ।ਕਵੀ ਆਪਣੇ ਵਿਚਾਰ,ਅਹਿਸਾਸ ਤੇ ਅਨੁਭਵ ਅਸਲ ਚੋਂ ਸਹਿਜਤਾ, ਸਰਲਤਾ ਤੇ ਸੌਖ ਨਾਲ ਆਪਣੀ ਮਾਤ ਭਾਸ਼ਾ ਵਿੱਚ ਹੀ ਪਰਗਟ ਕਰ ਸਕਦਾ ਹੈ। ਇਸ ਸਬੰਧੀ ਉਹ ਡੱਟ ਕੇ ਮਾਂ ਬੋਲੀ ਤੇ ਪਹਿਰਾ ਦੇ ਰਿਹਾ ਹੈ। ਇਸ ਮੌਕੇ ਹਾਜ਼ਰ ਕਵੀਆਂ ਨੇ ਆਪਣੀਆਂ ਕਵਿਤਾਵਾਂ ਸੁਣਾ ਕੇ ਖੂਬ ਰੰਗ ਬੰਨਿਆ। ਕਵੀ ਦਰਬਾਰ ਵਿੱਚ ਬਲਵਿੰਦਰ ਬਾਲਮ, ਦਲਬੀਰ ਸਿੰਘ ਰਿਆੜ, ਸਤਨਾਮ ਗਾਹਲੇ, ਅੰਮ੍ਰਿਤਪਾਲ ਸਿੰਘ ਅੰਮ੍ਰਿਤ, ਨਰਿੰਦਰ ਲੁਬਾਣਾ ਤੇ ਤਜਿੰਦਰਪਾਲ ਸਿੰਘ ਰਿਆੜ, ਸੁਰਜੀਤ ਕੌਰ ਧਾਲੀਵਾਲ, ਬਲਵਿੰਦਰ ਕੌਰ ਗਿੱਲ, ਪਾਰਸ ਮਹੀਨੀਆਂ, ਦਰਸ਼ਨ ਅਣਜਾਣ, ਸੁਖਦੇਵ ਸਿੰਘ, ਕੇਵਲ ਸਿੰਘ ਬੱਲ, ਪ੍ਰਗਟ ਸਿੰਘ, ਕਸ਼ਮੀਰਾ ਸਿੰਘ, ਮਾਸਟਰ ਅਜੀਤ ਸਿੰਘ, ਕਾਰਜ ਸਿੰਘ ਔਲਖ, ਕਰਨੈਲ ਸਿੰਘ ਪਰਮਾਰ, ਮਨਜੀਤ ਬੱਲ, ਗੁਰਦਿਆਲ ਸਿੰਘ ਨੇ ਆਪਣੀਆਂ ਰਚਨਾਵਾਂ ਸੁਣਾ ਕੇ ਖੂਬ ਰੰਗ ਬੰਨਿਆਂ। ਮੰਚ ਸੰਚਾਲਨ ਦੇ ਫਰਜ਼ ਕੇਵਲ ਬੱਲ ਨੇ ਬਾਖੂਬੀ ਨਿਭਾਏ।






ਬਲਵਿੰਦਰ ਬਾਲਮ ਗੁਰਦਾਸਪੁਰ ਐਡਮਿੰਟਨ ਕਨੇਡਾ
9815625409

ਗਿਆਨੀ ਕੇਵਲ ਸਿੰਘ ਨਿਰਦੋਸ਼ ਦੀ 38ਵੀਂ ਪੁਸਤਕ 'ਕੁੰਡਲੀਏ ਨਿਰਦੋਸ਼ ਦੇ' ਲੋਕ ਅਰਪਣ

ਫਰੇਜ਼ਰ ਵੈਲੀ ਦੀਆਂ ਸਾਹਿਤਕ ਸੰਸਥਾਵਾਂ ਵੱਲੋਂ ਜੀਵਨ ਭਰ ਦੀਆਂ ਸਾਹਿਤਕ ਤੇ ਪੰਥਕ ਸੇਵਾਵਾਂ ਲਈ ਸਨਮਾਨ

ਐਬਸਫੋਰਡ (ਹਰਦਮ ਸਿੰਘ ਮਾਨ): ਪ੍ਰਸਿੱਧ ਸਿੱਖ ਵਿਦਵਾਨ, ਕਵੀ, ਇਤਿਹਾਸਕਾਰ ਅਤੇ ਖੋਜੀ ਸਾਹਿਤਕਾਰ ਗਿਆਨੀ ਕੇਵਲ ਸਿੰਘ ਨਿਰਦੋਸ਼ ਦੀ 38ਵੀਂ ਪੁਸਤਕ 'ਕੁੰਡਲੀਏ ਨਿਰਦੋਸ਼ ਦੇ' ਦਾ ਲੋਕ ਅਰਪਣ ਸਮਾਗਮ ਐਬਸਫੋਰਡ ਦੀਆਂ ਸਮੂਹ ਪੰਜਾਬੀ ਸਾਹਿਤਕ ਸੰਸਥਾਵਾਂ ਵੱਲੋਂ ਸਾਂਝੇ ਤੌਰ 'ਤੇ ਵਿਰਾਸਤੀ ਗੁਰਦੁਆਰਾ ਸਾਹਿਬ ਖ਼ਾਲਸਾ ਦੀਵਾਨ ਸੁਸਾਇਟੀ ਵਿਖੇ ਕਰਵਾਇਆ ਗਿਆ। ਸਾਹਿਤਕ ਵਿਚਾਰਾਂ, ਕਾਵਿ-ਗਾਇਨ ਅਤੇ ਸਨਮਾਨ ਦੀਆਂ ਭਾਵਨਾਵਾਂ ਨਾਲ ਭਰਪੂਰ ਇਹ ਸਮਾਗਮ ਉਸ ਵੇਲੇ ਵਿਸ਼ੇਸ਼ ਯਾਦਗਾਰੀ ਬਣ ਗਿਆ, ਜਦੋਂ ਫਰੇਜ਼ਰ ਵੈਲੀ ਦੀਆਂ ਸਾਹਿਤਕ ਸੰਸਥਾਵਾਂ ਵੱਲੋਂ 86 ਸਾਲਾ ਗਿਆਨੀ ਨਿਰਦੋਸ਼ ਨੂੰ ਉਨ੍ਹਾਂ ਦੀਆਂ ਲੰਬੇ ਸਮੇਂ ਦੀਆਂ ਸਾਹਿਤਕ ਅਤੇ ਪੰਥਕ ਸੇਵਾਵਾਂ ਲਈ 'ਲਾਈਫ਼ ਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ।





ਇਸ ਮੌਕੇ ਗਿਆਨੀ ਕੇਵਲ ਸਿੰਘ ਨਿਰਦੋਸ਼ ਨੇ ਆਪਣੇ ਜੀਵਨ ਅਤੇ ਸਾਹਿਤਕ ਸਫ਼ਰ ਨਾਲ ਜੁੜੇ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਜੀਵਨ ਦੀਆਂ ਔਕੜਾਂ ਸਿਰਜਣਾਤਮਕਤਾ ਦੇ ਰਾਹ ਵਿੱਚ ਰੁਕਾਵਟ ਨਹੀਂ ਬਣਨੀਆਂ ਚਾਹੀਦੀਆਂ। ਕੈਂਸਰ ਦੀ ਨਾਮੁਰਾਦ ਬਿਮਾਰੀ ਦੇ ਬਾਵਜੂਦ ਚੜ੍ਹਦੀ ਕਲਾ ਵਿੱਚ ਸਾਹਿਤ ਸਿਰਜਦੇ ਰਹਿਣ ਦੀ ਉਨ੍ਹਾਂ ਦੀ ਦ੍ਰਿੜਤਾ ਨੇ ਹਾਜ਼ਰ ਸਰੋਤਿਆਂ ਨੂੰ ਪ੍ਰਭਾਵਿਤ ਕੀਤਾ। ਸਨਮਾਨ ਲਈ ਧੰਨਵਾਦ ਕਰਦਿਆਂ ਉਨ੍ਹਾਂ ਫਰੇਜ਼ਰ ਵੈਲੀ ਦੀਆਂ ਵੱਖ-ਵੱਖ ਸਾਹਿਤਕ ਸੰਸਥਾਵਾਂ ਨੂੰ ਆਪਸੀ ਸਹਿਯੋਗ ਨਾਲ ਇੱਕ ਸਾਂਝੀ ਸਾਹਿਤ ਸਭਾ ਦੇ ਰੂਪ ਵਿੱਚ ਇਕੱਠੇ ਹੋ ਕੇ ਕੰਮ ਕਰਨ ਦਾ ਸੱਦਾ ਵੀ ਦਿੱਤਾ, ਜਿਸ ਦਾ ਹਾਜ਼ਰੀਨ ਵੱਲੋਂ ਹੁੰਗਾਰਾ ਭਰਿਆ ਗਿਆ।

ਪੁਸਤਕ ਬਾਰੇ ਵਿਚਾਰ ਪੇਸ਼ ਕਰਦਿਆਂ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ 'ਕੁੰਡਲੀਏ ਨਿਰਦੋਸ਼ ਦੇ' ਪੰਜਾਬੀ ਕਾਵਿ-ਪਰੰਪਰਾ ਵਿੱਚ ਹੌਲੀ-ਹੌਲੀ ਅਲੋਪ ਹੋ ਰਹੇ 'ਕੁੰਡਲੀਆ' ਮਾਤਰਿਕ ਛੰਦ ਨੂੰ ਮੁੜ ਸੁਰਜੀਤ ਕਰਨ ਵੱਲ ਇੱਕ ਮਹੱਤਵਪੂਰਨ ਯਤਨ ਹੈ। ਉਨ੍ਹਾਂ ਪੁਸਤਕ ਦੀ ਵਿਸ਼ਾ-ਵਸਤੂ, ਕਾਵਿ-ਸ਼ੈਲੀ ਅਤੇ ਰਚਨਾਤਮਕ ਪੱਖਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਅਤੇ ਇਸ ਨੂੰ ਲੇਖਕ ਦੀ ਲੰਮੀ ਸਾਹਿਤਕ ਸਾਧਨਾ ਦਾ ਇੱਕ ਹੋਰ ਮਹੱਤਵਪੂਰਨ ਪੜਾਅ ਦੱਸਿਆ।

ਸਾਹਿਤ ਦੇ ਸਰਪ੍ਰਸਤ ਗੁਰਬਖਸ਼ ਸਿੰਘ ਢੱਟ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਬੀਬੀ ਸਤਵੰਤ ਕੌਰ ਪੰਧੇਰ ਨੇ ਗਿਆਨੀ ਨਿਰਦੋਸ਼ ਦੀ ਸ਼ਖ਼ਸੀਅਤ ਬਾਰੇ ਭਾਵਪੂਰਤ ਵਿਚਾਰ ਸਾਂਝੇ ਕੀਤੇ, ਜਦਕਿ ਉੱਘੀ ਨਾਵਲਕਾਰ ਹਰਕੀਰਤ ਕੌਰ ਚਾਹਲ ਨੇ ਉਨ੍ਹਾਂ ਦੀ ਇਤਿਹਾਸਕਾਰ, ਸੰਗੀਤਕਾਰ, ਕਵੀ ਅਤੇ ਖੋਜੀ ਵਿਦਵਾਨ ਵਜੋਂ ਬਹੁਪੱਖੀ ਦੇਣ ਨੂੰ ਰੇਖਾਂਕਿਤ ਕੀਤਾ। ਲੇਖਕ ਨੂੰ ਬੁੱਕੇ ਭੇਟ ਕਰਨ ਦੀ ਰਸਮ ਤਰਲੋਕ ਸਿੰਘ ਬਰਾੜ, ਐਡਵੋਕੇਟ ਅਮਨ ਚੀਮਾ ਅਤੇ ਪਰਿਵਾਰਕ ਮੈਂਬਰਾਂ ਵੱਲੋਂ ਨਿਭਾਈ ਗਈ।

ਸਮਾਗਮ ਦੇ ਕਾਵਿ-ਪੱਖ ਨੂੰ ਢਾਡੀ ਸੁਰਜੀਤ ਸਿੰਘ ਸਫ਼ਰੀ ਅਤੇ ਚਮਕੌਰ ਸਿੰਘ ਸੋਖੇ ਭੋਤਨਾ ਨੇ ਗਿਆਨੀ ਨਿਰਦੋਸ਼ ਦੀਆਂ ਕੁੰਡਲੀਆਂ ਨੂੰ ਢਾਡੀ ਅੰਦਾਜ਼ ਵਿੱਚ ਗਾ ਕੇ ਪ੍ਰਭਾਵਸ਼ਾਲੀ ਬਣਾਇਆ। ਗੁਰਮੇਲ ਸਿੰਘ ਕਟਾਰੀਆ ਨੇ ਉਨ੍ਹਾਂ ਦੀ ਕਵਿਤਾ 'ਪਾਣੀ ਵਿੱਚ ਮਧਾਣੀ' ਦਾ ਗਾਇਨ ਕੀਤਾ, ਜਦਕਿ ਸੁਖਮੰਦਰ ਸਿੰਘ ਬਰਾੜ ਭਗਤਾ ਭਾਈ ਕਾ ਅਤੇ ਮੁਲਖ ਰਾਜ ਬਜਾਜ 'ਪ੍ਰੇਮੀ' ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ।

ਸਮਾਗਮ ਵਿੱਚ ਲਖਬੀਰ ਸਿੰਘ, ਪਵਨ ਗਿੱਲਾਂ ਵਾਲਾ, ਗੁਰਦੇਵ ਸਿੰਘ ਬਰਾੜ, ਗੁਰਪ੍ਰੀਤ ਸਿੰਘ ਚਾਹਲ, ਸੁਰਜੀਤ ਸਿੰਘ ਅੱਚਰਵਾਲ, ਸੁਰਜੀਤ ਸਿੰਘ ਸਹੋਤਾ, ਦਵਿੰਦਰ ਸਿੰਘ ਪੂਨੀਆ, ਮਹਿਮਾ ਸਿੰਘ ਤੂਰ, ਹਰੀ ਸਿੰਘ ਤਾਤਲਾ, ਮਲਕੀਤ ਸਿੰਘ ਮੀਲੂ, ਗੁਰਦੇਵ ਸਿੰਘ ਬੁੱਟਰ, ਲਖਜੀਤ ਸਿੰਘ ਸਾਰੰਗ, ਸੁਖਵਿੰਦਰ ਸਿੰਘ ਚੋਹਲਾ, ਬਲਵਿੰਦਰ ਸਿੰਘ ਰੁਪਾਲ, ਸੁਖਦੇਵ ਸਿੰਘ ਗੋਹਲਵੜ, ਕਿਰਪਾਲ ਸਿੰਘ ਗਰਚਾ ਅਤੇ ਸੁਖਦੇਵ ਸਿੰਘ ਗਰਚਾ ਸਮੇਤ ਵੱਡੀ ਗਿਣਤੀ ਵਿੱਚ ਸਾਹਿਤ ਪ੍ਰੇਮੀ ਹਾਜ਼ਰ ਸਨ। ਸਮਾਗਮ ਦਾ ਸੰਚਾਲਨ ਡਾ. ਸੁਰਿੰਦਰਜੀਤ ਸਿੰਘ ਭੇਲਾ ਨੇ ਸੁਚੱਜੇ ਢੰਗ ਨਾਲ ਕੀਤਾ।

ਹਰਦਮ ਮਾਨ

ਸਪੈਸ਼ਲ ਰਿਪੋਰਟਰ, ਬੀ.ਸੀ., ਕੈਨੇਡਾ

ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਪੁਸਤਕ ਰਿਲੀਜ਼ ਸਮਾਗਮ ਅਤੇ ਕਵੀ ਦਰਬਾਰ

'ਕਿੱਸਾ ਸ਼ੀਰੀਂ ਫਰਿਹਾਦ ਤੇ ਕਾਕਾ ਪ੍ਰਤਾਪੀ' ਅਤੇ 'ਤਾਰਿਆਂ ਦੀ ਮਹਿਫ਼ਿਲ' ਪੁਸਤਕਾਂ ਲੋਕ ਅਰਪਣ









ਸਰੀ (ਹਰਦਮ ਮਾਨ)-ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਵੱਲੋਂ ਇੰਡੋ-ਕੈਨੇਡੀਅਨ ਸੀਨੀਅਰ ਸਿਟੀਜ਼ਨ ਸੈਂਟਰ, ਸਰੀ ਵਿਖੇ ਆਪਣੀ ਮਾਸਿਕ ਇਕੱਤਰਤਾ ਦੌਰਾਨ ਇੱਕ ਯਾਦਗਾਰੀ ਸਾਹਿਤਕ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਪ੍ਰਸਿੱਧ ਕਵੀਸ਼ਰ ਅਤੇ ਸਾਰੰਗੀ ਵਾਦਕ ਚਮਕੌਰ ਸਿੰਘ ਸੇਖੋਂ ਦੀ ਨਵ-ਪ੍ਰਕਾਸ਼ਿਤ ਪੁਸਤਕ 'ਕਿੱਸਾ ਸ਼ੀਰੀਂ ਫਰਿਹਾਦ ਤੇ ਕਾਕਾ ਪ੍ਰਤਾਪੀ' ਅਤੇ ਵੀਤ ਬਾਦਸ਼ਾਹਪੁਰੀ ਦੁਆਰਾ ਸੰਪਾਦਿਤ ਕਾਵਿ-ਸੰਗ੍ਰਹਿ 'ਤਾਰਿਆਂ ਦੀ ਮਹਿਫ਼ਿਲ' ਰਿਲੀਜ਼ ਕੀਤੇ ਗਏ।

ਸਮਾਗਮ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਚਮਕੌਰ ਸਿੰਘ ਸੇਖੋਂ, ਵੀਤ ਬਾਦਸ਼ਾਹਪੁਰੀ ਅਤੇ ਦਰਸ਼ਨ ਸੰਘਾ ਨੇ ਸਾਂਝੇ ਤੌਰ 'ਤੇ ਕੀਤੀ। ਸਮਾਗਮ ਦੇ ਆਰੰਭ ਵਿੱਚ ਪ੍ਰਿਤਪਾਲ ਗਿੱਲ ਨੇ ਦੋਵਾਂ ਪੁਸਤਕਾਂ ਅਤੇ ਉਨ੍ਹਾਂ ਦੇ ਰਚਨਾਕਾਰਾਂ ਬਾਰੇ ਸੰਖੇਪ ਜਾਣ-ਪਛਾਣ ਕਰਵਾਈ। ਇਸ ਉਪਰੰਤ ਡਾ. ਦਵਿੰਦਰ ਕੌਰ ਨੇ ਚਮਕੌਰ ਸਿੰਘ ਸੇਖੋਂ ਦੀ ਪੁਸਤਕ ਬਾਰੇ ਆਪਣਾ ਪਰਚਾ ਪੜ੍ਹਿਆ, ਜਦਕਿ ਹਰਵਿੰਦਰ ਕੌਰ ਨੇ 'ਤਾਰਿਆਂ ਦੀ ਮਹਿਫ਼ਿਲ' ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਪ੍ਰੋ. ਕਸ਼ਮੀਰਾ ਸਿੰਘ ਗਿੱਲ, ਹਰਜਿੰਦਰ ਸਿੰਘ ਬਿੰਦ ਅਤੇ ਪ੍ਰਿੰ. ਮਲੂਕ ਚੰਦ ਕਲੇਰ ਨੇ ਦੋਵਾਂ ਪੁਸਤਕਾਂ ਦੇ ਲੇਖਕਾਂ ਨੂੰ ਮੁਬਾਰਕਬਾਦ ਦਿੰਦਿਆਂ ਪੰਜਾਬੀ ਸਾਹਿਤ ਦੇ ਵਿਕਾਸ ਵਿੱਚ ਅਜਿਹੇ ਉਪਰਾਲਿਆਂ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ।

ਸਮਾਗਮ ਦੇ ਦੂਜੇ ਦੌਰ ਵਿੱਚ ਲੋਕ-ਕਾਵਿ ਅਤੇ ਕਵੀਸ਼ਰੀ ਦੀ ਰੰਗਤ ਵੇਖਣ ਨੂੰ ਮਿਲੀ। ਚਮਕੌਰ ਸਿੰਘ ਸੇਖੋਂ, ਨਵਦੀਪ ਗਿੱਲ ਅਤੇ ਜੁਗਰਾਜ ਸਿੰਘ ਨੇ ਕਿੱਸਾ ਸ਼ੀਰੀਂ ਫਰਿਹਾਦ ਵਿੱਚੋਂ ਰਸਭਿੰਨੀ ਕਵੀਸ਼ਰੀ ਪੇਸ਼ ਕਰਕੇ ਸਰੋਤਿਆਂ ਨੂੰ ਪੰਜਾਬੀ ਲੋਕ-ਵਿਰਸੇ ਨਾਲ ਜੋੜਿਆ। ਇਸ ਤੋਂ ਬਾਅਦ ਹੋਏ ਕਵੀ ਦਰਬਾਰ ਵਿੱਚ ਸਥਾਨਕ ਸ਼ਾਇਰਾਂ ਨੇ ਆਪਣੀਆਂ ਕਾਵਿ-ਰਚਨਾਵਾਂ ਪੇਸ਼ ਕਰਕੇ ਸਮਾਗਮ ਨੂੰ ਕਾਵਿਕ ਰੰਗ ਵਿੱਚ ਰੰਗ ਦਿੱਤਾ। ਗੁਰਦਰਸ਼ਨ ਸਿੰਘ ਬਾਦਲ, ਮੋਹਨ ਗਿੱਲ, ਹਰਚੰਦ ਸਿੰਘ ਗਿੱਲ, ਮਨਜੀਤ ਮੱਲ੍ਹਾ, ਹਰਦਮ ਸਿੰਘ ਮਾਨ, ਹਰਚਰਨ ਸਿੰਘ ਸੰਧੂ, ਗੁਰਮਿੰਦਰ ਸਿੱਧੂ, ਦਰਸ਼ਨ ਸੰਘਾ, ਪਲਵਿੰਦਰ ਰੰਧਾਵਾ, ਕਵਿੰਦਰ ਚਾਂਦ, ਇੰਦਰਜੀਤ ਧਾਮੀ, ਅਜਮੇਰ ਸਿੰਘ ਢਿੱਲੋਂ ਅਤੇ ਅਮਰਜੀਤ ਕੌਰ ਸਮੇਤ ਕਈ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਵਾਈ।

ਸਮਾਗਮ ਵਿੱਚ ਬਲਬੀਰ ਸਿੰਘ ਸੰਘਾ, ਜਸਵੀਰ ਭਲੂਰੀਆ, ਅੰਗਰੇਜ਼ ਬਰਾੜ, ਡਾ. ਸ਼ਿੰਦਰ ਪੁਰੇਵਾਲ ਅਤੇ ਡਾ. ਹਰਦੇਵ ਸਿੰਘ ਵਿਰਕ, ਗੁਰਸੇਵ ਪੰਧੇਰ, ਰਛਪਾਲ ਗਿੱਲ, ਨਿਰੰਜਨ ਲਹਿਲ, ਦਵਿੰਦਰ ਬਚਰਾ, ਬਲਬੀਰ ਸਿੰਘ ਗਰਚਾ, ਇੰਦਰਪਾਲ ਸੰਧੂ, ਬਿੱਕਰ ਸਿੰਘ ਖੋਸਾ ਸਮੇਤ ਵੱਡੀ ਗਿਣਤੀ ਵਿੱਚ ਸਾਹਿਤ ਪ੍ਰੇਮੀਆਂ ਦੀ ਸ਼ਮੂਲੀਅਤ ਨੇ ਸਮਾਗਮ ਨੂੰ ਹੋਰ ਵੀ ਸਾਰਥਕ ਅਤੇ ਪ੍ਰਭਾਵਸ਼ਾਲੀ ਬਣਾਇਆ।

ਸਮੁੱਚੇ ਸਮਾਗਮ ਦਾ ਮੰਚ ਸੰਚਾਲਨ ਸਭਾ ਦੇ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਬਾ-ਖ਼ੂਬੀ ਨਿਭਾਇਆ। ਉਨ੍ਹਾਂ ਨੇ ਸਮਾਗਮ ਦੇ ਵੱਖ-ਵੱਖ ਪੜਾਵਾਂ ਨੂੰ ਸੁਚੱਜੇ ਢੰਗ ਨਾਲ ਜੋੜਦਿਆਂ ਸਾਹਿਤਕ ਮਾਹੌਲ ਨੂੰ ਬਣਾਈ ਰੱਖਿਆ। ਅੰਤ ਵਿੱਚ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਮਾਗਮ ਵਿੱਚ ਸ਼ਾਮਲ ਹੋਈਆਂ ਸਮੂਹ ਸਾਹਿਤਕ ਸ਼ਖ਼ਸੀਅਤਾਂ, ਸ਼ਾਇਰਾਂ ਅਤੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ।

ਹਰਦਮ ਮਾਨ

ਸਪੈਸ਼ਲ ਰਿਪੋਰਟਰ, ਬੀ.ਸੀ., ਕੈਨੇਡਾ

ਸਰੀ ਵਿਚ ਵੈਨਕੂਵਰ ਵਿਚਾਰ ਮੰਚ ਵੱਲੋਂ 'ਜਰਨੈਲ ਸਿੰਘ ਆਰਟਿਸਟ ਸਿਮਰਤੀ ਗ੍ਰੰਥ' ਲੋਕ ਅਰਪਣ

ਜਰਨੈਲ ਸਿੰਘ ਆਰਟਿਸਟ ਨੂੰ ਮਹਾਨ ਚਿੱਤਰਕਾਰ, ਨਿਮਰ, ਸਾਦੇ, ਮਿਲਣਸਾਰ ਅਤੇ ਸੰਵੇਦਨਸ਼ੀਲ ਇਨਸਾਨ ਵਜੋਂ ਯਾਦ ਕੀਤਾ ਗਿਆ

ਸਰੀ, (ਹਰਦਮ ਮਾਨ)- ਵੈਨਕੂਵਰ ਵਿਚਾਰ ਮੰਚ (ਰਜਿ.) ਵੱਲੋਂ ਬੀਤੇ ਦਿਨ ਪ੍ਰਸਿੱਧ ਚਿੱਤਰਕਾਰ ਜਰਨੈਲ ਸਿੰਘ ਆਰਟਿਸਟ ਦੀ ਯਾਦ ਨੂੰ ਸਮਰਪਿਤ ਦੇ ਬੁਲਾਰੇ ਅੰਗਰੇਜ਼ ਬਰਾੜ ਨੇ ਹਾਜ਼ਰੀਨ ਦਾ ਸਵਾਗਤ ਕੀਤਾ। ਉਨ੍ਹਾਂ ਨੇ ਜਰਨੈਲ ਸਿੰਘ ਆਰਟਿਸਟ ਨਾਲ ਆਪਣੀ ਲੰਮੀ ਸਾਂਝ ਅਤੇ ਦੋਸਤੀ ਨੂੰ ਯਾਦ ਕਰਦਿਆਂ ਉਨ੍ਹਾਂ ਨਾਲ ਪੱਖਾਂ ਬਾਰੇ ਵਿਸਥਾਰ ਨਾਲ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਸਿਮਰਤੀ ਗ੍ਰੰਥ ਦੀ ਤਿਆਰੀ, ਇਸ ਦੇ ਮਕਸਦ ਅਤੇ ਜਰਨੈਲ ਸਿੰਘ ਆਰਟਿਸਟ ਦੀਆਂ ਯਾਦਾਂ ਨੂੰ ਸਾਂਭਣ ਲਈ



ਸਿਮਰਤੀ ਗਰੰਥ ਰਿਲੀਜ਼ ਸਮਾਗਮ ਗਰੈਂਡ ਤਾਜ ਬੈਂਕੁਇਟ ਹਾਲ ਸਰੀ ਵਿਖੇ ਕਰਵਾਇਆ ਗਿਆ। ਸਮਾਗਮ ਦੌਰਾਨ ਜਰਨੈਲ ਸਿੰਘ ਆਰਟਿਸਟ ਦੇ ਜੀਵਨ, ਕਲਾ, ਸਾਹਿਤਕ-ਸੱਭਿਆਚਾਰਕ ਸਰੋਕਾਰਾਂ ਅਤੇ ਉਨ੍ਹਾਂ ਦੀ ਨਿੱਘੀ ਸ਼ਖ਼ਸੀਅਤ ਨਾਲ ਜੁੜੀਆਂ ਯਾਦਾਂ ਨੂੰ ਵੱਖ-ਵੱਖ ਬੁਲਾਰਿਆਂ ਨੇ ਸਾਂਝਾ ਕੀਤਾ। ਇਸ ਮੌਕੇ 'ਜਰਨੈਲ ਸਿੰਘ ਆਰਟਿਸਟ ਸਿਮਰਤੀ ਗ੍ਰੰਥ' ਵੀ ਰਿਲੀਜ਼ ਕੀਤਾ ਗਿਆ।

ਸਮਾਗਮ ਦੀ ਸ਼ੁਰੂਆਤ ਕਰਦਿਆਂ ਵੈਨਕੂਵਰ ਵਿਚਾਰ ਮੰਚ ਆਖਰੀ ਸਮੇਂ ਤੱਕ ਹੋਈ ਗੱਲਬਾਤ ਅਤੇ ਵਿਚਾਰ-ਵਟਾਂਦਰੇ ਬਾਰੇ ਭਾਵਪੂਰਨ ਢੰਗ ਨਾਲ ਗੱਲ ਕੀਤੀ। ਉਨ੍ਹਾਂ ਕਿਹਾ ਕਿ ਜਰਨੈਲ ਸਿੰਘ ਆਰਟਿਸਟ ਦੀ ਯਾਦ ਉਨ੍ਹਾਂ ਨਾਲ ਜੁੜੇ ਲੋਕਾਂ ਦੇ ਦਿਲਾਂ ਵਿੱਚ ਹਮੇਸ਼ਾ ਜਿਉਂਦੀ ਰਹੇਗੀ।

ਉਪਰੰਤ ਵੈਨਕੂਵਰ ਵਿਚਾਰ ਮੰਚ ਦੇ ਸਰਪ੍ਰਸਤ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਜਰਨੈਲ ਸਿੰਘ ਆਰਟਿਸਟ ਨਾਲ ਆਪਣੀ ਲੰਮੀ ਸਾਂਝ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਕਲਾ ਦੇ ਵੱਖ-ਵੱਖ ਕੀਤੇ ਇਸ ਉਪਰਾਲੇ ਬਾਰੇ ਵੀ ਜਾਣਕਾਰੀ ਦਿੱਤੀ।

ਜਰਨੈਲ ਸਿੰਘ ਆਰਟਿਸਟ ਸਿਮਰਤੀ ਗਰੰਥ ਲੋਕ ਅਰਪਣ ਕਰਨ ਉਪਰੰਤ ਮੰਚ ਦੇ ਬੁਲਾਰੇ ਮੋਹਨ ਗਿੱਲ ਨੇ ਸਟੇਜ ਦੀ ਕਾਰਵਾਈ ਸੰਭਾਲਦਿਆਂ ਵੱਖ-ਵੱਖ ਬੁਲਾਰਿਆਂ ਨੂੰ ਜਰਨੈਲ ਸਿੰਘ ਆਰਟਿਸਟ ਨਾਲ ਆਪਣੀ ਸਾਂਝ ਅਤੇ ਉਨ੍ਹਾਂ ਦੀ ਕਲਾ ਤੇ ਸ਼ਖ਼ਸੀਅਤ ਬਾਰੇ ਵਿਚਾਰ ਸਾਂਝੇ ਕਰਨ ਲਈ ਸੱਦਾ ਦਿੱਤਾ। ਇਸ ਮੌਕੇ ਮੀਰਾ ਗਿੱਲ, ਕੁਲਜੀਤ ਕੌਰ, ਆਸ਼ਿਆਨਾ, ਸ਼ਾਇਰ ਜਸਵਿੰਦਰ, ਡਾ. ਅਮਰਜੀਤ ਭੁੱਲਰ,

ਗੁਰਦੀਪ ਭੁੱਲਰ, ਡਾ. ਗੁਲਜ਼ਾਰ ਸਿੰਘ ਵਿਲਿੰਗ, ਅਜਮੇਰ ਰੋਡੇ, ਬਲਦੇਵ ਬਾਠ, ਇੰਦਰਜੀਤ ਧਾਮੀ, ਡਾ. ਗੁਰਵਿੰਦਰ ਧਾਲੀਵਾਲ, ਡਾ. ਗੁਰਮਿੰਦਰ ਸਿੱਧੂ, ਅਮਰਜੀਤ ਖਹਿਰਾ, ਸਤੀਸ਼ ਗੁਲਾਟੀ, ਜਰਨੈਲ ਸਿੰਘ ਆਰਟਿਸਟ ਦੀ ਬੇਟੀ ਨੀਤੀ ਸਿੰਘ, ਅਮਰੀਕ ਪਲਾਹੀ, ਕਵਿੰਦਰ ਚਾਂਦ, ਗੁਲਸ਼ਨ ਦਿਆਲ, ਸੁਰਜੀਤ ਕਲਸੀ, ਹਰਕੀਰਤ ਚਾਹਲ, ਬਲਰਾਜ ਬਾਸੀ, ਕੇਸਰ ਸਿੰਘ ਕੂਨਰ, ਮਹਿੰਦਰਪਾਲ ਸਿੰਘ ਪਾਲ, ਗੁਰਦੇਵ ਸਿੰਘ ਦਰਦੀ, ਬਖ਼ਸ਼ਿੰਦਰ, ਨਵਲਪ੍ਰੀਤ ਰੰਗੀ, ਅਸ਼ੋਕ ਭਾਰਗਵ, ਕ੍ਰਿਸ਼ਨ ਬੈਕਟਰ ਅਤੇ ਪ੍ਰਿੰਅਕਾ ਨਿੱਝਰ ਸਮੇਤ ਹੋਰ ਸ਼ਖ਼ਸੀਅਤਾਂ ਨੇ ਆਪਣੇ ਵਿਚਾਰ ਪੇਸ਼ ਕੀਤੇ।

ਬੁਲਾਰਿਆਂ ਨੇ ਜਰਨੈਲ ਸਿੰਘ ਆਰਟਿਸਟ ਨਾਲ ਜੁੜੀਆਂ ਆਪਣੀਆਂ ਨਿੱਜੀ ਯਾਦਾਂ ਸਾਂਝੀਆਂ ਕਰਦਿਆਂ ਉਨ੍ਹਾਂ ਨੂੰ ਇੱਕ ਬਿਹਤਰੀਨ ਚਿੱਤਰਕਾਰ ਦੇ ਨਾਲ ਨਾਲ ਬੇਹੱਦ ਨਿਮਰ, ਸਾਦੇ, ਮਿਲਣਸਾਰ ਅਤੇ ਸੰਵੇਦਨਸ਼ੀਲ ਇਨਸਾਨ ਵਜੋਂ ਯਾਦ ਕੀਤਾ। ਉਨ੍ਹਾਂ ਦੀ ਚਿੱਤਰਕਲਾ ਵਿੱਚ ਮੌਜੂਦ ਸੁਹਜ, ਡੂੰਘੀ ਸੋਚ, ਪੰਜਾਬੀਅਤ ਅਤੇ ਮਨੁੱਖੀ ਸੰਵੇਦਨਾ ਬਾਰੇ ਵੀ ਬੁਲਾਰਿਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਕਈ ਬੁਲਾਰਿਆਂ ਨੇ ਉਨ੍ਹਾਂ ਨਾਲ ਬਿਤਾਏ ਪਲਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਸ਼ਖ਼ਸੀਅਤ ਦੇ ਅਜਿਹੇ ਪੱਖ ਸਾਹਮਣੇ ਲਿਆਂਦੇ, ਜਿਨ੍ਹਾਂ ਨੇ ਸਮਾਗਮ ਨੂੰ ਹੋਰ ਵੀ ਭਾਵਪੂਰਨ ਬਣਾ ਦਿੱਤਾ। ਬੁਲਾਰਿਆਂ ਨੇ ਵੈਨਕੂਵਰ ਵਿਚਾਰ ਮੰਚ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇੱਕ ਕਲਾਕਾਰ ਦੇ ਜੀਵਨ, ਕਲਾ ਅਤੇ ਸ਼ਖ਼ਸੀਅਤ ਨਾਲ ਜੁੜੀਆਂ ਯਾਦਾਂ ਨੂੰ ਪੁਸਤਕ ਦੇ ਰੂਪ ਵਿੱਚ ਸਾਂਭਣਾ ਆਉਣ ਵਾਲੀਆਂ ਪੀੜ੍ਹੀਆਂ ਲਈ ਮਹੱਤਵਪੂਰਨ ਦਸਤਾਵੇਜ਼ ਸਾਬਤ ਹੋਵੇਗਾ।



ਸਮਾਗਮ ਦੌਰਾਨ ਗੁਰਦੀਪ ਭੁੱਲਰ ਵੱਲੋਂ ਜਰਨੈਲ ਸਿੰਘ ਆਰਟਿਸਟ ਦੇ ਜੀਵਨ ਅਤੇ ਕਲਾ ਸੰਬੰਧੀ ਤਿਆਰ ਕੀਤੀ ਗਈ ਇੱਕ ਖ਼ੂਬਸੂਰਤ ਡਾਕੂਮੈਂਟਰੀ ਫ਼ਿਲਮ ਵੀ ਪ੍ਰਦਰਸ਼ਿਤ ਕੀਤੀ ਗਈ। ਫ਼ਿਲਮ ਵਿੱਚ ਉਨ੍ਹਾਂ ਦੇ ਜੀਵਨ, ਕਲਾਤਮਕ ਸਫ਼ਰ ਅਤੇ ਚਿੱਤਰਕਲਾ ਦੇ ਵੱਖ-ਵੱਖ ਪੱਖਾਂ ਨੂੰ ਪੇਸ਼ ਕੀਤਾ ਗਿਆ। ਜਰਨੈਲ ਸਿੰਘ ਆਰਟਿਸਟ ਦੀ ਬੇਟੀ ਨੀਤੀ ਸਿੰਘ ਵੱਲੋਂ ਉਨ੍ਹਾਂ ਦੀ ਕਲਾ ਨਾਲ ਸਬੰਧਤ ਕੁਝ ਚਿੱਤਰਾਂ ਦੀ ਵਿਸ਼ੇਸ਼ ਪ੍ਰਦਰਸ਼ਨੀ ਵੀ ਲਾਈ ਗਈ। ਕਲਾ ਪ੍ਰੇਮੀਆਂ ਨੇ ਇਨ੍ਹਾਂ ਚਿੱਤਰਾਂ ਨੂੰ ਦਿਲਚਸਪੀ ਨਾਲ ਦੇਖਿਆ ਅਤੇ ਜਰਨੈਲ ਸਿੰਘ ਆਰਟਿਸਟ ਦੀ ਕਲਾਤਮਿਕ ਪ੍ਰਤਿਭਾ ਨੂੰ ਨੇੜਿਓਂ ਮਹਿਸੂਸ ਕੀਤਾ। ਇਸੇ ਦੌਰਾਨ ਗੁਲਾਟੀ ਪਬਲਿਸ਼ਰਜ਼ ਲਿਮਿਟਿਡ, ਸਰੀ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਾਈ ਗਈ, ਜਿਸ ਵਿੱਚ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨਾਲ ਸਬੰਧਤ ਵੱਖ-ਵੱਖ ਪੁਸਤਕਾਂ ਪ੍ਰਦਰਸ਼ਿਤ ਕੀਤੀਆਂ ਗਈਆਂ।

ਅੰਤ ਵਿੱਚ ਵੈਨਕੂਵਰ ਵਿਚਾਰ ਮੰਚ ਦੇ ਬੁਲਾਰੇ ਹਰਦਮ ਮਾਨ ਨੇ ਸਮਾਗਮ ਵਿੱਚ ਸ਼ਾਮਲ ਹੋਏ ਸਾਰੇ ਬੁਲਾਰਿਆਂ, ਸਹਿਯੋਗੀਆਂ, ਕਲਾ ਅਤੇ ਸਾਹਿਤ ਨਾਲ ਜੁੜੀਆਂ ਸ਼ਖ਼ਸੀਅਤਾਂ, ਜਰਨੈਲ ਸਿੰਘ ਆਰਟਿਸਟ ਦੇ ਪਰਿਵਾਰਕ ਮੈਂਬਰਾਂ, ਪ੍ਰਸ਼ੰਸਕਾਂ ਅਤੇ ਸਮਾਗਮ ਦੀ ਸਫ਼ਲਤਾ ਲਈ ਸਹਿਯੋਗ ਦੇਣ ਵਾਲੇ ਸਮੂਹ ਸੱਜਣਾਂ ਦਾ ਧੰਨਵਾਦ ਕੀਤਾ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਸਿਮਰਤੀ ਗ੍ਰੰਥ ਦੀ ਤਿਆਰੀ ਅਤੇ ਸਮਾਗਮ ਦੇ ਪ੍ਰਬੰਧਾਂ ਵਿੱਚ ਸਹਿਯੋਗ ਦੇਣ ਵਾਲਿਆਂ ਦਾ ਵੀ ਧੰਨਵਾਦ ਕੀਤਾ।

ਹਰਦਮ ਮਾਨ
ਸਪੈਸ਼ਲ ਰਿਪੋਰਟਰ,
ਬੀ.ਸੀ., ਕੈਨੇਡਾ

ਸ਼ਹੀਦਾਂ ਸਿੰਘਾਂ ਨੂੰ ਸਮਰਪਿਤ ਸਿੱਖ ਯੂਥ ਐਡਮੰਟਨ ਵੱਲੋਂ ਦਸਤਾਰ ਤੇ ਦੁਮਾਲਾ ਮੁਕਾਬਲੇ ਕਰਵਾਏ ਗਏ



ਐਡਮੰਟਨ, ਕੈਨੇਡਾ ਦੇ ਪ੍ਰਸਿੱਧ ਸਿਲਵਰਬੈਰੀ ਪਾਰਕ ਵਿਖੇ ਸ਼ਹੀਦਾਂ ਸਿੰਘਾਂ ਨੂੰ ਸਮਰਪਿਤ ਸਿੱਖ ਯੂਥ ਐਡਮੰਟਨ ਵੱਲੋਂ ਦਸਤਾਰ ਅਤੇ ਦੁਮਾਲਾ ਮੁਕਾਬਲੇ ਕਰਵਾਏ ਗਏ। ਦਸ ਸਾਲ ਤੋਂ ਘੱਟ ਉਮਰ ਦੇ ਬੱਚੇ ਦਸਤਾਰ ਘਰੋਂ ਸਜਾ ਕੇ ਆਏ, ਜਦਕਿ ਦਸ ਤੋਂ ਪੰਦਰ੍ਹਾਂ ਸਾਲ ਅਤੇ ਸੋਲ੍ਹਾਂ ਸਾਲ ਤੋਂ ਉੱਪਰ ਦੇ ਬੱਚਿਆਂ ਦੇ ਦਸਤਾਰ ਮੁਕਾਬਲੇ ਮੌਕੇ 'ਤੇ ਕਰਵਾਏ ਗਏ।

ਇਸ ਮੌਕੇ ਵੱਖ-ਵੱਖ ਬੁਲਾਰਿਆਂ ਵੱਲੋਂ ਸਿੱਖ ਇਤਿਹਾਸ ਅਤੇ ਮੌਜੂਦਾ ਹਾਲਾਤਾਂ ਸਬੰਧੀ ਪ੍ਰਭਾਵਸ਼ਾਲੀ ਪ੍ਰਸੰਗ ਰੱਖੇ ਗਏ। ਵਿਸ਼ੇਸ਼ ਤੌਰ 'ਤੇ ਭਾਈ ਕਸ਼ਮੀਰ ਸਿੰਘ(ਢਾਡੀ ਜਥਾ), ਬੀਬੀ ਬੀਰਪਾਲ ਕੌਰ(ਢਾਡੀ ਜਥਾ), ਸੀਤਲ ਸਿੰਘ ਨਨੂੰਆ, ਡਾ. ਅਮਰਜੀਤ ਸਿੰਘ(ਫਾਊਂਡਰ ਆਫ ਟੀਵੀ 84), ਭਾਈ ਮਨਵੀਰ ਸਿੰਘ ਮੌਂਟਰੀਅਲ(ਕਨਵੀਨਰ ਆਫ ਸ਼੍ਰੋਮਣੀ ਅਕਾਲੀ ਦਲ), ਭਾਈ ਗੁਰਦੇਵ ਸਿੰਘ ਯੂਐਸਏ(ਗਲੋਬਲ ਵਾਇਸ ਆਫ ਪੰਜਾਬ, ਟੀਵੀ 84), ਭਾਈ ਮਲਕੀਅਤ ਸਿੰਘ ਢੇਸੀ, ਭਾਈ ਅਵਤਾਰ ਸਿੰਘ ਪੰਨੂ ਅਤੇ ਬੀਬੀ ਗੁਰਵਿੰਦਰ ਕੌਰ ਨੇ ਪ੍ਰਭਾਵਸ਼ਾਲੀ ਭਾਸ਼ਣ ਦਿੱਤੇ ਅਤੇ ਸਿੱਖ ਕੌਮ ਨੂੰ ਇਕਜੁੱਟ ਹੋ ਕੇ ਰਹਿਣ ਦੀ ਅਪੀਲ ਕੀਤੀ।

ਇਸ ਮੌਕੇ ਕਮੇਟੀ ਦੇ ਅਹੁਦੇਦਾਰ ਭਾਈ ਅਰਵਿੰਦਰ ਸਿੰਘ (ਬਾਬਾ ਬਿੱਟੂ), ਭਾਈ ਮਲਕੀਅਤ ਸਿੰਘ ਢੇਸੀ, ਭਾਈ ਰਣਜੀਤ ਸਿੰਘ ਖਾਲਸਾ, ਭਾਈ ਗੁਰਪ੍ਰੀਤ ਸਿੰਘ, ਭਾਈ ਚਰਨਜੀਤ ਸਿੰਘ ਮਾਹਲ, ਭਾਈ ਤੇਜਿੰਦਰ ਸਿੰਘ ਭੱਠਲ, ਭਾਈ ਸੁਖਦੇਵ ਸਿੰਘ ਅਤੇ ਭਾਈ ਦੀਪ ਸਿੰਘ ਵੀ ਸਮਾਗਮ ਦੀ ਦੇਖ-ਰੇਖ ਵਿੱਚ ਆਪਣਾ ਸਮੁੱਚਾ ਯੋਗਦਾਨ ਪਾਉਂਦੇ ਰਹੇ।



ਦਸਤਾਰ ਅਤੇ ਦੁਮਾਲਾ ਮੁਕਾਬਲੇ ਦੇ ਮੁੱਖ ਸੂਤਰਧਾਰ ਨਵਜੋਤ ਸਿੰਘ ਧਾਮੀ ਨੇ ਸੁਚੱਜੇ ਢੰਗ ਨਾਲ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ।

ਦਸ ਸਾਲ ਤੋਂ ਘੱਟ ਉਮਰ ਦੇ ਦਸਤਾਰ ਮੁਕਾਬਲੇ ਵਿੱਚ ਕ੍ਰਮਵਾਰ ਹਰਬਾਜ ਸਿੰਘ, ਅਵੀਰ ਸਿੰਘ ਅਤੇ ਗੁਰਯੈਜ ਸਿੰਘ ਜੇਤੂ ਰਹੇ। ਦਸ ਸਾਲ ਤੋਂ ਘੱਟ ਉਮਰ ਦੇ ਦੁਮਾਲਾ ਮੁਕਾਬਲੇ ਵਿੱਚ ਕ੍ਰਮਵਾਰ ਸ਼ਿੱਦਤ ਕੌਰ, ਰਬਾਬ ਕੌਰ ਅਤੇ ਫਤਿਹ ਸਿੰਘ ਜੇਤੂ ਰਹੇ।

ਦਸ ਤੋਂ ਪੰਦਰ੍ਹਾਂ ਸਾਲ ਤੱਕ ਦੇ ਦਸਤਾਰ ਮੁਕਾਬਲੇ ਵਿੱਚ ਯੁਵਰਾਜ ਸਿੰਘ, ਗੁਰਫਤਿਹ ਸਿੰਘ ਅਤੇ ਗੁਰਸਾਹਿਬ ਸਿੰਘ ਜੇਤੂ ਰਹੇ, ਜਦਕਿ ਪੰਦਰ੍ਹਾਂ ਸਾਲ ਤੋਂ ਉੱਪਰ ਦੇ ਦਸਤਾਰ ਮੁਕਾਬਲੇ ਵਿੱਚ ਤੇਜਜੀਤ ਸਿੰਘ, ਉਦੇਵੀਰ ਸਿੰਘ ਅਤੇ ਗੁਰਦਿੱਤ ਸਿੰਘ ਨੇ ਕ੍ਰਮਵਾਰ ਸਥਾਨ ਹਾਸਲ ਕੀਤੇ।

ਜੇਤੂ ਬੱਚਿਆਂ ਨੂੰ ਖਾਸ ਤੌਰ 'ਤੇ ਟਰਾਫੀਆਂ, ਮੋਮੈਂਟੋ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਸਿੱਧ ਸਿੱਖ ਹਸਤੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ।

ਪ੍ਰਬੰਧਕਾਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਪਕਵਾਨ, ਸ਼ਰਦਾਈ ਅਤੇ ਮਠਿਆਈਆਂ ਦੇ ਭੰਡਾਰੇ ਲਗਾਏ ਗਏ। ਇਸ ਦੇ ਨਾਲ ਹੀ ਸਿੱਖ ਇਤਿਹਾਸ ਸਬੰਧੀ ਜਾਣਕਾਰੀ ਭਰਪੂਰ ਪੁਸਤਕਾਂ ਦੇ ਸਟਾਲ ਵੀ ਲਗਾਏ ਗਏ।









ਸਟਾਲਾਂ ਦੇ ਕਾਰਜਕਰਤਾਵਾਂ ਵਿੱਚ ਰਵਿੰਦਰ ਸਿੰਘ ਸੰਘਾ, ਹਰਵਿੰਦਰ ਸਿੰਘ, ਦਲਜੀਤ ਸਿੰਘ, ਇੰਦਰਜੀਤ ਸਿੰਘ, ਮੰਦੀਪ ਸਿੰਘ, ਸਿਮਰਨ ਸਿੰਘ ਬੈਂਸ, ਉਪਨਿੰਦਰ ਸਿੰਘ ਅਤੇ ਗੁਰ ਅਵਤਾਰ ਸਿੰਘ ਆਦਿ ਨੇ ਸੁਚੱਜੀ ਭੂਮਿਕਾ ਨਿਭਾਈ।

ਅਖੀਰ ਵਿੱਚ ਖਚਾਖਚ ਭਰੇ ਪੰਡਾਲ ਵਿੱਚ ਸੁਸ਼ੋਭਿਤ ਸੰਗਤਾਂ ਦਾ ਸਮਾਗਮ ਦੇ ਸੂਤਰਧਾਰ ਮਲਕੀਅਤ ਸਿੰਘ ਢੇਸੀ ਨੇ ਤਹਿ ਦਿਲੋਂ ਧੰਨਵਾਦ ਕੀਤਾ। ਮੰਚ ਸੰਚਾਲਨ ਦੇ ਫਰਜ਼ ਬੀਬੀ ਗੁਰਵਿੰਦਰ ਕੌਰ ਨੇ ਬਾਖੂਬੀ ਨਿਭਾਏ।

ਬਲਵਿੰਦਰ ਬਾਲਮ

The HIND CANADIAN TIMES
A MULTILINGUAL INTERNATIONAL MAGAZINE
www.thehindcanadiantimes.com | thehindcanadiantimes@gmail.com
Sept.Edition 2026

FASHION & STYLE



Where Trends Inspire Timeless Elegance

Fashion is more than clothes, it's a way to express who you are without saying a word. Discover the latest trends, style tips and timeless looks from around the world.

TREND SPOTLIGHT

FLORAL FANTASY
Florals never go out of style. Perfect for every season and every mood.

DEEP & CLASSY
Navy, beige and white – the ultimate combination for a sophisticated look.

ACCESSORIZE RIGHT
A good bag or a stylish watch can elevate even the simplest outfit.

COMFORT IS CHIC
Choose outfits that look good and make you feel confident all day long.

STREET STYLE

Real people, real fashion. Street style is all about comfort, confidence and creativity.



STYLE TIP

Invest in quality basics, play with colors and patterns, and most importantly – wear what makes you happy!



EVENING ELEGANCE

Make every evening special with elegant outfits that leave a lasting impression.



FASHION IS ART, YOU ARE THE CANVAS.

Stay stylish. Stay confident.
Be your own kind of beautiful.

Sept.Edition 2026

FASHION FORWARD

Style · Confidence · You

Fashion is more than clothing—it's a way to express who you are without saying a word. This season is all about comfort, colors, and confidence.

> "STYLE IS A WAY TO SAY WHO YOU ARE WITHOUT SPEAKING."



TREND SPOTLIGHT

- Soft Pastels & Earth Tones lead the season
- Oversized Blazers for effortless chic
- Sustainable Fabrics for a better tomorrow
- Minimal Accessories, Maximum Impact



POWER DRESSING MADE SIMPLE

A well-fitted blazer, neutral tones, and a touch of elegance can turn any day into a power day.



BEAT THE HEAT IN STYLE

Linen, cotton, and breathable fabrics are your best friends this summer.




FASHION TIPS

- Wear what makes you feel good.
- Invest in quality basics.
- Confidence is your best outfit.
- Choose sustainable, choose responsible.

GLOBAL STYLE INSPIRATION



FASHION QUOTE

> "Fashion is what you buy, style is what you do with it."


AN EPIC FOOD
ON DEMAND
LA TAVERNE DU CAP VERT ET DU BRÉSIL
Fresh & Juicy
Tel : 01 43 31 44 00
Portable : 06 67 45 02 25
Cafe
Restaurant
25 RUE DAUBENTON,
75005 PARIS, FRANCE
Global Menu of Steak

FAMILY-OWNED FIXTURE

FOR TRADITIONAL INDIAN CUISINE

&

VEGETARIAN DISHES

IN A LAID-BACK ATMOSPHERE








AUTHENTIC FLAVORS • FRESH INGREDIENTS • WARM HOSPITALITY






shiva
Indian Restaurant

TASTE THE TRADITION,
FEEL AT HOME.

Shiva Indian Restaurant


Mount Dora
140A W 5th Ave, Mount Dora, FL 32757
+1 352-735-4555

DINE-IN • TAKEOUT • CATERING
THANK YOU FOR SUPPORTING A LOCAL FAMILY BUSINESS

SUPER VISA

INSURANCE

100% Money
refundable in case of visa denied



-ਲਾਈਫ ਇੰਸ਼ੋਰੈਂਸ
-ਡਿਸੇਬਿਲਟੀ ਇੰਸ਼ੋਰੈਂਸ
-ਮੌਰਟਗੇਜ਼ ਇੰਸ਼ੋਰੈਂਸ
-ਟ੍ਰੈਵਲ ਇੰਸ਼ੋਰੈਂਸ
-ਵਿਜ਼ਟਰ ਅਤੇ ਨਵੇਂ ਇਮੀਗਰਾਂਟਸ ਲਈ ਮੈਡੀਕਲ ਇੰਸ਼ੋਰੈਂਸ

-Children Insurance Plan
-RRSP, TFSA, RESP

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਭਰੋਸੇਯੋਗ ਨਾਮ

Hardam Singh Maan

Independent Insurance Broker

604-308-6663

Email: maanhardam@gmail.com

READ • SHARE • INSPIRE

The HIND CANADIAN TIMES

A MULTILINGUAL INTERNATIONAL MAGAZINE

Bridging Cultures, Connecting Communities

A GLOBAL PLATFORM FOR
VOICES THAT MATTER



VERINDER SINGH VIRDI
— Editor-in-Chief —



- Inspiring Stories
- News & Views
- Community Voices
- Culture & Heritage
- Health, Education & Lifestyle

YOUR STORY. YOUR VOICE. YOUR MAGAZINE.

CANADA | UK | INDIA

READ WORLDWIDE – ABSOLUTELY FREE!

The Hind Canadian Times celebrates diversity, promotes understanding and brings communities closer through meaningful content.

READ. FOLLOW. STAY CONNECTED.

Be a Part of Our Global Community!

Informative · Inclusive · Impactful · International

VISIT OUR WEBSITE
www.thehindcanadiantimes.com
/TheHindCanadianTimes

Because every voice deserves to be heard.

thehindcanadiantimes@gmail.com · www.thehindcanadiantimes.com · Available on:

EnglishisVeryEasy.com

Speak English With Confidence

GTP MARVELLOUS COLLEGE


French & English
Language Courses

Unit 207, 7928 128 Street,
Surrey BC, Canada



Boost Your Career & Immigration Prospects

- ✓ **IELTS, CELPIP & TEF** Exam Preparation
- ✓ **French & English** Courses (Beginner to Advanced)
- ✓ Experienced **Instructors** & Flexible Schedules



Contact Us Today

604-725-3340 | 604-446-0340

Unit 207, 7928 128 Street,
Surrey BC, Canada



207, 7928 128 Street,
Surrey BC, Canada


ਆਪਣੀਆਂ
ਰਚਨਾਵਾਂ,
ਆਪਣੇ ਵਿਚਾਰ
ਅਤੇ
ਸੁਝਾਓ
ਕਹਾਣੀ
ਲੇਖ
ਕਵਿਤਾ
ਲੇਖ
ਸੁਝਾਓ
ਸਾਨੂੰ ਹੇਠ ਲਿਖੇ
ਮੇਲ ਆਈ ਡੀ ਤੇ
ਭੇਜੋ .....
ਸਾਨੂੰ ਇੰਤਜ਼ਾਰ ਰਹੇਗਾ।
Email id :
thehindcanadiantimes@gmail.com


ਜਦੋਂ ਹੁਕਮਰਾਨ
ਅੰਨੇ ਹੋ ਜਾਣ,
ਜਨਤਾ ਦੀ
ਸੁਣਵਾਈ ਨਾ ਹੋਵੇ
ਤਾਂ
ਅਜਿਹੇ ਹਾਲਾਤ
ਕਿਸੇ ਵੱਡੇ
ਤੂਫ਼ਾਨ
ਦੇ ਆਉਣ ਦੀਆਂ
ਨਿਸ਼ਾਨੀਆਂ ਹਨ।
www.thehindcanadiantimes.com


Open the link or Scan

www.thehindcanadiantimes.com



ਕੁਦਰਤ ਦੀ ਸੂਖ਼ਮ ਸੰਵੇਦਨਾ ਜਿੱਥੇ ਇਤਿਹਾਸ ਮੰਥਨ ਕਰਦੀ ਹੈ : ਵਿਗਿਆਨ ਅਤੇ ਕੁਦਰਤ ਦਾ ਅਦਭੁਤ ਪਹਾੜੀ ਸ਼ਹਿਰ : ਬੈਂਫ, ਕਨੇਡਾ

ਐਲਬਰਟਾ (ਐਡਮਿੰਟਨ, ਕਨੇਡਾ) ਦਾ ਇਕ ਵਿਸ਼ਵ ਪ੍ਰਸਿੱਧ ਖ਼ੂਬਸੂਰਤ ਪਹਾੜੀ ਸ਼ਹਿਰ ਹੈ ਬੈਂਫ | ਬੈਂਫ ਵਿਖੇ ਹੀ ਹੈ ਕਨੇਡਾ ਦਾ ਸਭ ਤੋਂ ਵੱਡਾ ਖ਼ੂਬਸੂਰਤ ਫਾਈਵ ਸਟਾਰ ਹੋਟਲ | ਜਿਸ ਦਾ ਨਾਮ ਹੈ ਫੇਅਰ ਹੋਟਲ | ਇਹ ਇਹ ਪਹਾੜੀ ਉਪਰ ਸਥਿਤ ਹੈ | ਇਹ ਹੋਟਲ ਦੂਰੋਂ ਨਜ਼ਰ ਆਉਂਦਾ ਹੈ ਜਿਵੇਂ ਅਸਮਾਨ ਵਿਚ ਖਿਡੌਣੇ ਲਟਕਦੇ ਹੋਣ | ਇਸਦੀ ਸ਼ਿਲਪ-ਸ਼ੈਲੀ ਬਨਾਵਟ, ਸਜਾਵਟ, ਅਦਾਵਟ, ਕਮਲਾ ਦੀ ਹੈ | ਮਨੁੱਖ ਨੇ ਧਰਤੀ 'ਤੇ ਸਵਰਗ ਸਿਰਜ ਦਿੱਤਾ ਹੈ | ਕੁਦਰਤ ਦੀ ਸੂਖਮ ਸੰਵੇਦਨਾ ਜਿੱਥੇ ਇਤਿਹਾਸ ਮੇਥਨ ਕਰਦੀ ਹੈ | ਵਿਗਿਆਨ ਅਤੇ ਕੁਦਰਤ ਦਾ ਤਲਿਸਮੀ ਅਦਭੁਤ ਪਹਾੜੀ ਸ਼ਹਿਰ ਬੈਂਫ | ਸਿਫ਼ਤੀ ਦਾ ਭੰਡਾਰ, ਕਾਲਾ ਦਾ ਸਰਵਉਚ ਸਥਾਨ | ਵਿਸ਼ਵ ਦੇ ਪ੍ਰਸਿਧ, ਖ਼ੂਬਸੂਰਤ ਸ਼ਹਿਰਾਂ 'ਚੋਂ ਇਕ ਹੈ ਬੈਂਫ ਦੀ ਲਾਜਵਾਬ ਖ਼ੂਬਸੂਰਤੀ | ਇਥੇ ਪਾਰਦਰਸ਼ੀ ਪਾਣੀ ਦੀਆਂ ਯਥਾਰਥ ਝੀਲਾਂ, ਕਿਸੇ ਮੁਟਿਆਰ ਦੀ ਗਿੱਟੇ ਛੂਹਦੀ ਗੁੰਦਵੀਂ ਗੁੱਤ ਵਗ ਝਰ-ਝਰ ਕਲ-ਲ ਡਿਗਦੇ ਮਨਮੋਹਣੇ ਝਰਨੇ, ਚਾਂਦੀ ਰੰਗੇ ਗੋਟੇ ਲੱਗੇ ਦੁਪੱਟੇ ਵਾਂਗ ਲਹਿਰਾਉਂਦੀਆਂ ਗੁਣਗਣਾਉਂਦੀਆਂ ਪਵਿੱਤਰ ਨਹਿਰਾਂ, ਆਲੌਕਿਕ ਰੂਪ ਵਿਚ ਮਰਮਸਪਰਸ਼ੀ ਤੇ ਵਿਹੰਗਮ ਦ੍ਰਿਸ਼, ਸ਼ੋਖ ਅਦਾਵਾਂ ਵਿਚ ਲਹਿਲਹਿਰਾਉਂਦੀ ਕੁਦਰਤੀ ਬਨਸਪਤੀ, ਜਾਨਵਰਾਂ-ਪੰਛੀਆਂ, ਕੀਟ ਪਤੰਗਿਆਂ ਨੂੰ ਗੋਦ ਵਿਚ ਸੰਭਾਲੀ ਹਰੇ ਭਰੇ ਲੰਬੇ-ਚੌੜੇ, ਉਚੇ ਸੰਘਣੇ ਜੰਗਲ, ਲੱਖਾਂ ਸਾਲ ਪੁਰਾਣੇ ਅਨੇਕਾਂ ਸਵਰੂਪਾਂ ਦੇ ਕਲਾਤਮਕ ਪਹਾੜ, ਫਲਾਂ, ਫੁੱਲਾਂ ਨਾਲ ਲੱਦੇ ਖ਼ੂਬਸੂਰਤ ਰਸੀਲੇ ਬਾਗ-ਬਗੀਚੇ, ਜ਼ਿੰਦਗੀ ਨੂੰ ਸਕੂਨ, ਅਧਿਆਤਮਿਕਤਾ, ਇਕਾਗਰਤਾ ਅਤੇ ਮਾਨਵਤਾ ਦਾ ਸੰਦੇਸ਼ ਦਿੰਦੀਆਂ ਚੁਲਬੁਲੀਆਂ ਵਾਦੀਆਂ (ਵਾਦੀਆਂ-ਘਾਟੀਆਂ), ਆਪਣੇਪਣ ਦਾ ਅਹਿਸਾਸ ਕਰਵਾਉਂਦੀਆਂ ਆਂਚਲਿਕ ਪਗਡੰਡੀਆਂ, ਚਿਕਨੇ ਚੁਪੜੇ ਸੁੰਦਰ ਆਧੁਨਿਕ ਸੁਵਿਧਾਪੂਰਵਕ ਹੋਟਲ, ਮਾਨਵੀਂ ਕਦਰਾਂ ਕੀਮਤਾਂ ਦੇ ਭੂਮੰਡਲੀਕਰਣ ਬਾਜ਼ਾਰ ਅਤੇ ਸਭ ਤੋਂ ਮਹੱਤਵਪੂਰਨ ਖਿੱਚ ਦਾ ਕੇਂਦਰ ਵਿਗਿਆਨਕ ਕਦਰਾਂ ਕੀਮਤਾਂ ਦਾ ਅਨੋਖਾ ਯਾਤਰਿਕ ਇਲੈਕਟਰਿਕ ਝੂਲਾ ਗੰਡੋਲਾ |



ਦਿੱਲੀ ਤੋਂ ਐਡਮਿੰਟਨ (ਕਨੇਡਾ) ਬਾਈ ਏਅਰ ਲਗਭਗ 20 ਘੰਟੇ ਲੱਗ ਹੀ ਜਾਂਦੇ ਹਨ | ਐਡਮਿੰਟਨ ਤੋਂ ਬੈਂਫ ਲਗਭਗ 401 ਕਿਲੋਮੀਟਰ ਹੈ | ਕੈਲਗਰੀ ਤੋਂ ਲਗਭਗ 128 ਕਿਲੋਮੀਟਰ, ਲੋਕ ਲੁਈ ਤੋਂ ਲਗਭਗ 50 ਕਿਲੋਮੀਟਰ ਦੇ ਕਰੀਬ ਹੈ ਬੈਂਫ | ਜਹਾਜ 'ਤੇ ਆਉਣ ਲੱਗਿਆ ਇਕ ਮਹੱਤਵਪੂਰਨ ਗੱਲ ਦਾ ਧਿਆਨ ਜ਼ਰੂਰ ਰੱਖੋ ਕਿ ਜੋ 50 ਸਾਲ ਤੋਂ ਉਪਰ ਹੋ ਤਾਂ 'ਵ੍ਹੀਲ ਚੇਅਰ' ਟਿਕਟ ਉਪਰ ਜ਼ਰੂਰ ਕਰਵਾ ਕੇ ਲਿਆਓ | ਹਾਂ ਦੂਸਰੀ ਗੱਲ ਹੋ ਸਕੇ ਤਾਂ ਟਿਕਟ ਉਪਰ 'ਵਿੰਡੋ ਸੀਟ' ਟਿਕਟ ਉਪਰ ਜ਼ਰੂਰ ਕਰਵਾ ਕੇ ਲਿਆਓ | ਹਾਂ ਦੂਸਰੀ ਗੱਲ ਹੋ ਸਕੇ ਤਾਂ ਟਿਕਟ ਉਪਰ 'ਵਿੰਡੋ ਸੀਟ' ਵੀ ਜ਼ਰੂਰ ਲਓ | ਕਿਉਂਕਿ ਜਹਾਜ਼ 'ਚੋਂ ਬਾਹਰੀ ਦ੍ਰਿਸ਼ ਵੇਖਣ ਦਾ ਬੜਾ ਆਨੰਦ ਆਉਂਦਾ ਹੈ | ਫੋਟੋਗ੍ਰਾਫੀ ਵੀ ਕਮਾਲ ਦੀ ਆਉਂਦੀ ਹੈ |

ਐਡਮਿੰਟਨ ਸ਼ਹਿਰ ਤੋਂ ਬੈਂਫ ਜਾਣ ਲਈ 'ਨਿਸਕੂ ਰੋਡ' ਜਾਣਾ ਪੈਂਦਾ ਹੈ | ਲਗਭਗ ਪੰਜ ਘੰਟਿਆਂ ਦਾ ਸਫ਼ਰ ਹੈ ਕਾਰ ਦਾ | ਨਿਸਕੂ ਇਕ ਪਿੰਡ ਹੈ ਜਿੱਥੇ ਐਡਮਿੰਟਨ ਦਾ ਇੰਟਰਨੈਸ਼ਨਲ ਏਅਰ ਪੋਰਟ ਹੈ | ਬੈਂਫ ਜਾਣ ਲਈ ਬੱਸਾਂ, ਟੈਕਸੀਆਂ ਵੀ ਮਿਲ ਜਾਂਦੀਆਂ ਹਨ |

ਬੈਂਫ ਤੱਕ ਦੇ ਰਸਤੇ ਵਿਚ ਤਰ੍ਹਾਂ-ਤਰ੍ਹਾਂ ਦੇ ਸੁੰਦਰ ਦ੍ਰਿਸ਼ ਵੇਖਣ ਨੂੰ ਮਿਲਦੇ ਹਨ | ਭੂਗੋਲਿਕ ਸੁੰਦਰਤਾ, ਕੁਦਰਤੀ ਸੁੰਦਰਤਾ, ਵਾਤਵਰਣ ਦੀ ਸੁੰਦਰਤਾ,ਰਸਤੇਿ ਵਚ ਵੇਖਣ ਨੂੰ ਮਿਲਦੀ ਹੈ |

ਪਤਝੜ ਦੇ ਮੌਸਮ ਵਿਚ ਰੰਗ-ਬਿਰੰਗੇ ਸੁੰਦਰ ਦ੍ਰਿਸ਼ ਕਮਾਲ ਦੇ ਹੁੰਦੇ ਹਨ | ਲੈਂਡ ਸਕੇਪਿੰਗ ਵਿਚ ਕਨੇਡਾ ਵਿਸ਼ਵ ਦਾ ਇਕ ਨੰਬਰ ਦੇਸ਼ ਹੈ | ਇੱਥੇ ਝੀਲਾਂ, ਸੜਕਾਂ, ਚੌਕਾਂ, ਵਾਦੀਆਂ, ਪਹਾੜਾਂ ਆਦਿ 'ਤੇ ਰੁੱਖਾਂ ਤੇ ਫੁੱਲਾਂ ਦੀ ਅਜੀਬ-ਨਿਰਾਲੀ ਦਿਖ ਵਾਲੀ ਲੈਂਡ ਸਕੇਪਿੰਗ ਖੇਚਲ ਭਰਪੂਰ ਹੈ |

ਬੈਂਫ ਨੂੰ ਜਿੱਥੇ ਕੁਦਰਤ ਨੇ ਅਪਣੀ ਕਿਰਪਾ ਨਾਲ ਸੰਵਾਰਿਆ, ਨਿਵਾਜ਼ਿਆ ਹੈ ਉਥੇ ਵਿਗਿਆਨੀਆਂ ਦਾ ਵੀ ਅਦਭੁਤ ਕਮਾਲ ਹੈ |

ਖਾਸ ਕਰਕੇ 'ਗੰਡੋਲਾ ਯਾਤਰਾ' | ਜਿੱਥੇ ਗੰਡੋਲਾ ਯਾਤਰਾ ਸ਼ੁਰੂ ਹੁੰਦੀ ਹੈ, ਉਹ ਪਹਾੜੀ ਦੇ ਦ੍ਰਿਸ਼, ਸਹੂਲਤਾਂ ਮਨਮੋਹਣੀਆਂ ਅਤੇ ਦਿਲਚਸਪ ਹਨ | ਯਾਤਰੀਆਂ ਦਾ ਸ਼ਾਨਦਾਰ ਢੰਗ ਨਾਲ ਸਨਮਾਨ-ਕਦਰ ਹੁੰਦੀ ਹੈ |

ਗੰਡੋਲਾ ਬੈਂਫ ਦੇ ਇਕ ਉਚੇ ਪਹਾੜ ਤੋਂ ਸ਼ੁਰੂ ਹੋ ਕੇ ਇਸ ਤੋਂ ਵੀ ਉਪਰ ਉਚੇ ਪਹਾੜ ਤੱਕ ਜਾਂਦਾ ਹੈ | ਹੇਠਲੀ ਪਹਾੜੀ ਜਿੱਥੋਂ ਗੰਡੋਲਾ ਸ਼ੁਰੂ ਹੁੰਦਾ ਹੈ ਲਗਭਗ 698 ਮੀਟਰ ਉਚੀ ਹੈ ਅਤੇ ਜਿਸ ਪਹਾੜੀ ਦੀ ਟੀਸੀ ਉਪਰ ਜਾ ਕੇ ਰੁਕਦਾ ਹੈ ਉਹ ਪਹਾੜੀ 2281 ਮੀਟਰ ਉਚੀ ਹੈ | ਗੰਡੋਲਾ ਵਿਚ ਚਾਰ ਵਿਅਕਤੀ ਹੀ ਬੈਠ ਸਕਦੇ ਹਨ | ਗੰਡੋਲਾ ਯਾਤਰਾ ਦਾ ਖ਼ਤਰਨਾਕ ਪਰ ਦਿਲਚਸਪ ਮੌਕਾ ਹੁੰਦਾ ਹੈ | ਗੰਡੋਲਾ ਤੋਂ ਖ਼ੂਬਸੂਰਤ ਦ੍ਰਿਸ਼ ਨਜ਼ਰ ਆਉਂਦੇ ਹਨ ਜੋ ਚੰਗੇ ਲਗਦੇ ਹਨ |

ਗੰਡੋਲਾ ਜਿਸ ਸਲਫਰ ਪਹਾੜੀ ਉਪਰ ਰੁਕਦਾ ਹੈ ਉਸ ਉਚੀ ਪਹਾੜੀ ਦੀ ਟੀਸੀ ਉਪਰ ਕਈ ਮੰਜ਼ਿਲਾ ਆਧੁਨਿਕ ਸ਼ਾਨਦਾਰ ਵਾਲਾ ਹੋਟਲ ਹੈ | ਉਥੇ ਬੀਅਰ ਆਦਿ ਪੀਣ ਦੀ ਕੋਈ ਮਨਾਹੀ ਨਹੀਂ ਹੈ | ਸਾਰਾ ਹੋਟਲ ਪੇਂਟਿੰਗਸ ਨਾਲ ਸੁਸ਼ੋਭਿਤ ਹੈ | ਸੁੰਦਰ ਭਿੱਤੀ ਅਤੇ ਦੀਵਾਰੀ ਅਤੇ ਚਿੱਤਰਕਾਰੀ ਦੇ ਨਾਲ ਲੋਕੀ ਤਸਵੀਰਾਂ ਲੈਂਦੇ ਹਨ | ਹੋਟਲ ਦੇ ਬਾਹਰ ਖੁੱਲ੍ਹਾ-ਡੁੱਲਾ ਬਿਨਾਂ ਛੱਤ ਵਾਲਾ ਲਾਨ (ਬਰਾਮਦਾ) ਹੈ | ਇਸ ਹੋਟਲ ਤੋਂ ਸਾਰਾ ਬੈਂਫ, ਝੀਲਾਂ, ਨਦੀਆਂ, ਬਾਗ-ਬਗੀਚੇ ਆਦਿ ਸਭ ਕੁਝ ਸੁੰਦਰ ਨਜ਼ਾਰੇ ਆਉਂਦੇ ਹਨ | ਲੋਕੀਂ-ਯਾਤਰੀ ਯਾਦਗਾਰੀ ਤਸਵੀਰਾਂ ਪੱਲੇ ਬੰਨਦੇ ਹਨ |

ਜਿਸ ਹੋਟਲ ਦੀ ਪਹਾੜੀ ਉਪਰ 'ਗੰਡੋਲਾ' ਪਹੁੰਚਦਾ ਹੈ ਉਸ ਦੇ ਖੱਬੇ ਪਾਸੇ ਬਹੁਤ ਵੱਡੀ ਖੱਡ ਤੋਂ ਬਾਅਦ ਇਕ ਬਹੁਤ ਉਚੀ ਟਾਵਰ ਵਾਲੀ ਪਹਾੜੀ ਹੈ | ਲਗਭਗ ਇਕ ਮਰਲੇ ਦੀ ਟੀਸੀ ਵਾਲੀ ਪਹਾੜੀ | ਇਸਦੀ ਯਾਤਰਾ ਲਈ ਵਿਗਿਆਨੀਆਂ ਨੇ ਕਮਾਲ ਦੇ ਹੁਰਨ ਵਿਖਾਏ |

ਹੋਟਲ ਵਾਲੀ ਪਹਾੜੀ ਤੋਂ ਸਾਹਮਣੇ ਟਾਵਰ ਵਾਲੀ ਪਹਾੜੀ ਤੱਕ ਜਾਣ ਲਈ ਲਗਭਗ ਦੋ ਕਿਲੋਮੀਟਰ ਦਾ ਫਾਸਲਾ ਤੈਅ ਕਰਨਾ ਪੈਂਦਾ ਹੈ | ਇਹ ਫਾਸਲਾ ਕਮਾਲ ਦਾ ਹੈ | ਦੋਵਾਂ ਪਹਾੜਾਂ ਦੇ ਵਿਚਕਾਰ ਇਕ ਬਹੁਤ ਡੂੰਘੀ ਖੱਡ ਹੈ | ਕਈ ਮੀਲ ਡੂੰਘੀ | ਇਹ ਖੱਡ ਲਗਭਗ ਦੋ ਕਿਲੋਮੀਟਰ ਦੇ ਕਰੀਬ ਹੈ |

ਇੱਥੋਂ ਦੇ ਵਿਗਿਆਨੀਆਂ ਨੇ ਸਖਤ ਮਿਹਨਤ, ਨਿਵੇਕਲੀ ਯੋਜਨਾ ਰਾਹੀਂ, ਵਿਗਿਆਨਕ ਕਲਾ ਨਾਲ ਦੋ ਪਹਾੜੀਆਂ ਵਿਚ ਪੈਂਦੀ ਖੱਡ ਉਪਰ ਲੱਕੜ ਦਾ ਟੇਢਾ-ਮੇਢਾ ਮੋੜਾਂ-ਕੋੜਾਂ ਵਾਲਾ ਰਸਤਾ ਬਣਾ ਦਿੱਤਾ ਹੈ | ਟੇਢਾ-ਮੇਢਾ-ਉਚਾ-ਨੀਵਾਂ ਲੰਬਾ ਲੱਕੜ ਦਾ ਰਸਤਾ ਖੱਡ ਦੇ ਉਪਰ ਦੀ ਜਾਂਦਾ ਹੈ | ਰਸਤੇ ਵਿਚ 'ਰੁਕਣ ਸਥਾਨ' ਬਣਾਏ ਹੋਏ ਹਨ ਕਿਉਂਕਿ ਰਸਤਾ ਚੜ੍ਹਾਈ ਵਾਲਾ ਹੈ | ਰੁਕਣ ਸਥਾਨਾਂ ਉਪਰ ਬੈਂਫ, ਸਫ਼ਾਈ ਢੋਲ ਬਣੇ ਹਨ | ਇਨ੍ਹਾਂ ਸਥਾਨਾਂ ਤੋਂ ਕਈ ਮੀਲ ਥੱਲੇ ਬੈਂਫ ਸ਼ਹਿਰ ਦੇ ਸਾਰੇ ਇਲਾਕੇ ਦਾ ਦ੍ਰਿਸ਼ ਏਦਾਂ ਨਜ਼ਰ ਆਉਂਦਾ ਹੈ ਜਿਵੇਂ ਦੂਰ ਹੇਠਾਂ ਨਦੀਆਂ, ਝੀਲਾਂ, ਪਹਾੜਾਂ, ਬਾਗ਼ਾਂ, ਘਰਾਂ (ਆਬਾਦੀ) ਆਦਿ ਦਾ ਸਮੂਹਿਕ ਦ੍ਰਿਸ਼ ਕਿਸੇ ਨਕਸ਼ੇ ਦੀ ਤਰ੍ਹਾਂ ਜਾਂ ਪਤੰਗ ਦੀਟਾਂ ਡੋਰਾਂ ਦੇ ਪੇਚੇ ਵਾਂਗ ਫੈਲਿਆਂ ਨਜ਼ਰ ਆਉਂਦਾ ਹੈ | ਯਥਾਰਥ ਮਨਮੋਹਣਾ | ਇਕ ਜੰਨਤ ਦਾ ਦੂਸਰਾ ਨਾਮ | ਇਕ ਆਲੌਕਿਕਤਾ ਵਿਚ ਵਾਸਤਵਿਕ ਲੋਕਿਕਤਾ ਦਾ ਨਜ਼ਾਰਾ |

ਇਹ ਪਹਾੜੀ ਤੱਕ ਜਾਂਦਿਆਂ ਲੱਕੜ ਦੇ ਰਸਤੇ ਜ਼ਰੀਏ ਲਗਭਗ ਪੈਦਲ 1½ ਤੋਂ 2 ਘੰਟੇ ਲਗ ਜਾਂਦੇ ਹਨ ਪਰ ਨੌਜਵਾਨ ਇਹ ਫਾਸਲਾ ਜਲਦੀ ਵੀ ਤੈਅ ਕਰ ਲੈਂਦੇ ਹਨ | ਇਹ ਯਾਤਰਾ ਕੇਵਲ ਪੈਦਲ ਹੁੰਦੀ ਹੈ |

ਇਨ੍ਹਾਂ ਉਚੀਆਂ ਪਹਾੜੀਆਂ ਉਪਰ ਸਭ ਤੋਂ ਪਹਿਲਾਂ ਸਾਨਸਨ ਨਾਂਅ ਦਾ ਵਿਅਕਤੀ 1896 ਵਿਚ ਚੜ੍ਹਿਆ ਸੀ |

ਬੈਂਫ ਵਿਖੇ ਬੋ-ਵੈਲੀ ਦੇ ਦ੍ਰਿਸ਼ ਮਨਮੋਹਣੇ ਹਨ | ਇੱਥੋਂ ਦੀ ਮਸ਼ਹੂਰ ਜਗ੍ਹਾ ਹੈ ਨੈਸ਼ਨਲ ਪਾਰਕ | ਇਸ ਪਾਰਕ ਤੋਂ ਇਲਾਵਾ ਅਨੇਕਾਂ ਹੋਰ ਕਈ ਪ੍ਰਸਿੱਧ ਦਿਲਕਸ਼ ਪਾਰਕ ਹਨ |

ਸੁੰਦਰ ਬੈਂਫ ਸ਼ਹਿਰ ਨੂੰ 'ਨੈਸ਼ਨਲ ਇਤਿਹਾਸਕ' ਸਥਾਨ ਦਾ ਦਰਜਾ ਦਿੱਤਾ ਗਿਆ ਹੈ | ਬੈਂਫ ਕਈ ਉਦਯੋਗ ਹਨ | ਕਈ ਤਰ੍ਹਾਂ ਦੀਆਂ ਖਾਨਾਂ ਅਤੇ ਹੋਰ ਵਿਉਪਾਰਕ ਧੰਦੇ ਹੁੰਦੇ ਹਨ |

ਬੈਂਫ ਦੀਆਂ ਦੂਰ ਛੇ ਪਹਾੜੀਆਂ ਦੇ ਆਲੌਕਿਕ ਦ੍ਰਿਸ਼ ਵੇਖਣ ਵਾਲੇ ਹਨ | ਇਹ ਛੇ ਪਹਾੜੀਆਂ ਤਿਕੋਣੀ, ਤੇਜ਼ ਨੁਕਲੀਆਂ ਪਹਾੜੀ ਬਰਫ਼ ਨਾਲ ਢੱਕੀਆਂ ਜੰਨਤ ਦਾ ਮੁਹਾਂਦਰਾ ਪੇਸ਼ ਕਰਦੀਆਂ ਹਨ |

ਜੁਲਾਈ, ਅਗਸਤ ਦੇ ਮਹੀਨੇ ਇੱਥੇ ਸੂਰਜ ਚੜ੍ਹਣ ਤੋਂ ਡੁੱਬਣ ਦੇ ਸਮੇਂ ਦਾ ਮਨਮੋਹਣਾ ਉਤਸਵ ਹੁੰਦਾ ਹੈ | ਸ਼ਾਮ ਦੇ ਵੇਲੇ ਸੂਰਜ ਛਿਪਣ ਦੇ ਮੌਕੇ ਨਜ਼ਾਰਾ ਆਲੌਕਿਕ ਆਗਾਜ਼ ਪੈਦਾ ਕਰਦਾ ਹੈ | ਪਹਾੜਾਂ ਪਿੱਛੋਂ ਨਿਕਲਦਾ ਸੂਰਜ ਜਿਵੇਂ ਕੋਈ ਕੁਦਰਤੀ ਦੇਵਤਾ ਦਾ ਜਨਮ ਹੈ ਰਿਹਾ ਹੋਵੇ | ਰੌਸ਼ਨੀ ਦਾ ਤਲਿਸਮ |

ਇਸ ਇਲਾਕੇ ਵੱਲ ਕੀਮਤੀ ਮੱਛੀ ਪਾਲਣ ਅਤੇ ਖੇਤੀ-ਵਪਾਰਕ ਉਦਯੋਗ ਹਨ | ਕੁਲ ਮਿਲਾ ਕੇ ਕੁਦਰਤ ਅਤੇ ਵਿਗਿਆਨ ਦਾ ਸੁੰਦਰ, ਅਦਭੁਤ ਸੁਮੇਲ ਹੈ ਬੈਂਫ+ਗੰਡੋਲਾ |

ਬਲਵਿੰਦਰ ਬਾਲਮ

ਐਡਮਿੰਟਨ ਵਿਖੇ ਸਤਨਾਮ ਸਿੰਘ ਗਾਹਲੇ ਦੀ ਸਵੈ-ਜੀਵਨੀ 'ਬਾਬੇ ਦੀ ਪੱਗ' ਦਾ ਵਿਮੋਚਨ

(ਐਡਮਿੰਟਨ)-ਕੈਨੇਡਾ ਦੀ ਖੂਬਸੂਰਤ ਐਡਮਿੰਟਨ ਪਬਲਿਕ ਲਾਇਬ੍ਰੇਰੀ, ਮੈਡੋਜ਼, 17 ਸਟਰੀਟ ਵਿਖੇ ਸਭ ਰੰਗ ਸਾਹਿਤ ਸਭਾ ਵੱਲੋਂ ਇੱਕ ਸ਼ਾਨਦਾਰ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਲੇਖਕ ਸਤਨਾਮ ਸਿੰਘ ਗਾਹਲੇ ਦੀ ਪੁਸਤਕ ਸਵੈ-ਜੀਵਨੀ 'ਬਾਬੇ ਦੀ ਪੱਗ' ਦਾ ਲੋਕ ਅਰਪਣ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਮਹਿੰਦਰ ਸਿੰਘ ਔਲਖ ਅਤੇ ਦਰਸ਼ਨ ਅਣਜਾਨ ਨੇ ਕੀਤੀ। ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਐਮ.ਐਲ.ਏ. ਜਸਵੀਰ ਦਿਓਲ ਸ਼ਾਮਲ ਹੋਏ।




ਇਸ ਪੁਸਤਕ ਉੱਪਰ ਬੋਲਦੇ ਹੋਏ ਬਲਵਿੰਦਰ ਬਾਲਮ ਨੇ ਕਿਹਾ ਕਿ ਸਵੈ-ਜੀਵਨੀ 'ਬਾਬੇ ਦੀ ਪੱਗ' ਦਾ ਮੁੱਖ ਸੰਦੇਸ਼ ਪਰਿਵਾਰ ਦੇ ਲੋਕਾਂ ਲਈ ਹੈ ਕਿ ਪੱਗ ਦੀ ਇੱਜ਼ਤ ਰੱਖਣਾ ਘਰ ਦੇ ਜੀਆਂ ਦੇ ਜੀਵਨ 'ਤੇ ਹੀ ਨਿਰਭਰ ਕਰਦਾ ਹੈ। ਜੇਕਰ ਘਰ ਦੇ ਜੀਅ ਨੈਤਿਕ ਅਤੇ ਸ਼ੁੱਧ ਆਚਰਣ ਨਾਲ ਸਮਾਜ ਵਿੱਚ ਵਿਚਰਦੇ ਹਨ ਤਾਂ ਪੱਗ ਦੀ ਇੱਜ਼ਤ ਬਰਕਰਾਰ ਰਹਿੰਦੀ ਹੈ ਅਤੇ ਇਸ ਪੱਗ ਦੀ ਸ਼ੋਭਾ ਤੇ ਵਡਿਆਈ ਬਣੀ ਰਹਿੰਦੀ ਹੈ।

ਸਵੈ-ਜੀਵਨੀ ਨੂੰ ਪੜ੍ਹ ਕੇ ਇੰਝ ਮਹਿਸੂਸ ਹੁੰਦਾ ਹੈ ਕਿ ਲੇਖਕ ਨੇ ਜੀਵਨ ਦੀਆਂ ਘਟਨਾਵਾਂ, ਭਾਵ ਸੰਘਰਸ਼, ਸਫਲਤਾਵਾਂ-ਅਸਫਲਤਾਵਾਂ, ਰਿਸ਼ਤੇ-ਨਾਤਿਆਂ ਦੀ ਖਿੱਚੋਤਾਣ, ਤੰਗਦਸਤੀ ਅਤੇ ਗਰੀਬੀ ਦੇ ਦਿਨਾਂ, ਬੱਚਿਆਂ ਦੀ ਪੜ੍ਹਾਈ ਲਈ ਆਰਥਿਕ ਸੰਕਟ ਨਾਲ ਜੂਝਣ ਅਤੇ ਪੁਰਾਣੀਆਂ ਯਾਦਾਂ ਨੂੰ ਸ਼ਬਦਾਂ ਦੇ ਜ਼ਰੀਏ ਸਥਾਈ ਰੂਪ ਦੇ ਦਿੱਤਾ ਹੈ। ਯਾਦਾਂ ਨੂੰ ਪੁਨਰਜੀਵਤ ਕਰਦੀ ਇਹ ਪੁਸਤਕ ਰੋਮਾਂਚਿਤ ਅਤੇ ਭਾਵੁਕ ਕਰ ਦੇਣ ਵਾਲੇ ਪਲਾਂ ਵਿੱਚ ਲੈ ਜਾਂਦੀ ਹੈ।

ਜੀਵਨ ਇੱਕ ਨਿਰੰਤਰ ਵਹਿੰਦੀ ਨਦੀ ਹੈ। ਇੱਥੇ ਹਰ ਸਮੇਂ ਕੁਝ ਨਾ ਕੁਝ ਬਦਲਦਾ ਰਹਿੰਦਾ ਹੈ। ਉਸ ਦੇ ਨਾਲ ਹੀ ਮਨੁੱਖ ਦੀ ਸੋਚ, ਸੰਵੇਦਨਾ ਅਤੇ ਚਿੰਤਨ ਦੀ ਪ੍ਰਵਿਰਤੀ ਵੀ ਬਦਲਦੀ ਚਲੀ ਜਾਂਦੀ ਹੈ। ਕਿਸੇ ਲੇਖਕ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਪਾਠਕ ਉਸ ਦੇ ਲਿਖੇ ਉੱਪਰ ਵਿਸ਼ਵਾਸ ਕਰੇ। ਲੇਖਕ ਸਵੈ-ਜੀਵਨੀ ਵਿੱਚ ਸੱਚ ਬੋਲਣ ਅਤੇ ਸੱਚ ਕਹਿਣ ਦੀ ਕਲਾ ਰੱਖਦਾ ਹੋਵੇ। ਲੇਖਕ ਇਸ ਪੁਸਤਕ ਵਿੱਚ ਆਪਣੀ ਕਹਿਣੀ ਰਾਹੀਂ ਇਸ ਕਸੌਟੀ 'ਤੇ ਖਰਾ ਉਤਰਦਾ ਹੈ। ਘਟਨਾਵਾਂ ਕਲਮ ਰਾਹੀਂ ਤਸਵੀਰ ਬਣਾਉਂਦੀਆਂ ਹਨ। ਲੇਖਕ ਦੀ ਕਥਨੀ ਵਿੱਚ ਕਲਪਿਤ ਅਤੇ ਕਾਲਪਨਿਕ ਗੱਲਾਂ ਨਹੀਂ ਹਨ, ਸਗੋਂ ਵਾਸਤਵਿਕ ਘਟਨਾਵਾਂ ਦਾ ਵਰਣਨ ਹੈ। ਲੇਖਕ ਨੇ ਬਹੁਤ ਗਹਿਰਾਈ ਵਿੱਚ ਉਤਰ ਕੇ ਆਪਣੇ ਜੀਵਨ ਦਾ ਕ੍ਰਮਿਕ ਲੇਖਾ-ਜੋਖਾ ਦਿੱਤਾ ਹੈ।

ਲੇਖਕ ਦੀ ਸਵੈ-ਜੀਵਨੀ ਦੇ ਕੁਝ ਅੰਸ਼ਾਂ ਵਿੱਚ ਇੱਕ ਬਹੁਤ ਹੀ ਰੋਮਾਂਚਕ ਘਟਨਾ ਦਾ ਜ਼ਿਕਰ ਕਰਦਿਆਂ ਲਿਖਿਆ ਗਿਆ ਹੈ, "ਇੱਕ ਦਿਨ ਤਾਂ ਬਹੁਤ ਹੀ ਰੋਮਾਂਚਕ ਘਟਨਾ ਵਾਪਰੀ। ਮੈਨੂੰ ਮੇਰੇ ਬੌਸ ਨੇ ਕਿਹਾ ਕਿ ਅੱਜ ਰਾਤ ਨੂੰ ਅਸੀਂ ਗਿਆਰਾਂ-ਬਾਰਾਂ ਵਜੇ ਦੇ ਕਰੀਬ ਤੇਰੇ ਕੋਲ ਆਵਾਂਗੇ ਤੇ ਤੂੰ ਅੰਦਰੋਂ ਸ਼ਟਰ ਖੋਲ੍ਹ ਦੇਵੀਂ। ਇੱਕ ਬੰਦਾ ਤੇਰੇ ਕੋਲ ਛੱਡ ਕੇ ਜਾਵਾਂਗੇ। ਉਸ ਨੇ ਤੇਰੇ ਕੋਲ ਦੋ-ਚਾਰ ਘੰਟੇ ਰਹਿਣਾ ਹੈ ਤੇ ਫਿਰ ਉਸ ਨੇ ਚਾਰ ਵਜੇ ਚੌਂਕ 'ਚੋਂ ਬੱਸ ਫੜ੍ਹ ਲੈਣੀ ਹੈ।ਉਸ ਰਾਤ ਮੈਂ ਦਸ ਵਜੇ ਠੇਕਾ ਬੰਦ ਕਰ ਕੇ ਜਾਗੋ ਮੀਟੀ ਵਿੱਚ ਹੀ ਰਿਹਾ ਕਿ ਪਤਾ ਨਹੀਂ ਕਦੋਂ ਬੌਸ ਨੇ ਬੂਹਾ ਖੜਕਾ ਦੇਣਾ। ਇਸ ਤਰ੍ਹਾਂ ਗਿਆਰਾਂ ਤੋਂ ਬਾਰਾਂ

ਵੱਜ ਗਏ ਤੇ ਬਾਰਾਂ ਤੋਂ ਇੱਕ। ਇੱਕ ਵਜੇ ਬੂਹਾ ਖੜਕਿਆ ਤਾਂ ਬਾਹਰੋਂ ਆਵਾਜ਼ ਆਈ ਕਿ "ਮੈਂ ਬਾਬੂ ਆਂ, ਸ਼ਟਰ ਖੋਲ੍ਹ।" ਮੈਂ ਸ਼ਟਰ ਖੋਲ੍ਹਿਆ ਤਾਂ ਦੇਖਿਆ ਕਿ ਬਾਬੂ ਹੋਰਾਂ ਨੇ ਇੱਕ ਖੇਸੀ ਵਿੱਚ ਲਪੇਟਿਆ ਹੋਇਆ ਇੱਕ ਬੰਦਾ ਅੰਦਰ ਕਰ ਦਿੱਤਾ ਤੇ ਕਿਹਾ ਕਿ ਇਸ ਨੂੰ ਦੋ-ਤਿੰਨ ਘੰਟੇ ਆਰਾਮ ਕਰ ਲੈਣ ਦੇ। ਇਸ ਨੇ ਚਾਰ ਵਜੇ ਚੌਂਕ ਤੋਂ ਬੱਸ ਫੜ ਲੈਣੀ ਏ। ਮੈਂ ਅੰਦਰੋਂ ਸ਼ਟਰ ਲਾ ਕੇ ਵਾਪਸ ਮੁੜਿਆ ਤੇ ਜੋ ਮੈਂ ਦੇਖਿਆ, ਉਸ ਨੂੰ ਦੇਖ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ, ਕਿਉਂਕਿ ਉਹ ਚਾਦਰ ਵਿੱਚ ਲਿਪਟੀ ਇੱਕ ਅਲਫ਼ ਨੰਗੀ ਕੁੜੀ ਸੀ, ਜੋ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਸੀ। ਉਹ ਇੱਕ ਚਿੱਟੀ ਦੁੱਧ ਵਰਗੀ ਪਤਲੀ ਕੁੜੀ ਸੀ। ਉਸ ਨੇ ਚਾਦਰ ਲਾਹੀ ਤੇ ਬਿਸਤਰੇ 'ਤੇ ਜਾ ਕੇ ਲੇਟ ਗਈ। ਉਸ ਨੂੰ ਦੇਖਣ ਤੋਂ ਬਾਅਦ ਮੈਂ ਆਪਣੇ ਆਪ 'ਤੇ ਬੜੀ ਮੁਸ਼ਕਲ ਨਾਲ ਕਾਬੂ ਰੱਖ ਸਕਿਆ। ਦਿਲ ਤੇ ਦਿਮਾਗ ਵਿੱਚ ਇੱਕ ਵੱਖਰੀ ਜੱਦੋ-ਜਹਿਦ ਚੱਲ ਰਹੀ ਸੀ। ਦਿਲ ਅੱਗੇ ਵਧਣ ਲਈ ਜ਼ੋਰ ਪਾ ਰਿਹਾ ਸੀ, ਪਰ ਦਿਮਾਗ ਅੱਗੇ ਵਧਣ ਤੋਂ ਰੋਕ ਰਿਹਾ ਸੀ।ਇਸੇ ਜੱਦੋ-ਜਹਿਦ ਦੌਰਾਨ ਬਾਬਾ ਜੀ ਵੱਲੋਂ ਬੱਸ ਵਿੱਚ ਦਿੱਤੀ ਗਈ ਪੱਗ ਦੀ ਲਾਜ ਰੱਖਣ ਵਾਲੀ ਨਸੀਹਤ ਚੇਤੇ ਆ ਗਈ ਤੇ ਮੈਂ ਆਪਣੇ ਆਪ ਨੂੰ ਸੰਭਾਲਣ ਵਿੱਚ ਕਾਮਯਾਬ ਹੋ ਗਿਆ। ਵੈਸੇ ਵੀ ਕਹਿੰਦੇ ਨੇ ਕਿ ਖੁੱਲ੍ਹਾ ਪੈਸਾ ਤੇ ਖੁੱਲ੍ਹੀ ਔਰਤ ਦੇਖ ਕੇ ਵੱਡੇ-ਵੱਡੇ ਡੋਲ ਜਾਂਦੇ ਨੇ, ਪਰ ਇਹ ਗੱਲ ਮੇਰੇ ਅੱਗੇ ਗਲਤ





ਸਾਬਤ ਹੋ ਗਈ ਸੀ, ਕਿਉਂਕਿ ਨਾ ਤਾਂ ਮੈਂ ਪੈਸੇ ਦੇ ਲਾਲਚ ਵਿੱਚ ਆਇਆ ਤੇ ਨਾ ਹੀ ਮੈਂ ਖੁੱਲ੍ਹੀ ਔਰਤ ਦੇਖ ਕੇ ਵਾਸਨਾਵਾਂ ਦੇ ਵਹਿਣ ਵਿੱਚ ਵਹਿਆ। ਮੇਰੇ ਉੱਤੇ ਇਸ ਗੱਲ ਨੂੰ ਗਲਤ ਸਾਬਤ ਕਰਨ ਵਿੱਚ ਬਾਬਾ ਜੀ ਦੀ ਨਸੀਹਤ ਦਾ ਬਹੁਤ ਵੱਡਾ ਹੱਥ ਸੀ।"

ਹਾਜ਼ਰ ਕਵੀਜਨਾਂ ਨੇ ਆਪਣੀਆਂ ਰਚਨਾਵਾਂ ਸੁਣਾ ਕੇ ਖੂਬ ਵਾਹ-ਵਾਹੀ ਖੱਟੀ। ਕਵੀ ਦਰਬਾਰ ਵਿੱਚ ਦਰਸ਼ਨ ਅਣਜਾਨ, ਦੀਪਾ ਬੰਡਾਲਾ, ਸਤਨਾਮ ਸਿੰਘ ਗਾਹਲੇ, ਪਾਰਸ, ਮਹੀਨੀਆ, ਕਸ਼ਮੀਰਾ ਸਿੰਘ ਨਿਰਮਾਣ, ਨਿੰਦਰਪਾਲ ਸਿੰਘ ਰਿਆੜ, ਮਨਜੀਤ ਸਿੰਘ ਬੱਲ, ਕਰਤਾਰ ਸਿੰਘ ਪਰਮਾਰ, ਕਾਰਜ ਸਿੰਘ ਬੱਲ, ਮਹਿੰਦਰ ਸਿੰਘ ਔਲਖ, ਅਜੀਤ ਸਿੰਘ ਖੰਗੂੜਾ, ਕੇਵਲ ਸਿੰਘ ਬੱਲ ਅਤੇ ਬਲਵਿੰਦਰ ਬਾਲਮ ਨੇ ਭਾਗ ਲਿਆ।

ਇਹ ਇੱਕ ਯਾਦਗਾਰੀ ਸਮਾਗਮ ਹੋ ਨਿੱਬੜਿਆ।

ਬਲਵਿੰਦਰ ਬਾਲਮ ,

ਐਡਮਿੰਟਨ, ਕੈਨੇਡਾ

ਜਗਤ ਪੰਜਾਬੀ ਸਭਾ ਅਤੇ ਓਂਟਾਰਿਓ ਫਰੈਂਡਜ਼ ਕਲੱਬ ਵੱਲੋਂ ਕਵੀ ਦਰਬਾਰ ਆਯੋਜਿਤ

ਦਰਸ਼ਨ ਸਿੰਘ ਧਾਲੀਵਾਲ ਦੁਆਰਾ ਸਭਾ ਲਈ ਐਲਾਨੀ 15 ਹਜਾਰ ਡਾਲਰ ਦੀ ਸਹਾਇਤਾ ਰਾਸ਼ੀ ਪ੍ਰਾਪਤ ਕੀਤੀ





ਬਰੈਂਪਟਨ, (ਹਰਦੇਵ ਚੌਹਾਨ) : ਜਗਤ ਪੰਜਾਬੀ ਸਭਾ ਕੈਨੇਡਾ ਅਤੇ ਓਂਟਾਰਿਓ ਫਰੈਂਡਜ਼ ਕਲੱਬ ਵੱਲੋਂ ਜਗਤ ਪੰਜਾਬੀ ਸਭਾ ਦੇ ਦਫ਼ਤਰ, 134 ਕੈਨੇਡੀ ਰੋਡ ਸਾਊਥ, ਬਰੈਂਪਟਨ ਵਿਖੇ ਸ਼ਾਨਦਾਰ ਕਵੀ ਦਰਬਾਰ ਕਰਵਾਇਆ ਗਿਆ। ਇਸ ਸਮਾਗਮ ਵਿੱਚ ਕਵੀਆਂ ਅਤੇ ਮੈਂਬਰਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।

ਕਵੀ ਦਰਬਾਰ ਦੇ ਮੁੱਖ ਮਹਿਮਾਨ ਉੱਘੇ ਲੇਖਕ ਅਤੇ ਸੰਪਾਦਕ ਪਾਲ ਸਿੰਘ ਨੌਲੀ ਸਨ। ਉਨ੍ਹਾਂ ਨੇ ਆਪਣੇ ਪ੍ਰਭਾਵਸ਼ਾਲੀ ਭਾਸ਼ਣ ਵਿੱਚ ਵਾਤਾਵਰਨ ਦੀ ਸੰਭਾਲ ਅਤੇ ਦਰਿਆਵਾਂ ਦੇ ਪਾਣੀਆਂ ਨਾਲ ਸਬੰਧਤ ਗੰਭੀਰ ਮੁੱਦਿਆਂ ਬਾਰੇ ਵਿਚਾਰ ਸਾਂਝੇ ਕੀਤੇ।

ਸਮਾਗਮ ਵਿੱਚ ਅਮਰ ਸਿੰਘ ਭੁੱਲਰ, ਸਰਪ੍ਰਸਤ ਜਗਤ ਪੰਜਾਬੀ ਸਭਾ, ਸਰਦੂਲ ਸਿੰਘ ਥਿਆੜਾ, ਪ੍ਰਧਾਨ ਜਗਤ ਪੰਜਾਬੀ ਸਭਾ, ਸੰਤੋਖ ਸਿੰਘ ਸੰਧੂ, ਪ੍ਰਧਾਨ ਓਂਟਾਰਿਓ ਫਰੈਂਡਜ਼ ਕਲੱਬ, ਅਜੈਬ ਸਿੰਘ ਚੱਠਾ, ਚੇਅਰਮੈਨ ਜਗਤ ਪੰਜਾਬੀ ਸਭਾ ਅਤੇ ਅਮਰੀਕ ਸਿੰਘ ਗੋਗਨਾ, ਸਰਪ੍ਰਸਤ ਓਂਟਾਰਿਓ ਫਰੈਂਡਜ਼ ਕਲੱਬ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ।

ਨਾਮਵਰ ਸ਼ਾਇਰ ਜਸਪਾਲ ਦੇਸੂਵੀ ਦੀ ਸੰਚਾਲਨਾ ਹੇਠ ਕਵੀ ਦਰਬਾਰ ਦੌਰਾਨ ਡਾ. ਕੁਲਦੀਪ ਕੌਰ ਗਿੱਲ, ਹਰਜੀਤ ਕੌਰ ਗਿੱਲ, ਮਨਿੰਦਰਜੀਤ ਕੌਰ ਪੂਰਨ, ਗੁਰਮੇਲ ਸਿੰਘ ਢਿੱਲੋਂ, ਕਰਤਾਰ ਸਿੰਘ ਅੌਲਖ, ਰੂਬੀ ਕਰਤਾਰਪੁਰੀ, ਹਰਜੀਤ ਕੌਰ, ਪ੍ਰਭਜੋਤ ਸਿੰਘ ਰਠੌਰ, ਪਿਆਰਾ ਸਿੰਘ ਕੁੱਦੋਵਾਲ ਤੇ ਰਮਿੰਦਰ ਵਾਲੀਆ ਨੇ ਆਪਣੀਆਂ ਰਚਨਾਵਾਂ ਪੇਸ਼ ਕਰਕੇ ਸਰੋਤਿਆਂ ਦਾ ਮਨ ਮੋਹਿਆ।

ਸਮਾਗਮ ਦੌਰਾਨ ਨਛੱਤਰ ਸਿੰਘ ਮਾਨ ਤੇ ਭੁਪਿੰਦਰ ਸਿਘ ਬਾਜਵਾ, ਮੁੱਖ ਸਲਾਹਕਾਰ ਜਗਤ ਪੰਜਾਬੀ ਸਭਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਅਮਰ ਸਿੰਘ ਭੁੱਲਰ ਵੱਲੋਂ ਦਰਸ਼ਨ ਸਿੰਘ ਧਾਲੀਵਾਲ ਦੁਆਰਾ ਐਲਾਨੀ ਗਈ 15,000 ਡਾਲਰ ਦੀ ਸਹਾਇਤਾ ਰਾਸ਼ੀ ਦਾ ਡਰਾਫਟ ਚੇਅਰਮੈਨ ਅਜੈਬ ਸਿੰਘ ਚੱਠਾ ਨੂੰ ਸੌਂਪਿਆ ਗਿਆ। ਇਸ ਮੌਕੇ ਉਨਾਂ ਦੀ ਸ਼ੌਰਟ ਮੂਵੀ 'ਟੀਚਰ' ਨੇ ਵੀ ਵਾਹਵਾ ਪ੍ਰਸੰਸਾ ਖੱਟੀ।

ਅਖਾਹ ਗੁਣਾਂ ਦੀ ਗੁਥਲੀ ਅਤੇ ਸਦਭਾਵੀ ਦੇ ਫੁੱਲਾਂ ਦੀ ਖੁਸ਼ਬੂ - ਮਲਕੀਅਤ ਸਿੰਘ ਧਾਲੀਵਾਲ

ਐਡਮੰਟਨ, ਕੈਨੇਡਾ ਦੀ ਧਰਤੀ 'ਤੇ ਵੱਸਦਾ ਮਲਕੀਅਤ ਸਿੰਘ ਧਾਲੀਵਾਲ ਇੱਕ ਅਲਬੇਲਾ ਅਤੇ ਵਿਲੱਖਣ ਮਨੁੱਖ ਹੈ। ਭਾਵੇਂ ਉਸ ਨੇ ਰਸਮੀ ਵਿੱਦਿਆ ਹਾਸਲ ਨਹੀਂ ਕੀਤੀ, ਪਰ ਉਸ ਦੀ ਵਿਹਾਰਕ ਸੂਝ-ਬੂਝ ਅਤੇ ਜੀਵਨ ਅਨੁਭਵ ਕਈ ਪੜ੍ਹੇ-ਲਿਖੇ ਲੋਕਾਂ ਨੂੰ ਵੀ ਮਾਤ ਪਾਉਂਦੇ ਹਨ।

ਉਸ ਨੇ ਆਪਣੇ ਪੱਧਰ 'ਤੇ ਇੱਕ ਛੋਟਾ ਜਿਹਾ ਖੇਤੀ ਫਾਰਮ ਤਿਆਰ ਕੀਤਾ ਹੋਇਆ ਹੈ, ਜਿਸ ਵਿੱਚ ਉਹ ਵੱਖ-ਵੱਖ ਕਿਸਮਾਂ ਦੀਆਂ ਸਬਜ਼ੀਆਂ ਉਗਾਉਂਦਾ ਹੈ। ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਹ ਆਪਣੇ ਫਾਰਮ ਦੀਆਂ ਸਬਜ਼ੀਆਂ ਲੋੜਵੰਦਾਂ ਅਤੇ ਜਾਣ-ਪਛਾਣ ਵਾਲਿਆਂ ਨੂੰ ਬਿਲਕੁਲ ਮੁਫ਼ਤ ਵੰਡਦਾ ਹੈ ਅਤੇ ਕਿਸੇ ਕੋਲੋਂ ਕੋਈ ਪੈਸਾ ਨਹੀਂ ਲੈਂਦਾ।



ਉਸ ਦੇ ਫਾਰਮ ਵਿੱਚ ਪਾਲਕ, ਪਿਆਜ਼, ਛੋਲੇ, ਧਨੀਆ, ਆਲੂ, ਸਰ੍ਹੋਂ, ਚਿੱਬੜ, ਹਲਵਾ ਕੱਦੂ, ਟਮਾਟਰ, ਰੋਮੇਨ ਲੈਟਸ, ਹਰੀ ਮਿਰਚ, ਗਾਜਰ, ਮੂਲੀ, ਮੇਥੀ, ਲੌਕੀ, ਸਟ੍ਰਾਬੇਰੀ, ਤਿੰਡੇ, ਸੌਂਫ, ਖੀਰਾ ਅਤੇ ਬੈਂਗਣ ਸਮੇਤ ਅਨੇਕਾਂ ਕਿਸਮਾਂ ਦੀਆਂ ਸਬਜ਼ੀਆਂ ਅਤੇ ਫ਼ਸਲਾਂ ਉਗਾਈਆਂ ਜਾਂਦੀਆਂ ਹਨ।

ਮਲਕੀਅਤ ਸਿੰਘ ਕਈ ਸਮਾਜ-ਸੇਵੀ ਕਾਰਜਾਂ ਨਾਲ ਵੀ ਜੁੜਿਆ ਹੋਇਆ ਹੈ। ਭਾਵੇਂ ਉਸ ਦੀ ਉਮਰ ਲਗਭਗ 72 ਸਾਲ ਹੈ, ਪਰ ਉਸ ਵਿੱਚ ਕੰਮ ਕਰਨ ਦਾ ਜੋਸ਼ ਅਤੇ ਸ਼ਕਤੀ ਅੱਜ ਵੀ ਨੌਜਵਾਨਾਂ ਨਾਲੋਂ ਘੱਟ ਨਹੀਂ। ਹੈਰਾਨੀ ਵਾਲੀ ਗੱਲ ਇਹ ਹੈ ਕਿ ਉਹ ਸਾਰੀ ਖੇਤੀ ਇਕੱਲਾ ਹੀ ਕਰਦਾ ਹੈ ਅਤੇ ਕਿਸੇ ਦੀ ਮਦਦ ਨਹੀਂ ਲੈਂਦਾ। ਫ਼ਸਲਾਂ ਲਈ ਉਹ ਬਾਜ਼ਾਰੂ ਰਸਾਇਣਕ ਖਾਦ ਦੀ ਥਾਂ ਘਰ ਵਿੱਚ ਤਿਆਰ ਕੀਤੀ ਦੇਸੀ ਖਾਦ ਦੀ ਵਰਤੋਂ ਕਰਦਾ ਹੈ।

ਮਲਕੀਅਤ ਸਿੰਘ ਨੇ ਆਪਣੀ ਜ਼ਿੰਦਗੀ ਦੌਰਾਨ ਦੁਬਈ, ਯਮਨ, ਓਮਾਨ ਅਤੇ ਬੰਬਈ ਸਮੇਤ ਵੱਖ-ਵੱਖ ਥਾਵਾਂ 'ਤੇ ਕੰਮ ਕੀਤਾ। ਜੀਵਨ ਦੇ ਅਨੇਕਾਂ ਸੰਘਰਸ਼ਾਂ ਅਤੇ ਔਕੜਾਂ ਦਾ ਸਾਹਮਣਾ ਕਰਦਿਆਂ ਉਹ ਲਗਭਗ 30 ਸਾਲ ਪਹਿਲਾਂ ਐਡਮੰਟਨ ਆ ਵੱਸਿਆ ਸੀ।

ਉਹ ਅਨੇਕਾਂ ਤਕਨੀਕੀ ਕੰਮਾਂ ਵਿੱਚ ਵੀ ਮੁਹਾਰਤ ਰੱਖਦਾ ਹੈ। ਪਲੰਬਿੰਗ, ਬਿਜਲੀ ਦਾ ਕੰਮ, ਮਕਾਨ ਉਸਾਰੀ, ਸੰਗੀਤ, ਫੋਟੋਗ੍ਰਾਫੀ ਅਤੇ ਗੋਬਰ ਗੈਸ ਪਲਾਂਟ ਲਗਾਉਣ ਵਰਗੇ ਕੰਮਾਂ ਦਾ ਉਸ ਨੂੰ ਡੂੰਘਾ ਗਿਆਨ ਹੈ। ਦੱਸਿਆ ਜਾਂਦਾ ਹੈ ਕਿ ਉਸ ਨੇ ਵੱਖ-ਵੱਖ ਸ਼ਹਿਰਾਂ ਵਿੱਚ ਲਗਭਗ 900 ਗੋਬਰ ਗੈਸ ਪਲਾਂਟ ਲਗਾਉਣ ਵਿੱਚ ਯੋਗਦਾਨ ਪਾਇਆ। ਇੱਕ ਯੂਨੀਵਰਸਿਟੀ ਵੀ ਇਸ ਖੇਤਰ ਵਿੱਚ ਉਸ ਦੀ ਮੁਹਾਰਤ ਅਤੇ ਸਹਾਇਤਾ ਲੈਂਦੀ ਰਹੀ ਹੈ।

ਸੇਵਾ-ਭਾਵਨਾ ਉਸ ਦੇ ਸੁਭਾਅ ਦਾ ਅਹਿਮ ਹਿੱਸਾ ਹੈ। ਉਹ ਆਪਣੀ ਕਾਲੋਨੀ ਦੇ ਆਲੇ-ਦੁਆਲੇ ਉੱਗੇ ਵਾਧੂ ਘਾਹ ਨੂੰ ਵੀ ਆਪਣੀ ਮਸ਼ੀਨ ਨਾਲ ਮੁਫ਼ਤ ਕੱਟਦਾ ਹੈ ਅਤੇ ਉਸੇ ਘਾਹ ਤੋਂ ਦੇਸੀ ਖਾਦ ਤਿਆਰ ਕਰਦਾ ਹੈ। ਇਸ ਤਰ੍ਹਾਂ ਉਹ ਸਫ਼ਾਈ, ਵਾਤਾਵਰਨ ਦੀ ਸੰਭਾਲ ਅਤੇ ਕੁਦਰਤੀ ਖੇਤੀ- ਤਿੰਨਾਂ ਖੇਤਰਾਂ ਵਿੱਚ ਆਪਣਾ ਯੋਗਦਾਨ ਪਾ ਰਿਹਾ ਹੈ।

ਮਲਕੀਅਤ ਸਿੰਘ ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਉਰਦੂ ਸਮੇਤ ਕਈ ਭਾਸ਼ਾਵਾਂ ਬੋਲਣ ਅਤੇ ਸਮਝਣ ਦੀ ਸਮਰੱਥਾ ਰੱਖਦਾ ਹੈ। ਉਸ ਨੂੰ ਸੱਤ ਬਾਣੀਆਂ ਵੀ ਜ਼ੁਬਾਨੀ ਯਾਦ ਹਨ। ਉਸ ਦੇ ਜੀਵਨ ਵਿੱਚ ਆਸਥਾ, ਸੇਵਾ, ਮਿਹਨਤ ਅਤੇ ਸਮਰਪਣ ਦਾ ਵਿਸ਼ੇਸ਼ ਮਹੱਤਵ ਹੈ।

ਉਸ ਦਾ ਮੰਨਣਾ ਹੈ ਕਿ ਜੀਵਨ ਦੇ ਰਸਤੇ 'ਤੇ ਅੱਗੇ ਵਧਣ ਲਈ ਆਸਥਾ ਅਤੇ ਆਪਣੇ ਉਦੇਸ਼ ਪ੍ਰਤੀ ਸਮਰਪਣ ਬਹੁਤ ਜ਼ਰੂਰੀ ਹਨ। ਜਿਸ ਤਰ੍ਹਾਂ ਪਿਆਸ ਪਾਣੀ ਦੀ ਮੁਹਤਾਜ ਹੁੰਦੀ ਹੈ, ਉਸੇ ਤਰ੍ਹਾਂ ਸਫਲਤਾ ਮਿਹਨਤ ਅਤੇ ਦ੍ਰਿੜ੍ਹ ਇਰਾਦੇ ਦੀ ਮੁਹਤਾਜ ਹੁੰਦੀ ਹੈ। ਜੇ ਮਨੁੱਖ ਦੇ ਮਨਸੂਬੇ ਉਸ ਦੇ ਅੰਤਰ-ਮਨ ਨਾਲ ਜੁੜੇ ਹੋਣ ਅਤੇ ਉਹ ਆਪਣੇ ਟੀਚੇ ਵੱਲ ਮਿਹਨਤ, ਸੰਘਰਸ਼ ਅਤੇ ਆਤਮ-ਨਿਰਭਰਤਾ ਨਾਲ ਤੁਰਦਾ ਰਹੇ, ਤਾਂ ਕੋਈ ਵੀ ਰੁਕਾਵਟ ਉਸ ਦੀ ਤਰੱਕੀ ਨੂੰ ਰੋਕ ਨਹੀਂ ਸਕਦੀ।



ਮਲਕੀਅਤ ਸਿੰਘ ਧਾਲੀਵਾਲ ਦੀ ਜ਼ਿੰਦਗੀ ਸਾਨੂੰ ਇਹੀ ਸੁਨੇਹਾ ਦਿੰਦੀ ਹੈ ਕਿ ਵਿੱਦਿਆ ਸਿਰਫ਼ ਕਿਤਾਬਾਂ ਤੱਕ ਸੀਮਤ ਨਹੀਂ ਹੁੰਦੀ। ਜੀਵਨ ਦੇ ਅਨੁਭਵ, ਮਿਹਨਤ, ਹੁਨਰ, ਸੇਵਾ-ਭਾਵਨਾ ਅਤੇ ਨੇਕ ਸੋਚ ਵੀ ਮਨੁੱਖ ਨੂੰ ਗਿਆਨਵਾਨ ਅਤੇ ਮਹਾਨ ਬਣਾਉਂਦੇ ਹਨ।ਮਲਕੀਤ ਸਿੰਘ ਤਾੜੀਵਾਲ ਪਰਿਵਾਰਕ ਏਕਤਾ ਨੂੰ ਵੀ ਜੀਵਨ ਦੀ ਸਭ ਤੋਂ ਵੱਡੀ ਤਾਕਤ ਮੰਨਦਾ ਹੈ। ਉਸ ਦਾ ਕਹਿਣਾ ਹੈ ਕਿ ਜਿਸ ਪਰਿਵਾਰ ਦੇ ਮੈਂਬਰ ਆਪਸੀ ਪਿਆਰ, ਸਤਿਕਾਰ ਅਤੇ ਸਹਿਯੋਗ ਨਾਲ ਇਕੱਠੇ ਰਹਿੰਦੇ ਹਨ, ਉਸ ਪਰਿਵਾਰ ਨੂੰ ਕੋਈ ਵੀ ਮੁਸ਼ਕਲ ਕਮਜ਼ੋਰ ਨਹੀਂ ਕਰ ਸਕਦੀ। ਬਜ਼ੁਰਗਾਂ ਦਾ ਸਤਿਕਾਰ, ਬੱਚਿਆਂ ਨੂੰ ਚੰਗੇ ਸੰਸਕਾਰ ਅਤੇ ਦੁੱਖ-ਸੁੱਖ ਵਿੱਚ ਇਕ-ਦੂਜੇ ਦਾ ਸਾਥ ਹੀ ਖੁਸ਼ਹਾਲ ਪਰਿਵਾਰ ਦੀ ਅਸਲ ਪਛਾਣ ਹੈ। ਉਸ ਦਾ ਜੀਵਨ ਸਾਨੂੰ ਮਿਹਨਤ, ਸੇਵਾ, ਆਤਮ-ਨਿਰਭਰਤਾ ਅਤੇ ਪਰਿਵਾਰਕ ਏਕਤਾ ਦਾ ਕੀਮਤੀ ਸੁਨੇਹਾ ਦਿੰਦਾ ਹੈ।

ਬਲਵਿੰਦਰ ਬਾਲਮ

ਐਡਮੰਟਨ, ਕੈਨੇਡਾ

ਕਲਾ ਖੇਤਰ ਵਿੱਚ ਉੱਚੀਆਂ ਉਡਾਰੀਆਂ ਭਰਨ ਵਾਲੀ -ਸੀਮਾ ਕੌਸਲ

ਪਿਛਲੇ ਦੋ - ਢਾਈ ਦਹਾਕਿਆਂ ਤੋਂ ਪੰਜਾਬੀ ਫ਼ਿਲਮ ਇੰਡਸਟਰੀ ਨੇ ਜਿਥੇ ਸ਼ਾਨਾਂਮੱਤੀ ਬੁਲੰਦੀਆਂ ਨੂੰ ਛੂਹਿਆ ਹੈ, ਉਥੇ ਬਹੁਤ ਸਾਰੇ ਕਲਾਕਾਰਾਂ ਨੇ ਆਪਣੀ ਕਮਾਲ ਦੀ ਅਦਾਕਾਰੀ ਨਾਲ ਆਪਣੀ ਨਿਵੇਕਲੀ ਅਤੇ ਪ੍ਰਭਾਵਸ਼ਾਲੀ ਪਹਿਚਾਣ ਬਣਾਈ ਹੈ।ਇਸ ਸਮੇਂ ਦੌਰਾਨ ਨਵੇਂ ਨਵੇਂ ਵਿਸ਼ਿਆਂ ਤੇ ਬਹੁਤ ਚੰਗੀਆਂ ਫ਼ਿਲਮਾਂ ਬਣੀਆਂ ਹਨ। ਜਿੰਨ੍ਹਾਂ ਕਲਾਕਾਰਾਂ ਨੇ ਆਪਣੀ ਖਾਲਸ ਕਲਾ ਦੇ ਸਿਰ ਤੇ ਪੰਜਾਬੀ ਫ਼ਿਲਮ ਇੰਡਸਟਰੀ ਵਿੱਚ ਸਨਮਾਨਿਤ ਜਗ੍ਹਾ ਬਣਾਈ ਹੈ ਉਨ੍ਹਾਂ ਵਿੱਚ ਪੰਜਾਬੀ ਅਦਾਕਾਰਾ ਸੀਮਾ ਕੌਸਲ ਦਾ ਨਾਮ ਵੀ ਮਾਣ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ।



ਕਸਬਾ ਸ਼ੇਰਪੁਰ ਦੇ ਆਸ ਪਾਸ ਦੀ ਧਰਤੀ ਬੜੀ ਭਾਗਾਂ ਵਾਲੀ ਧਰਤੀ ਹੈ।ਇਸ ਇਲਾਕੇ ਦੀਆਂ ਵੱਖ ਵੱਖ ਖੇਤਰਾਂ ਵਿੱਚ ਅਹਿਮ ਸ਼ਖ਼ਸੀਅਤਾਂ ਨੇ ਇਸ ਖਿੱਤੇ ਦਾ ਨਾਂ ਰੌਸ਼ਨ ਕੀਤਾ। ਫ਼ਿਲਮੀ ਅਦਾਕਾਰ ਸਰਦਾਰ ਸੋਹੀ , ਗਾਇਕ ਗੀਤਕਾਰ ਕਰਨੈਲ ਸਿੰਘ ਸ਼ੇਰਪੁਰੀ,ਅਮਰ ਸਿੰਘ ਭੁੱਲਰ (ਹਮਦਰਦ ਟੀ. ਵੀ.) ਮਰਹੂਮ ਕਲਾਕਾਰ ਦਰਸ਼ਨ ਬੜੀ, ਮਰਹੂਮ ਮੁਲਾਜ਼ਮ ਨੇਤਾ ਸਖਦੇਵ ਸਿੰਘ ਬੜੀ,ਪ੍ਰੋ ਕਮਲਜੀਤ ਟਿੱਬਾ, ਸਰਬਜੀਤ ਰਿਸ਼ੀ (ਕਲਾਕਾਰ) , ਚਿੱਤਰਕਾਰ ਦਰਸ਼ਨ ਸਿੰਘ ਟਿੱਬਾ, ਹਰਮਨ ਸ਼ੇਰਪੁਰ , ਮਾ ਹਰਬੰਸ ਸਿੰਘ ਸ਼ੇਰਪੁਰ ਆਦਿ ਸਮੇਤ ਇਸ ਇਲਾਕੇ ਦੀਆਂ ਬਹੁਤ ਸਾਰੀਆਂ ਸ਼ਖ਼ਸ਼ੀਅਤਾਂ ਨੇ ਧਾਰਮਿਕ, ਸਮਾਜਿਕ, ਵਿਦਿਅਕ,ਰਾਜਨੀਤਕ,ਕਲਾਕਾਰੀ, ਲੇਖਣੀ ਆਦਿ ਖੇਤਰਾਂ ਵਿੱਚ ਵੱਡੀ ਪਹਿਚਾਣ ਬਣਾਈ ਹੈ। ਸ਼ੇਰਪੁਰ ਕਸਬੇ ਦੀ ਬੁੱਕਲ ਵਿੱਚ ਵਸੇ ਨਿੱਕੇ ਜਿਹੇ ਪਿੰਡ ਭਗਵਾਨਪੁਰਾ ਵਿੱਚ ਉੱਘੇ ਸਿੱਖਿਆ ਸ਼ਾਸਤਰੀ ਮਾਸਟਰ ਸਾਧੂ ਰਾਮ ਦੇ ਗ੍ਰਹਿ ਵਿਖੇ ਜਨਮੀ ਸੀਮਾ ਕੌਸਲ ਅੱਜ ਪੰਜਾਬੀ ਫ਼ਿਲਮ ਇੰਡਸਟਰੀ ਦੀ ਇੱਕ ਜਾਣੀ ਪਹਿਚਾਣੀ ਕਲਾਕਾਰ ਹੈ। ਉਸ ਨੇ ਦਰਜਨਾਂ ਤੋਂ ਵੱਧ ਪੰਜਾਬੀ ਫ਼ਿਲਮਾਂ ਵਿੱਚ ਕੰਮ ਕਰਕੇ ਆਪਣੀ ਕਲਾ ਦੀ ਨਿਰੋਈ ਛਾਪ ਛੱਡੀ ਹੈ। ਜਿਸ ਸਥਾਨ ਤੇ ਅੱਜ ਸੀਮਾ ਕੌਸਲ ਹੈ ਇਹ ਉਸ ਦੀ ਵਰ੍ਹਿਆਂ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ। ਸੀਮਾ ਨੂੰ ਕਲਾ ਖੇਤਰ ਵਿੱਚ ਅੱਗੇ ਵਧਣ ਲਈ ਉਸ ਦੇ ਪੇਕਾ ਪਰਿਵਾਰ ਅਤੇ ਉਸ ਦੇ ਸਹੁਰਾ ਪਰਿਵਾਰ ਨੇ ਉਸ ਦਾ ਡਟਵਾਂ ਸਾਥ ਦਿੱਤਾ।ਇਹ ਉਸ ਦੀ ਸੂਝ ਸਿਆਣਪ ਦਾ ਸਿੱਟਾ ਹੀ ਹੈ ਕਿ ਉਸ ਨੇ ਆਪਣੇ ਫਿਲਮੀ ਕੈਰੀਅਰ ਨੂੰ ਅਤੇ ਆਪਣੇ ਘਰ ਗ੍ਰਹਿਸਥੀ ਜੀਵਨ ਨੂੰ ਵੀ ਸੰਭਾਲਿਆ। ਸੀਮਾ ਹਮੇਸ਼ਾ ਅੱਗੇ ਬਾਰੇ ਅਤੇ ਕੁਝ ਨਵਾਂ ਕਰਨ ਬਾਰੇ ਸੋਚਦੀ ਹੈ। ਉਸ ਕੋਲ ਸ਼ਬਦਾਂ ਦਾ ਅਣਮੁੱਲਾ ਭੰਡਾਰ ਹੈ।ਬੋਲਣ ਦੀ ਲਿਆਕਤ ਹੈ। ਕਿਸੇ ਦੀ ਗੱਲ ਸੁਣਨ ਦਾ ਸਲੀਕਾ ਹੈ। ਰਿਸ਼ਤੇ ਨਿਭਾਉਣ ਦਾ ਹੁਨਰ ਹੈ।

ਸੀਮਾ ਕੌਸਲ ਆਪਣੇ ਹਰ ਰੋਲ ਵਿੱਚ ਏਨਾਂ ਖੁਬ ਜਾਂਦੀ ਹੈ ਕਿ ਉਹ ਆਪਣੇ ਆਪ ਨੂੰ ਭੁੱਲ ਹੀ ਜਾਂਦੀ ਹੈ।ਖਾਸ ਕਰਕੇ ਉਹ ਪੇਂਡੂ ਕਿਰਦਾਰਾਂ ਨੂੰ ਏਨੀਂ ਸ਼ਿੱਦਤ ਨਾਲ ਪੇਸ਼ ਕਰਦੀ ਹੈ। ਉਸ ਦੇ ਕੀਤੇ ਕੰਮ ਨੂੰ ਵੇਖ ਕੇ ਇਉਂ ਲੱਗਦਾ ਹੈ ਜਿਵੇਂ ਸੀਮਾ ਕੌਸਲ ਨਹੀਂ ਸਗੋਂ ਖੁਦ ਪਾਤਰ ਕੰਮ ਕਰ ਰਿਹਾ ਹੋਵੇ।ਉਸ ਨੂੰ ਕਲਾ ਦਾ ਗਿਆਨ ਘਰ ਚੋਂ ਹੀ ਪ੍ਰਾਪਤ ਹੋਇਆ। ਸੀਮਾ ਦੇ ਪਿਤਾ ਮਾਸਟਰ ਸਾਧੂ ਰਾਮ ਇੱਕ ਬਹੁਤ ਵਧੀਆ ਬੁਲਾਰੇ ਸਨ। ਉਨ੍ਹਾਂ ਦੇ ਭਰਾ ਸਰਬਜੀਤ ਰਿਸ਼ੀ ਜਿਥੇ ਜਲੰਧਰ ਰੇਡੀਓ ਸਟੇਸ਼ਨ ਦੇ ਬਹੁਤ ਹੀ

ਚਰਚਿਤ ਪ੍ਰੋਗਰਾਮ ਦਿਹਾਤੀ ਪ੍ਰੋਗਰਾਮ ਵਿੱਚ ਰੁਲੀਆ ਰਾਮ ਦਾ ਕਿਰਦਾਰ ਨਿਭਾਉਂਦੇ ਆ ਰਹੇ ਹਨ ਉਥੇ ਉਨ੍ਹਾਂ ਨੇ ਕਈ ਪੰਜਾਬੀ ਫ਼ਿਲਮਾਂ ਅਤੇ ਨਾਟਕਾਂ ਵਿੱਚ ਕੰਮ ਕੀਤਾ ਹੈ। ਸੀਮਾ ਕੌਸਲ ਦੀਆਂ ਹੁਣ ਤੱਕ ਦੀਆਂ ਫ਼ਿਲਮਾਂ ਚੋਂ ਅਰਦਾਸ, ਸਰਬਾਲਾ ਜੀ, ਹੁਸ਼ਿਆਰ ਸਿੰਘ, ਰੱਬ ਦਾ ਰੇਡੀਓ, ਪਦਮਸ਼੍ਰੀ ਕੌਰ ਸਿੰਘ, ਗੋਡੇ ਗੋਡੇ ਚਾਅ,ਬੂਹੇ ਬਾਰੀਆਂ, ਬਾਜ਼ਰੇ ਦਾ ਸਿੱਟਾ , ਰਜਨੀ, ਸ਼ਿੰਦਾ ਸ਼ਿੰਦਾ ਨੋ ਪਾਪਾ, ਗੱਡੀ ਜਾਂਦੀ ਏ ਸਲਾਂਗਾਂ ਮਾਰਦੀ, ਮਧਾਣੀਆਂ, ਹਨੀਮੂਨ ਆਦਿ ਪ੍ਰਮੁੱਖ ਹਨ। ਸੀਮਾ ਕੌਸਲ ਨੇ ਆਪਣੇ ਫ਼ਿਲਮੀ ਸਫ਼ਰ ਤੋਂ ਪਹਿਲਾਂ ਜਲੰਧਰ ਦੂਰਦਰਸ਼ਨ ਦੇ ਨਾਟਕਾਂ, ਸੀਰੀਅਲਾਂ ਆਦਿ ਪ੍ਰੋਗਰਾਮ ਵਿੱਚ ਕੰਮ ਕਰਕੇ ਕਲਾ ਦੇ ਖੇਤਰ ਵਿੱਚ ਆਪਣੀ ਪਹਿਚਾਣ ਬਣਾ ਲਈ ਸੀ। ਭਾਵੇਂ ਬਹੁਤੀਆਂ ਪੰਜਾਬੀ ਫ਼ਿਲਮਾਂ ਵਿੱਚ ਸੀਮਾ ਕੌਸਲ ਨੇ ਮਾਂ ਦੇ ਕਿਰਦਾਰ ਹੀ ਨਿਭਾਏ ਹਨ ਅਤੇ ਉਨ੍ਹਾਂ ਕਿਰਦਾਰਾਂ ਵਿੱਚ ਵੀ ਆਪਣੀ ਦਮਦਾਰ ਅਦਾਕਾਰੀ ਦਿਖਾਈ ਹੈ।ਸੀਮਾ ਕੌਸਲ ਦਾ ਕਹਿਣਾ ਹੈ ਕਿ ਉਹ ਹਰ ਤਰ੍ਹਾਂ ਦੇ ਕਿਰਦਾਰ ਨੂੰ ਬਾਖੂਬੀ ਨਿਭਾਅ ਸਕਦੀ ਹੈ। ਕੁਝ ਫ਼ਿਲਮਾਂ ਵਿੱਚ ਉਸ ਨੇ ਇਸ ਤੋਂ ਹਟਵੇਂ ਰੋਲ ਵੀ ਕੀਤੇ ਹਨ।ਉਹ ਸਾਰੇ ਕਲਾਕਾਰਾਂ ਦੀ ਦਿਲੋਂ ਇੱਜ਼ਤ ਕਰਦੀ ਹੈ। ਸੀਮਾ ਦਾ ਕਹਿਣਾ ਹੈ ਕਿ ਅੱਜ ਪੰਜਾਬੀ ਫ਼ਿਲਮਾਂ ਇੱਕ ਸੁਨਹਿਰੀ ਦੌਰ ਵਿੱਚੋਂ ਲੰਘ ਰਹੀਆਂ ਹਨ।ਚੰਗੇ ਚੰਗੇ ਵਿਸ਼ਿਆਂ ਤੇ ਪੰਜਾਬੀ ਫ਼ਿਲਮਾਂ ਬਣ ਰਹੀਆਂ ਹਨ।ਪੂਰੇ ਪਰਿਵਾਰ ਵਿੱਚ ਬੈਠ ਕੇ ਫ਼ਿਲਮਾਂ ਵੇਖੀਆਂ ਜਾ ਰਹੀਆਂ ਹਨ।ਜੋ ਸ਼ੋਹਰਤ ਇੱਜ਼ਤ ਮਾਣ ਸੀਮਾ ਕੌਸਲ ਦੇ ਹਿੱਸੇ ਆਈ ਹੈ ਉਹ ਵਿਰਲੇ ਕਲਾਕਾਰਾਂ ਦੇ ਹਿੱਸੇ ਆਉਂਦੀ ਹੈ। ਭਾਵੇਂ ਉਸਨੂੰ ਅਨੇਕਾਂ ਸੰਸਥਾਵਾਂ ਨੇ ਸਮੇਂ ਸਮੇਂ ਸਨਮਾਨਿਤ ਕੀਤਾ ਹੈ ਪਰ ਉਹ ਸਭ ਤੋਂ ਵੱਡਾ ਸਨਮਾਨ ਦਰਸ਼ਕਾਂ ਨੂੰ ਮੰਨਦੀ ਹੈ। ਸੀਮਾ ਕੌਸਲ ਦਾ ਕਹਿਣਾ ਹੈ ਕਿ ਦਰਸ਼ਕਾਂ ਵੱਲੋਂ ਮਿਲਿਆ ਪਿਆਰ ਸਤਿਕਾਰ ਅਤੇ ਸੰਸਥਾਵਾਂ ਵੱਲੋਂ ਮਿਲਿਆ ਮਾਣ ਸਨਮਾਨ ਤੁਹਾਡੀ ਜ਼ਿੰਮੇਵਾਰੀ ਨੂੰ ਹੋਰ ਵਧਾਉਂਦਾ ਹੈ।ਉਸ ਦੀ ਦੇਸ਼ ਵਿਦੇਸ਼ ਵਿੱਚ ਵਸਦੇ ਪੰਜਾਬੀ ਦਰਸ਼ਕਾਂ ਨੂੰ ਅਪੀਲ ਹੈ ਕਿ ਉਹ ਪਰਿਵਾਰ ਸਮੇਤ ਸਿਨੇਮਾਂ ਘਰਾਂ ਵਿੱਚ ਜਾ ਕੇ ਚੰਗੀਆਂ ਫ਼ਿਲਮਾਂ ਵੇਖਣ। ਤਾਂ ਜੋ ਪੰਜਾਬੀ ਵਿੱਚ ਹੋਰ ਚੰਗੀਆਂ ਫ਼ਿਲਮਾਂ ਬਨਾਉਣ ਲਈ ਨਿਰਮਾਤਾ, ਨਿਰਦੇਸ਼ਕਾਂ ਨੂੰ ਉਤਸ਼ਾਹ ਅਤੇ ਹੌਸਲਾ ਮਿਲੇ।





ਸੁਰਿੰਦਰ ਚਹਿਲ ਖੇੜੀ (ਕੈਨੇਡਾ)





ਕੀ ਨਸ਼ਾ ਹੀ ਪੰਜਾਬ ਦੀ ਇੱਕੋ ਇੱਕ ਸਮੱਸਿਆ ਹੈ ?

ਅੱਜ-ਕੱਲ੍ਹ ਨਸ਼ੇ ਦੇ ਮੁੱਦੇ 'ਤੇ ਪੂਰੇ ਪੰਜਾਬ ਵਿੱਚ ਤਰਥੱਲੀ ਮਚੀ ਹੋਈ ਹੈ। ਸਿਆਸੀ ਗਲਿਆਰਿਆਂ ਤੋਂ ਲੈ ਕੇ ਆਮ ਚਰਚਾਵਾਂ ਤੱਕ, ਕੁਝ ਇਸ ਕਿਸਮ ਦਾ ਮਾਹੌਲ ਉਸਾਰਿਆ ਜਾ ਰਿਹਾ ਹੈ ਜਿਵੇਂ ਪੂਰਾ ਪੰਜਾਬ ਹੀ ਨਸ਼ੇ ਵਿੱਚ ਡੁੱਬਿਆ ਹੋਵੇ ਅਤੇ ਇਸ ਦਾ ਕੋਈ ਹੋਰ ਵਜੂਦ ਬਾਕੀ ਨਾ ਰਿਹਾ ਹੋਵੇ। ਜਿਸ ਢੰਗ ਨਾਲ ਕੇਂਦਰੀ ਹਕੂਮਤ ਵਿੱਚ ਬੈਠੀ ਭਾਰਤੀ ਜਨਤਾ ਪਾਰਟੀ (ਭਾਜਪਾ) ਨਸ਼ਿਆਂ ਦੇ ਵਿਰੋਧ ਵਿੱਚ ਸੜਕਾਂ 'ਤੇ ਉੱਤਰ ਰਹੀ ਹੈ, ਉਸ ਨੂੰ ਕੁਝ ਪਾਸਿਆਂ ਤੋਂ ਹਮਾਇਤ ਤਾਂ ਮਿਲ ਰਹੀ ਹੈ, ਪਰ ਬਹੁਤ ਸਾਰੀਆਂ ਥਾਵਾਂ 'ਤੇ ਉਸ ਦਾ ਤਿੱਖਾ ਵਿਰੋਧ ਵੀ ਦੇਖਣ ਨੂੰ ਮਿਲ ਰਿਹਾ ਹੈ। ਅਜਿਹਾ ਪ੍ਰਭਾਵ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਪੰਜਾਬ ਦੀ ਸਭ ਤੋਂ ਵੱਡੀ, ਅਤੇ ਸ਼ਾਇਦ ਇੱਕੋ-ਇੱਕ ਸਮੱਸਿਆ, ਨਸ਼ਾ ਹੀ ਹੈ। ਪਰ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਕੀ ਪੰਜਾਬ ਦੀਆਂ ਬਾਕੀ ਬੁਨਿਆਦੀ ਸਮੱਸਿਆਵਾਂ, ਕੇਂਦਰ ਵੱਲੋਂ ਕੀਤੇ ਜਾ ਰਹੇ ਧੱਕੇ ਅਤੇ ਸੂਬੇ ਦੇ ਇਤਿਹਾਸਕ ਮੁੱਦੇ ਹੁਣ ਕੋਈ ਮਾਇਨੇ ਨਹੀਂ ਰੱਖਦੇ?

ਇਹ ਗੱਲ ਕਿਸੇ ਤੋਂ ਛੁਪੀ ਨਹੀਂ ਹੈ ਕਿ ਪੰਜਾਬ ਵਿੱਚ ਸਿੰਥੈਟਿਕ ਨਸ਼ਿਆਂ ਦੀ ਆਮਦ ਦਾ ਇਲਜ਼ਾਮ ਅਕਾਲੀ-ਭਾਜਪਾ ਗਠਜੋੜ ਸਰਕਾਰ ਦੇ ਰਾਜਕਾਲ 'ਤੇ ਲੱਗਦਾ ਰਿਹਾ ਹੈ, ਜਿਸ ਵੇਲੇ ਜਵਾਨੀ ਨੂੰ ਤਬਾਹ ਕਰਨ ਵਾਲੇ 'ਚਿੱਟੇ' ਦਾ ਬੋਲਬਾਲਾ ਸ਼ੁਰੂ ਹੋਇਆ ਸੀ। ਉਸ ਤੋਂ ਬਾਅਦ ਕਾਂਗਰਸ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੇਲੇ ਗੁਟਕਾ ਸਾਹਿਬ ਦੀ ਸੁੰਹ ਚੁੱਕ ਕੇ ਨਸ਼ੇ ਨੂੰ ਚਾਰ ਹਫ਼ਤਿਆਂ ਵਿੱਚ ਖ਼ਤਮ ਕਰਨ ਦੇ ਦਾਅਵੇ ਕੀਤੇ ਗਏ, ਪਰ ਨਤੀਜਾ ਜ਼ੀਰੋ ਰਿਹਾ। ਹੁਣ 'ਆਮ ਆਦਮੀ ਪਾਰਟੀ' ਦੀ ਸਰਕਾਰ ਨੇ ਵੀ ਆਪਣੇ ਲਗਭਗ ਸਾਢੇ ਚਾਰ ਸਾਲ 'ਨਸ਼ਾ ਮੁਕਤ ਪੰਜਾਬ' ਦਾ ਨਾਅਰਾ ਦਿੰਦਿਆਂ ਇਸੇ ਮੁੱਦੇ 'ਤੇ ਲਗਾ ਦਿੱਤੇ ਹਨ।

ਪਰ ਅੱਜ ਇਸ ਮੁੱਦੇ 'ਤੇ ਸਿਆਸਤ ਜਿਸ ਨਿਘਾਰ ਵੱਲ ਜਾ ਰਹੀ ਹੈ, ਉਹ ਬਹੁਤ ਚਿੰਤਾਜਨਕ ਹੈ। ਪਿਛਲੇ ਦਿਨੀਂ ਰਵਨੀਤ ਬਿੱਟੂ ਦੇ ਮਾਮਲੇ 'ਚ ਜੋ ਘਟਨਾਕ੍ਰਮ ਵਾਪਰਿਆ, ਜਿੱਥੇ ਸੜਕਾਂ 'ਤੇ ਟਮਾਟਰ, ਆਂਡੇ ਅਤੇ ਸ਼ਰਾਬ ਲਿਆ ਕੇ ਪ੍ਰਦਰਸ਼ਨ ਕਰਨ ਅਤੇ ਮੁੱਖ ਮੰਤਰੀ ਦੇ ਕਾਫ਼ਲੇ ਦਾ ਘੇਰਾਓ ਕਰਨ ਵਰਗੀਆਂ ਘਟਨਾਵਾਂ ਦੇਖਣ ਨੂੰ ਮਿਲੀਆਂ, ਉਸ ਨਾਲ ਸਿਆਸੀ ਮਾਹੌਲ ਹੋਰ ਵੀ ਖ਼ਰਾਬ ਹੋਇਆ ਹੈ।

ਦੂਜੇ ਪਾਸੇ ਕਥਿਤ ਤੌਰ 'ਤੇ 'ਆਮ ਆਦਮੀ ਪਾਰਟੀ' ਦੇ ਵਰਕਰਾਂ ਵੱਲੋਂ ਵੀ ਤਿੱਖਾ ਵਿਰੋਧ ਕੀਤਾ ਗਿਆ। ਅਸਲ ਵਿੱਚ ਇਸ ਵਿਰੋਧ ਦਾ ਇੱਕ ਵੱਡਾ ਕਾਰਨ ਰਾਘਵ ਚੱਢਾ ਅਤੇ ਹੋਰ ਬਾਹਰੋਂ ਲਿਆ ਕੇ ਨਿਯੁਕਤ ਕੀਤੇ ਗਏ ਰਾਜ ਸਭਾ ਮੈਂਬਰਾਂ ਪ੍ਰਤੀ ਲੋਕਾਂ ਅਤੇ ਰਾਜਨੀਤਿਕ ਧਿਰਾਂ ਵਿੱਚ ਪਾਇਆ ਜਾ ਰਿਹਾ ਅੰਦਰੂਨੀ ਗੁੱਸਾ ਹੈ, ਜਿਸ ਨੂੰ ਪੰਜਾਬ ਦੇ ਹੱਕਾਂ ਨਾਲ ਗੱਦਾਰੀ ਵਜੋਂ ਦੇਖਿਆ ਜਾ ਰਿਹਾ ਹੈ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਇਸ ਸਾਰੇ ਮਾਮਲੇ ਨੂੰ ਪੰਜਾਬ ਵਿੱਚ ਇੱਕ 'ਖਾਨਾਜੰਗੀ' ਦਾ ਰੂਪ ਦਿੱਤਾ ਜਾ ਰਿਹਾ ਹੈ। ਵੱਡੀ ਪੱਧਰ 'ਤੇ ਇੱਕ-ਦੂਜੇ ਖ਼ਿਲਾਫ਼ ਨਾਅਰੇਬਾਜ਼ੀ,



ਐੱਫ.ਆਈ.ਆਰ. ਦਰਜ ਕਰਵਾਉਣ ਦੀ ਰਾਜਨੀਤੀ ਅਤੇ ਪੁਲਿਸ ਪ੍ਰਸ਼ਾਸਨ ਦੀ ਦੁਰਵਰਤੋਂ ਕਰਕੇ ਪੰਜਾਬ ਨੂੰ ਜੰਗ ਦਾ ਮੈਦਾਨ ਬਣਾਇਆ ਜਾ ਰਿਹਾ ਹੈ। ਕੀ ਇਹ ਸਹੀ ਹੈ?

ਕੁਝ ਸਿਆਸੀ ਧਿਰਾਂ ਅਤੇ ਕੇਂਦਰੀ ਮੀਡੀਆ ਵੱਲੋਂ ਅਜਿਹਾ ਚਿੱਤਰਣ ਕੀਤਾ ਜਾਂਦਾ ਹੈ ਜਿਵੇਂ ਪੰਜਾਬ ਹੀ ਦੇਸ਼ ਦਾ ਇੱਕੋ-ਇੱਕ ਅਜਿਹਾ ਸੂਬਾ ਹੈ ਜੋ ਨਸ਼ੇ ਵਿੱਚ ਡੁੱਬਿਆ ਹੋਇਆ ਹੈ। ਪਰ ਕੇਂਦਰੀ ਸਮਾਜਿਕ ਨਿਆਂ ਮੰਤਰਾਲੇ ਅਤੇ ਏਮਸ ਦੀ ਰਾਸ਼ਟਰੀ ਸਰਵੇਖਣ ਰਿਪੋਰਟ ਦੇ ਅੰਕੜੇ ਇੱਕ ਵੱਖਰੀ ਹੀ ਹਕੀਕਤ ਬਿਆਨ ਕਰਦੇ ਹਨ। ਰਾਸ਼ਟਰੀ ਅੰਕੜਿਆਂ ਮੁਤਾਬਕ ਪੂਰੇ ਭਾਰਤ ਵਿੱਚ 16 ਕਰੋੜ ਤੋਂ ਵੱਧ ਲੋਕ ਸ਼ਰਾਬ, 3.1 ਕਰੋੜ ਲੋਕ ਭੰਗ/ਗਾਂਜਾ ਅਤੇ 2.26 ਕਰੋੜ ਤੋਂ ਵੱਧ ਲੋਕ ਓਪੀਓਇਡਜ਼ (ਜਿਵੇਂ ਹੈਰੋਇਨ, ਚਿੱਟਾ ਆਦਿ) ਦੀ ਵਰਤੋਂ ਕਰਦੇ ਹਨ। ਓਪੀਓਇਡਜ਼ ਅਤੇ ਨਸ਼ੀਲੀਆਂ ਦਵਾਈਆਂ ਦੀ ਪ੍ਰਤੀਸ਼ਤਤਾ ਦੇ ਹਿਸਾਬ ਨਾਲ ਦੇਸ਼ ਵਿੱਚ ਸਭ ਤੋਂ ਵੱਧ ਪ੍ਰਭਾਵਿਤ ਰਾਜ ਮਿਜ਼ੋਰਮ, ਨਾਗਾਲੈਂਡ, ਅਰੁਣਾਚਲ ਪ੍ਰਦੇਸ਼, ਸਿੱਕਮ ਅਤੇ ਮਣੀਪੁਰ ਵਰਗੇ ਉੱਤਰ-ਪੂਰਬੀ ਰਾਜ ਹਨ। ਸ਼ਰਾਬ ਦੀ ਵਰਤੋਂ ਵਿੱਚ ਛੱਤੀਸਗੜ੍ਹ (35%) ਅਤੇ ਤ੍ਰਿਪੁਰਾ (34%) ਵਰਗੇ ਸੂਬੇ ਪੰਜਾਬ ਨਾਲੋਂ ਕਿਤੇ ਅੱਗੇ ਹਨ, ਜਦਕਿ ਗੁਆਂਢੀ ਰਾਜ ਹਰਿਆਣਾ ਵਿੱਚ ਵੀ ਨਸ਼ੇੜੀਆਂ ਦੀ ਦਰ ਪੰਜਾਬ ਦੇ ਬਰਾਬਰ ਹੀ ਹੈ। ਫਿਰ ਇਕੱਲੇ ਪੰਜਾਬ ਨੂੰ ਹੀ ਨਿਸ਼ਾਨੇ 'ਤੇ ਕਿਉਂ ਰੱਖਿਆ ਜਾ ਰਿਹਾ ਹੈ?

ਜੇਕਰ ਨਸ਼ਿਆਂ ਕਾਰਨ ਹੋਣ ਵਾਲੀਆਂ ਮੌਤਾਂ ਦੇ ਅੰਕੜਿਆਂ ਦੀ ਗੱਲ ਕਰੀਏ, ਤਾਂ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਸਰਕਾਰੀ ਅੰਕੜਿਆਂ ਮੁਤਾਬਕ ਭਾਰਤ ਵਿੱਚ ਹਰ ਸਾਲ ਨਸ਼ਿਆਂ ਦੀ ਓਵਰਡੋਜ਼ ਨਾਲ 2,000 ਤੋਂ 2,500 ਦੇ ਕਰੀਬ ਮੌਤਾਂ ਦਰਜ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ ਪੰਜਾਬ ਵਿੱਚ ਸਰਕਾਰੀ ਰਿਕਾਰਡ ਅਨੁਸਾਰ ਸਾਲਾਨਾ 80 ਤੋਂ 100 ਦੇ ਕਰੀਬ ਮੌਤਾਂ ਦਰਜ ਹੁੰਦੀਆਂ ਹਨ, ਜਦਕਿ ਰਾਜਸਥਾਨ, ਕਰਨਾਟਕ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਰਗੇ ਵੱਡੇ ਸੂਬਿਆਂ ਵਿੱਚ ਵੀ ਇਹ ਅੰਕੜੇ ਪੰਜਾਬ ਦੇ ਆਸ-ਪਾਸ ਜਾਂ ਇਸ ਤੋਂ ਵੱਧ ਰਹਿੰਦੇ ਹਨ।

ਪਰ ਇਹ ਅੰਕੜੇ ਅੱਧੇ-ਅਧੂਰੇ ਅਤੇ ਹਕੀਕਤ ਤੋਂ ਕੋਹਾਂ ਦੂਰ ਹਨ। ਜਿਵੇਂ ਕਿਸਾਨੀ ਖ਼ੁਦਕੁਸ਼ੀਆਂ ਦੇ ਮਾਮਲੇ ਵਿੱਚ ਸਰਕਾਰਾਂ ਆਪਣੀ ਇੱਜ਼ਤ ਬਚਾਉਣ ਲਈ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਨੂੰ ਸਰਕਾਰੀ ਲਿਸਟਾਂ ਵਿੱਚ ਸ਼ਾਮਲ ਨਹੀਂ ਕਰਦੀਆਂ, ਉਹੀ ਖੇਡ ਨਸ਼ਿਆਂ ਨਾਲ ਹੋਣ ਵਾਲੀਆਂ ਮੌਤਾਂ ਦੇ ਮਾਮਲੇ ਵਿੱਚ ਵੀ ਖੇਡੀ ਜਾਂਦੀ ਹੈ।

ਪੰਜਾਬ ਵਿੱਚ ਨਸ਼ੇ ਦੀ ਓਵਰਡੋਜ਼ ਨਾਲ ਮਰਨ ਵਾਲੇ ਬਹੁਤੇ ਨੌਜਵਾਨਾਂ ਦੀ ਮੌਤ ਨੂੰ ਪੁਲਿਸ ਅਤੇ ਪ੍ਰਸ਼ਾਸਨਿਕ ਰਿਕਾਰਡ ਵਿੱਚ 'ਹਾਰਟ ਅਟੈਕ', 'ਬੀਮਾਰੀ' ਜਾਂ 'ਕੁਦਰਤੀ ਮੌਤ' ਦਿਖਾ ਦਿੱਤਾ ਜਾਂਦਾ ਹੈ, ਤਾਂ ਜੋ ਸਰਕਾਰ ਦੀ ਨਾਕਾਮੀ 'ਤੇ ਪਰਦਾ ਪਾਇਆ ਜਾ ਸਕੇ ਅਤੇ ਪਰਿਵਾਰ ਵੀ ਸਮਾਜਿਕ ਬਦਨਾਮੀ ਦੇ ਡਰੋਂ ਪੋਸਟਮਾਰਟਮ ਕਰਵਾਉਣ ਤੋਂ ਕਤਰਾਉਂਦੇ ਹਨ। ਇਸ ਲਈ ਅਸਲ ਵਿੱਚ ਨਸ਼ਿਆਂ ਦੀ ਬਲੀ ਚੜ੍ਹਨ ਵਾਲੇ ਨੌਜਵਾਨਾਂ ਦੀ ਗਿਣਤੀ ਸਰਕਾਰੀ ਕਾਗਜ਼ਾਂ ਨਾਲੋਂ ਕਿਤੇ ਵੱਧ ਹੈ। ਇਹ ਚਿੱਟੇ ਦਿਨ ਵਾਂਗਰ ਸੱਚ ਹੈ।

ਇਸ ਦੇ ਬਾਵਜੂਦ, ਸਿਰਫ਼ ਪੰਜਾਬ ਨੂੰ ਹੀ 'ਨਸ਼ੇੜੀ' ਅਤੇ ਨਸ਼ਿਆਂ ਦੇ ਕੇਂਦਰ ਵਜੋਂ ਪੇਸ਼ ਕਰਨਾ ਇਹ ਸਪੱਸ਼ਟ ਕਰਦਾ ਹੈ ਕਿ ਪੰਜਾਬ ਨੂੰ ਇੱਕ ਖ਼ਾਸ ਸਿਆਸੀ ਏਜੰਡੇ ਤਹਿਤ ਬਦਨਾਮ ਕੀਤਾ ਜਾ ਰਿਹਾ ਹੈ। ਸਾਰਿਆਂ ਨੂੰ ਪਤਾ ਹੈ ਕਿ ਨਸ਼ਾ ਗੁਜਰਾਤ ਦੀਆਂ ਅਡਾਨੀ ਬੰਦਰਗਾਹਾਂ ਅਤੇ ਅੰਤਰਰਾਸ਼ਟਰੀ ਸਰਹੱਦਾਂ (ਜਿੱਥੇ ਬੀਐੱਸਐੱਫ਼ ਤਾਇਨਾਤ ਹੈ) ਤੋਂ ਤਸਕਰ ਹੋ ਕੇ ਪੰਜਾਬ ਵਿੱਚ ਪਹੁੰਚਦਾ ਹੈ, ਪਰ ਬਦਨਾਮੀ ਦਾ ਸਾਰਾ ਦਾਗ਼ ਕੇਵਲ ਪੰਜਾਬੀ ਜਵਾਨੀ ਦੇ ਸਿਰ ਮੜ੍ਹ ਦਿੱਤਾ ਜਾਂਦਾ ਹੈ।

ਦਰਅਸਲ, ਇਹ ਪੂਰੇ ਦੇਸ਼ ਵਿੱਚ ਦੇਖਣ ਨੂੰ ਮਿਲ ਰਿਹਾ ਹੈ

ਕਿ ਭਾਜਪਾ ਕੇਂਦਰੀ ਤਾਕਤਾਂ, ਏਜੰਸੀਆਂ ਅਤੇ ਰਾਜਪਾਲਾਂ ਦੀ ਵਰਤੋਂ ਕਰਕੇ ਗੈਰ-ਭਾਜਪਾ ਸ਼ਾਸਿਤ ਰਾਜਾਂ ਵਿੱਚ ਅਜਿਹੀ ਹਲਚਲ ਅਤੇ ਦਖਲਅੰਦਾਜ਼ੀ ਪੈਦਾ ਕਰਦੀ ਹੈ ਤਾਂ ਜੋ ਕਿਸੇ ਨਾ ਕਿਸੇ ਹੀਲੇ ਆਪਣਾ ਰਾਜ ਸਥਾਪਿਤ ਕੀਤਾ ਜਾ ਸਕੇ। ਪਿਛਲੇ ਦਿਨੀਂ ਇਹੋ ਕੁਝ ਪੱਛਮੀ ਬੰਗਾਲ ਵਿੱਚ ਵਾਪਰਿਆ। ਹੁਣ ਭਾਜਪਾ ਨੇ ਪੂਰੇ ਜੋਰ-ਸ਼ੋਰ ਨਾਲ ਪੰਜਾਬ ਨੂੰ ਹਥਿਆਉਣ ਦਾ ਫ਼ੈਸਲਾ ਕਰ ਲਿਆ ਹੈ। ਉਹ ਪੰਜਾਬ ਦੀ ਸਭ ਤੋਂ ਦੁਖਦੀ ਰਗ-ਨਸ਼ੇ-ਉੱਤੇ ਟਾਰਗੇਟ ਕਰਕੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣਾ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਨਾਲ ਲਾਉਣਾ ਚਾਹੁੰਦੇ ਹਨ। ਪਰ ਉਹ ਇਹ ਭੁੱਲ ਗਏ ਹਨ ਕਿ ਪੰਜਾਬੀ ਇੰਨੇ ਭੋਲੇ ਨਹੀਂ ਹਨ। ਪੰਜਾਬ ਦੇ ਲੋਕ ਇਹ ਕਦੇ ਨਹੀਂ ਭੁੱਲ ਸਕਦੇ ਕਿ ਤਿੰਨ ਖੇਤੀ ਕਾਨੂੰਨਾਂ ਵੇਲੇ ਦਿੱਲੀ ਦੀਆਂ ਸਰਹੱਦਾਂ 'ਤੇ ਕੇਂਦਰ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨਾਲ ਕੇਹਾ ਜ਼ਾਲਮਾਨਾ ਵਿਵਹਾਰ ਕੀਤਾ ਸੀ, ਜਿੱਥੇ 700 ਤੋਂ ਵੱਧ ਕਿਸਾਨ ਸ਼ਹੀਦ ਹੋ ਗਏ ਸਨ। ਭਾਜਪਾ ਇਸ ਗੱਲ ਨੂੰ ਵੀ ਅੱਖੋਂ-ਓਹਲੇ ਕਰ ਰਹੀ ਹੈ ਕਿ ਉਹ ਅੱਜ ਵੀ ਪੰਜਾਬ ਨੂੰ ਉਸ ਦੀ ਰਾਜਧਾਨੀ ਚੰਡੀਗੜ੍ਹ ਦੇਣ ਤੋਂ ਸਾਫ਼ ਮੁਕਰ ਰਹੀ ਹੈ। ਪੰਜਾਬ ਦੇ ਪਾਣੀਆਂ ਦੀ ਜਿਹੜੀ ਰਿਪੇਰੀਅਨ ਕਾਨੂੰਨ ਮੁਤਾਬਕ ਸਹੀ ਵੰਡ ਕੀਤੇ ਜਾਣ ਦੀ ਲੋੜ ਹੈ, ਉਸ ਦੀ ਗੱਲ ਕਰਨ ਦੀ ਬਜਾਏ ਕੇਂਦਰ ਹਮੇਸ਼ਾ ਪੰਜਾਬ ਦੇ ਪਾਣੀ ਖੋਹਣ ਦੇ ਹੱਕ ਵਿੱਚ ਭੁਗਤਦਾ ਹੈ। ਇਸ ਤੋਂ ਇਲਾਵਾ, ਪੰਜਾਬ ਦੇ ਹੋਰ ਲਟਕਦੇ ਮੁੱਦੇ ਹੋਣ ਜਾਂ ਸੂਬਿਆਂ ਨੂੰ ਖ਼ੁਦਮੁਖਤਿਆਰੀ ਅਤੇ ਵੱਧ ਅਧਿਕਾਰ ਦੇਣ ਦੇ ਮਸਲੇ ਹੋਣ- ਭਾਜਪਾ ਹਮੇਸ਼ਾ ਇਨ੍ਹਾਂ ਦਾ ਵਿਰੋਧ ਕਰਦੀ ਆਈ ਹੈ। ਪੰਜਾਬੀ ਕੇਂਦਰ ਦੀ ਇਸ ਸੂਬਾ-ਵਿਰੋਧੀ ਨੀਤੀ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਇਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਦੇ।



ਨਸ਼ਿਆਂ ਦੇ ਮੁੱਦੇ ਤੋਂ ਇਲਾਵਾ, ਪੰਜਾਬ ਦੀ ਰਾਜਨੀਤੀ ਵਿੱਚ "ਆਇਆ ਰਾਮ, ਗਿਆ ਰਾਮ" ਦਾ ਰੁਝਾਨ ਵੱਡੀ ਪੱਧਰ 'ਤੇ ਹਾਵੀ ਹੋ ਚੁੱਕਾ ਹੈ। ਪਹਿਲਾਂ ਇਹ ਰਾਜਨੀਤੀ 'ਆਮ ਆਦਮੀ' ਅਤੇ ਹੋਰਨਾਂ ਧਿਰਾਂ ਵੱਲੋਂ ਚਲਾਈ ਗਈ ਸੀ, ਪਰ ਹੁਣ ਭਾਜਪਾ ਵੀ ਇਸ ਖੇਡ ਵਿੱਚ ਪੂਰੀ ਤਰ੍ਹਾਂ ਕੁੱਦ ਪਈ ਹੈ। ਦੂਜੀਆਂ ਪਾਰਟੀਆਂ ਦੇ ਭ੍ਰਿਸ਼ਟ ਜਾਂ ਅਸੰਤੁਸ਼ਟ ਆਗੂਆਂ ਨੂੰ ਤੋੜ ਕੇ ਆਪਣੇ ਨਾਲ ਰਲਾਉਣ ਅਤੇ ਵੋਟ ਬੈਂਕ ਹਥਿਆਉਣ ਦੀ ਇਸ ਨੰਗੀ-ਚਿੱਟੀ ਕੋਸ਼ਿਸ਼ ਨੇ ਅਸੂਲਾਂ, ਇਖ਼ਲਾਕ ਅਤੇ ਵਿਚਾਰਧਾਰਾ ਦੀ ਸਿਆਸਤ ਦਾ ਪੂਰੀ ਤਰ੍ਹਾਂ ਭੋਗ ਪਾ ਦਿੱਤਾ ਹੈ। ਇਸ ਦਾ ਸਭ ਤੋਂ ਮਾੜਾ ਅਸਰ ਪੰਜਾਬ ਦੇ ਨੌਜਵਾਨਾਂ ਦੀ ਮਾਨਸਿਕਤਾ 'ਤੇ ਪੈ ਰਿਹਾ ਹੈ। ਮਨੋਵਿਗਿਆਨਕ ਤੌਰ 'ਤੇ ਪੰਜਾਬ ਦਾ ਨੌਜਵਾਨ ਅੱਜ ਆਪਣੇ ਸਿਆਸਤਦਾਨਾਂ ਪ੍ਰਤੀ ਘੋਰ ਬੇਯਕੀਨੀ, ਨਿਰਾਸ਼ਾ ਅਤੇ ਬੇਗਾਨਗੀ ਨਾਲ ਭਰਿਆ ਹੋਇਆ ਹੈ। ਉਹ ਦੇਖ ਰਿਹਾ ਹੈ ਕਿ ਜਿਨ੍ਹਾਂ ਨੇਤਾਵਾਂ ਨੂੰ ਉਹ ਕਿਸੇ ਵਿਚਾਰਧਾਰਾ ਜਾਂ ਬਦਲਾਅ ਦੀ ਆਸ ਨਾਲ ਚੁਣਦੇ ਹਨ, ਉਹ ਰਾਤੋ-ਰਾਤ ਸੱਤਾ, ਕੁਰਸੀ ਅਤੇ ਨਿੱਜੀ ਹਿੱਤਾਂ ਲਈ ਆਪਣੀ ਵਫ਼ਾਦਾਰੀ ਬਦਲ ਲੈਂਦੇ ਹਨ।

ਪੰਜਾਬੀ ਹਮੇਸ਼ਾ ਹੀ ਉੱਚੇ-ਸੁੱਚੇ ਅਖ਼ਲਾਕ, ਸਿਧਾਂਤਾਂ ਦੀ ਗੱਲ ਕਰਨ ਵਾਲੇ, ਅਣਖੀ ਅਤੇ ਮਿਲਾਪੜੇ ਸੁਭਾਅ ਵਾਲੇ ਗਿਣੇ ਜਾਂਦੇ ਰਹੇ ਹਨ। ਪਰ ਅੱਜ ਸਿਆਸਤਦਾਨਾਂ ਵੱਲੋਂ ਇੱਕ-ਦੂਜੇ ਦੀ ਕੀਤੀ ਜਾ ਰਹੀ ਘਟੀਆ ਪੱਧਰ ਦੀ ਕਿਰਦਾਰਕੁਸ਼ੀ, ਗਾਲੀ-ਗਲੋਚ ਅਤੇ ਜ਼ਹਿਰੀਲੀ ਬਿਆਨਬਾਜ਼ੀ ਨੇ ਪੰਜਾਬ ਦੇ ਸੁਖਾਵੇਂ ਸਮਾਜਿਕ ਮਾਹੌਲ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ। ਅਸਲ ਵਿੱਚ ਅੱਜ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਜਾਂ ਗਰਮਾਉਣ ਲਈ ਸਿਰਫ਼ ਸਿਆਸਤਦਾਨ ਅਤੇ ਉਨ੍ਹਾਂ ਦੇ ਕੁਝ ਪਿਛਲੱਗੂ ਹੀ ਯਤਨਸ਼ੀਲ ਹਨ, ਜੋ ਆਪਣੇ ਸਿਆਸੀ ਰੋਟੀਆਂ ਸੇਕਣਾ ਚਾਹੁੰਦੇ ਹਨ। ਆਮ ਪੰਜਾਬੀ ਅਜੇ ਵੀ ਗੰਭੀਰਤਾ ਨਾਲ ਚੁੱਪ ਕਰਕੇ ਇਹ ਸਭ ਕੁਝ ਦੇਖ ਰਿਹਾ ਹੈ। ਉਹਨਾਂ ਦੇ ਮਨ ਵਿੱਚ ਨੇਤਾਵਾਂ ਪ੍ਰਤੀ ਭਾਰੀ ਰੋਸ, ਗੁੱਸਾ ਅਤੇ ਦੁੱਖ ਹੈ ਕਿ ਉਨ੍ਹਾਂ ਦੇ ਰੰਗਲੇ ਸੂਬੇ ਨਾਲ ਕਿਸ ਕਿਸਮ ਦਾ ਘਿਨੌਣਾ ਮਜ਼ਾਕ ਕੀਤਾ ਜਾ ਰਿਹਾ ਹੈ। ਹਾਲਾਂਕਿ, ਕਿਤੇ-ਕਿਤੇ ਇਹ ਜ਼ਰੂਰ ਦੇਖਣ ਨੂੰ ਮਿਲਦਾ ਹੈ ਕਿ ਜਦੋਂ 1000-1500 ਰੁਪਏ ਮਹੀਨਾ ਦੇਣ ਜਾਂ ਬਿਜਲੀ ਬਿੱਲ ਮਾਫ਼ ਕਰਨ ਵਰਗੀਆਂ ਮੁਫ਼ਤਖ਼ੋਰੀ ਦੀਆਂ ਯੋਜਨਾਵਾਂ ਦੀ ਗੱਲ ਹੁੰਦੀ ਹੈ, ਤਾਂ ਆਰਥਿਕ ਤੰਗੀ ਝੱਲ ਰਹੇ ਲੋਕ ਜਾਂ ਔਰਤਾਂ ਇਸ 'ਤੇ ਥੋੜ੍ਹਾ ਬਹੁਤ ਹੁੰਗਾਰਾ ਭਰਦੇ ਹਨ, ਪਰ ਇਹ ਕੋਈ ਸਥਾਈ ਹੱਲ ਨਹੀਂ ਹੈ। ਬਹੁਤੀਆਂ ਹਾਲਤਾਂ ਵਿੱਚ ਆਮ ਪੰਜਾਬੀ ਅੰਦਰੋਂ ਬਹੁਤ ਪਰੇਸ਼ਾਨ ਹੈ ਕਿ ਸਿਆਸੀ ਧਿਰਾਂ ਅਸਲ ਮੁੱਦਿਆਂ 'ਤੇ ਗੱਲ ਕਰਨ ਦੀ ਬਜਾਏ ਪੰਜਾਬ ਨੂੰ ਭੀਖ ਅਤੇ ਬਦਨਾਮੀ ਦੇ ਚੌਰਾਹੇ 'ਤੇ ਖੜ੍ਹਾ ਕਰ ਰਹੀਆਂ ਹਨ।

ਸਿਆਸੀ ਪਾਰਟੀਆਂ ਨਸ਼ੇ ਦੇ ਰੌਲੇ ਅਤੇ ਮੁਫ਼ਤ ਦੀਆਂ ਗਾਰੰਟੀਆਂ ਦੀ ਆੜ ਹੇਠ ਪੰਜਾਬ ਦੀਆਂ ਅਸਲ ਬੁਨਿਆਦੀ ਸਮੱਸਿਆਵਾਂ 'ਤੇ ਸਾਜ਼ਿਸ਼ੀ ਚੁੱਪੀ ਧਾਰੀ ਬੈਠੀਆਂ ਹਨ। ਪੰਜਾਬ ਦੀ ਆਰਥਿਕਤਾ ਲਗਾਤਾਰ ਡਾਵਾਂਡੋਲ ਹੋ ਰਹੀ ਹੈ, ਰਾਜ 'ਤੇ 3.5 ਲੱਖ ਕਰੋੜ ਰੁਪਏ ਤੋਂ ਵੱਧ ਦਾ ਭਾਰੀ ਕਰਜ਼ਾ ਚੜ੍ਹਿਆ ਹੋਇਆ ਹੈ ਅਤੇ ਪੜ੍ਹੇ-ਲਿਖੇ ਨੌਜਵਾਨਾਂ ਲਈ ਸਨਮਾਨਜਨਕ ਰੋਜ਼ਗਾਰ ਦੀ ਘਾਟ ਹੈ। ਇਸੇ ਨਿਰਾਸ਼ਾ ਦੇ ਚਲਦਿਆਂ ਪੰਜਾਬ ਦਾ ਅਰਬਾਂ ਰੁਪਿਆ ਅਤੇ ਲੱਖਾਂ ਨੌਜਵਾਨ ਹਰ ਸਾਲ ਆਇਲੇਟਸ ਕਰਕੇ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ, ਜਿਸ ਨਾਲ ਪੰਜਾਬ ਦਾ 'ਬਰੇਨ ਡਰੇਨ' ਅਤੇ 'ਕੈਪੀਟਲ ਡਰੇਨ' ਹੋ ਰਿਹਾ ਹੈ। ਦੂਜੇ ਪਾਸੇ ਧਰਤੀ ਹੇਠਲਾ ਡਿੱਗਦਾ ਭੂ-ਜਲ ਪੱਧਰ, ਕਿਸਾਨੀ ਸਿਰ ਚੜ੍ਹਿਆ ਕਰਜ਼ਾ, ਫ਼ਸਲੀ ਚੱਕਰ ਦਾ ਸੰਕਟ ਅਤੇ ਪ੍ਰਦੂਸ਼ਿਤ ਹੁੰਦਾ ਪਾਣੀ-ਹਵਾ ਪੰਜਾਬ ਦੀ ਖੇਤੀਬਾੜੀ ਅਤੇ ਵਾਤਾਵਰਣ ਲਈ ਵਜੂਦੀ ਖ਼ਤਰਾ ਬਣ ਚੁੱਕੇ ਹਨ। ਸਰਕਾਰੀ ਸਿੱਖਿਆ ਅਤੇ ਸਿਹਤ ਢਾਂਚੇ ਦੀ ਲਗਾਤਾਰ ਹੋ ਰਹੀ ਕਮਜ਼ੋਰੀ ਕਾਰਨ ਆਮ ਲੋਕ ਪ੍ਰਾਈਵੇਟ ਹਸਪਤਾਲਾਂ ਅਤੇ ਸਕੂਲਾਂ ਵਿੱਚ ਲੁੱਟੇ ਜਾ ਰਹੇ ਹਨ। ਪਰ ਇਨ੍ਹਾਂ ਅਸਲ ਅਤੇ ਸੰਜੀਦਾ ਮੁੱਦਿਆਂ 'ਤੇ ਕਿਸੇ ਵੀ ਪਾਰਟੀ ਕੋਲ ਕੋਈ ਠੋਸ ਨੀਤੀ ਜਾਂ ਭਵਿੱਖੀ ਰੋਡਮੈਪ ਨਹੀਂ ਹੈ।

ਆਉਣ ਵਾਲੀਆਂ ਚੋਣਾਂ ਪੰਜਾਬ ਦੇ ਭਵਿੱਖ ਅਤੇ ਇਸ ਦੀ ਹੋਂਦ ਲਈ ਬਹੁਤ ਅਹਿਮ ਹਨ। ਪੰਜਾਬ ਦੇ ਲੋਕਾਂ, ਬੁੱਧੀਜੀਵੀਆਂ ਅਤੇ ਵੋਟਰਾਂ ਨੂੰ ਹੁਣ ਇਹ ਗੰਭੀਰਤਾ ਨਾਲ ਸਮਝਣ ਦੀ ਲੋੜ ਹੈ ਕਿ ਉਹ ਕਿਸ ਕਿਸਮ ਦੇ ਲੋਕਾਂ ਨੂੰ ਆਪਣੀ ਸਰਕਾਰ ਬਣਾਉਣ ਲਈ ਚੁਣਨਾ ਚਾਹੁੰਦੇ ਹਨ।

ਕੀ ਪੰਜਾਬੀ ਅਜਿਹੇ ਨੇਤਾਵਾਂ ਨੂੰ ਚੁਣਨਗੇ ਜੋ ਰੋਜ਼ਾਨਾ ਪਾਰਟੀਆਂ ਬਦਲਦੇ ਹਨ, ਇੱਕ-ਦੂਜੇ 'ਤੇ ਬਦਲੇਖੋਰੀ ਤਹਿਤ ਐੱਫ.ਆਈ.ਆਰ. ਦਰਜ ਕਰਵਾਉਂਦੇ ਹਨ, ਅਤੇ ਪੰਜਾਬ ਨੂੰ ਵਿਸ਼ਵ ਪੱਧਰ 'ਤੇ "ਨਸ਼ੇੜੀ" ਕਹਿ ਕੇ ਬਦਨਾਮ ਕਰਦੇ ਹਨ? ਜਾਂ ਫਿਰ ਉਹ ਅਜਿਹੇ ਸੂਝਵਾਨ, ਅਣਖੀ ਅਤੇ ਇਮਾਨਦਾਰ ਨੇਤਾਵਾਂ ਦਾ ਸਾਥ ਦੇਣਗੇ ਜੋ ਪੰਜਾਬ ਦੀ ਆਰਥਿਕਤਾ ਨੂੰ ਪੈਰਾਂ 'ਤੇ ਖੜ੍ਹਾ ਕਰਨ, ਕਿਸਾਨੀ ਨੂੰ ਬਚਾਉਣ, ਚੰਗੀ ਸਿੱਖਿਆ-ਸਿਹਤ ਦੇਣ, ਰੋਜ਼ਗਾਰ ਦੇਣ, ਪਾਣੀਆਂ ਦੇ ਹੱਕਾਂ, ਚੰਡੀਗੜ੍ਹ ਦੀ ਵਾਪਸੀ, ਰਾਜਾਂ ਦੀ ਖ਼ੁਦਮੁਖਤਿਆਰੀ ਅਤੇ ਭਾਈਚਾਰਕ ਸਾਂਝ ਨੂੰ ਬਚਾਉਣ ਲਈ ਠੋਸ ਅਤੇ ਸਥਾਈ ਨੀਤੀਆਂ ਸਾਹਮਣੇ ਲਿਆਉਂਦੇ ਹਨ?

ਸਿਆਸੀ ਪਾਰਟੀਆਂ ਨੂੰ ਕਿਰਦਾਰਕੁਸ਼ੀ, ਇਲਜ਼ਾਮਬਾਜ਼ੀ ਅਤੇ ਬਦਨਾਮੀ ਦੀ ਰਾਜਨੀਤੀ ਛੱਡ ਕੇ ਲੋਕ-ਹਿੱਤਾਂ ਪ੍ਰਤੀ ਜਵਾਬਦੇਹੀ ਦੀ ਰਾਜਨੀਤੀ ਕਰਨੀ ਪਵੇਗੀ। ਇਸ ਵਾਰ ਆਮ ਪੰਜਾਬੀ ਦੀ ਇਹ ਗੰਭੀਰ 'ਖ਼ਾਮੋਸ਼ੀ' ਚੋਣਾਂ ਵਿੱਚ ਇੱਕ ਵੱਡਾ ਧਮਾਕਾ ਕਰਕੇ ਆਪਣਾ ਇਤਿਹਾਸਕ ਫ਼ੈਸਲਾ ਸੁਣਾਏਗੀ।

-ਗੁਰਮੀਤ ਸਿੰਘ ਪਲਾਹੀ

-9815802070

Emm Aar International School Organises NSS Health Check-up Camp





Adampur, Sept,24 (The Hind Canadian Times) : On the eve of NSS Day, Emm Aar International School, Adampur, organised a Health & Wellness Camp for the Tiny Tots of its Kindergarten Wing. The initiative aimed to promote awareness about health, hygiene and healthy habits among young children while encouraging the spirit of service among NSS Volunteers.

During the camp, the NSS Volunteers assisted the medical team along and conducted dental check-ups, eyesight screening, and height and weight measurements of the kindergarten students. The children participated enthusiastically and were also sensitised to the importance of personal hygiene, regular health check-ups and healthy lifestyle habits.

President of the school, Dr. Ashish guided the NSS Volunteers on the proper procedures and basic norms for conducting the health measurements and screenings. The programme was organised under the guidance and supervision of Principal Mr. Rajinder Kumar, with the support of Mr. Ashwini Kumar (ANO) and Ms. Shweta Verma (NSS Programme Officer).

The initiative provided the NSS Volunteers with an opportunity to put the values of service, responsibility and community welfare into practice. At the same time, the young learners benefited from an activity focused on their health and well-being.

The camp reflected the school's emphasis on the holistic development of students and meaningful participation in community-oriented initiatives.

ਧਿਆਨ ਕੇਂਦਰਿਤ ਕਰਨ ਦੀ ਸਮਰੱਥਾ ਵਧਾਉਣ ਵਿੱਚ ਸੰਗੀਤ ਦੀ ਮਹੱਤਤਾ

ਅੱਜ ਦਾ ਯੁੱਗ ਡਿਜ਼ੀਟਲ ਸਹੂਲਤਾਂ ਦਾ ਯੁੱਗ ਹੈ, ਪਰ ਇਸ ਦੇ ਨਾਲ ਹੀ ਮਨੁੱਖੀ ਇਕਾਗਰਤਾ ਲਈ ਚੁਣੌਤੀਆਂ ਵੀ ਲਗਾਤਾਰ ਵੱਧ ਰਹੀਆਂ ਹਨ। ਮੋਬਾਈਲ ਫੋਨ, ਸੋਸ਼ਲ ਮੀਡੀਆ, ਲਗਾਤਾਰ ਆਉਣ ਵਾਲੀਆਂ ਸੂਚਨਾਵਾਂ ਅਤੇ ਹੋਰ ਡਿਜ਼ੀਟਲ ਵਿਘਨਾਂ ਨੇ ਵਿਦਿਆਰਥੀਆਂ, ਕਰਮਚਾਰੀਆਂ ਅਤੇ ਆਮ ਲੋਕਾਂ ਦੀ ਧਿਆਨ ਕੇਂਦਰਿਤ ਕਰਨ ਦੀ ਸਮਰੱਥਾ ਨੂੰ ਪ੍ਰਭਾਵਿਤ ਕੀਤਾ ਹੈ। ਅਜਿਹੇ ਸਮੇਂ ਵਿੱਚ ਸੰਗੀਤ ਮਨੁੱਖੀ ਮਨ ਨੂੰ ਸ਼ਾਂਤ ਕਰਨ, ਭਾਵਨਾਵਾਂ ਨੂੰ ਸੰਤੁਲਿਤ ਕਰਨ ਅਤੇ ਇਕਾਗਰਤਾ ਵੱਧਾਉਣ ਦਾ ਇੱਕ ਕੁਦਰਤੀ ਅਤੇ ਪ੍ਰਭਾਵਸ਼ਾਲੀ ਸਾਧਨ ਬਣ ਸਕਦਾ ਹੈ।

ਆਮ ਤੌਰ 'ਤੇ ਸੰਗੀਤ ਨੂੰ ਮਨੋਰੰਜਨ ਦਾ ਸਾਧਨ ਮੰਨਿਆ ਜਾਂਦਾ ਹੈ, ਪਰ ਇਸ ਦਾ ਪ੍ਰਭਾਵ ਮਨੋਰੰਜਨ ਤੱਕ ਸੀਮਿਤ ਨਹੀਂ। ਸੰਗੀਤ ਮਨੁੱਖੀ ਭਾਵਨਾਵਾਂ ਨੂੰ ਪ੍ਰਭਾਵਿਤ ਕਰਦਾ ਹੈ, ਦਿਮਾਗ ਦੇ ਵੱਖ-ਵੱਖ ਹਿੱਸਿਆਂ ਨੂੰ ਸਰਗਰਮ ਕਰਦਾ ਹੈ ਅਤੇ ਅਜਿਹਾ ਵਾਤਾਵਰਨ ਪੈਦਾ ਕਰ ਸਕਦਾ ਹੈ ਜੋ ਪੜ੍ਹਾਈ, ਰਚਨਾਤਮਕਤਾ ਅਤੇ ਕੰਮ ਵਿੱਚ ਧਿਆਨ ਕੇਂਦਰਿਤ ਕਰਨ ਲਈ ਅਨੁਕੂਲ ਹੋਵੇ। ਮਿੱਠੀਆਂ ਧੁਨਾਂ ਤੋਂ ਲੈ ਕੇ ਲੈਅਬੱਧ ਸੰਗੀਤ ਤੱਕ, ਹਰ ਕਿਸਮ ਦਾ ਸੰਗੀਤ ਮਨ ਦੀ ਅਵਸਥਾ 'ਤੇ ਆਪਣਾ ਵਿਲੱਖਣ ਪ੍ਰਭਾਵ ਛੱਡਦਾ ਹੈ।

ਇਕਾਗਰਤਾ ਦਾ ਅਰਥ ਹੈ ਕਿਸੇ ਇੱਕ ਕੰਮ 'ਤੇ ਪੂਰਾ ਧਿਆਨ ਕੇਂਦਰਿਤ ਕਰਨਾ ਅਤੇ ਬੇਲੋੜੀਆਂ ਰੁਕਾਵਟਾਂ ਨੂੰ ਨਜ਼ਰਅੰਦਾਜ਼ ਕਰਨਾ। ਸਿੱਖਿਆ, ਫ਼ੈਸਲਾ ਲੈਣ, ਰਚਨਾਤਮਕ ਸੋਚ ਅਤੇ ਉਤਪਾਦਕਤਾ ਲਈ ਇਕਾਗਰਤਾ ਬਹੁਤ ਜ਼ਰੂਰੀ ਹੈ। ਪਰ ਤਣਾਅ, ਚਿੰਤਾ, ਬੇਜ਼ਾਰੀ ਅਤੇ ਮਾਨਸਿਕ ਥਕਾਵਟ ਅਕਸਰ ਸਾਡੀ ਧਿਆਨ ਦੇਣ ਦੀ ਸਮਰੱਥਾ ਨੂੰ ਕਮਜ਼ੋਰ ਕਰ ਦਿੰਦੇ ਹਨ। ਉਚਿਤ ਸੰਗੀਤ ਮਨ ਨੂੰ ਸ਼ਾਂਤ ਅਤੇ ਸਕਾਰਾਤਮਕ ਬਣਾਕੇ ਇਨ੍ਹਾਂ ਸਮੱਸਿਆਵਾਂ ਨਾਲ ਨਜਿੱਠਣ ਵਿੱਚ ਸਹਾਇਤਾ ਕਰ ਸਕਦਾ ਹੈ।

ਵਿਗਿਆਨਕ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਸੰਗੀਤ ਸੁਣਨ ਨਾਲ ਦਿਮਾਗ ਦੇ ਉਹ ਖੇਤਰ ਸਰਗਰਮ ਹੁੰਦੇ ਹਨ ਜੋ ਯਾਦਦਾਸ਼ਤ, ਭਾਵਨਾਵਾਂ, ਧਿਆਨ ਅਤੇ ਪ੍ਰੇਰਣਾ ਨਾਲ ਸੰਬੰਧਿਤ ਹਨ। ਮਨਪਸੰਦ ਅਤੇ ਸੁਹਾਵਣਾ ਸੰਗੀਤ ਡੋਪਾਮੀਨ ਨਾਮਕ ਨਿਊਰੋਟਰਾਂਸਮੀਟਰ ਦੇ ਸ੍ਰਾਵ ਨੂੰ ਉਤਸ਼ਾਹਿਤ ਕਰ ਸਕਦਾ ਹੈ, ਜੋ ਖੁਸ਼ੀ ਅਤੇ ਪ੍ਰੇਰਣਾ ਨਾਲ ਜੁੜਿਆ ਹੋਇਆ ਹੈ। ਜਦੋਂ ਮਨੁੱਖ ਮਾਨਸਿਕ ਤੌਰ 'ਤੇ ਸ਼ਾਂਤ ਅਤੇ ਭਾਵਨਾਤਮਕ ਤੌਰ 'ਤੇ ਸੰਤੁਲਿਤ ਹੁੰਦਾ ਹੈ, ਤਾਂ ਉਸ ਲਈ ਆਪਣੇ ਕੰਮ 'ਤੇ ਧਿਆਨ ਕੇਂਦਰਿਤ ਕਰਨਾ ਆਸਾਨ ਹੋ ਜਾਂਦਾ ਹੈ।

ਵਿਦਿਆਰਥੀਆਂ ਲਈ ਸੰਗੀਤ ਵਿਸ਼ੇਸ਼ ਤੌਰ 'ਤੇ ਲਾਭਦਾਇਕ ਸਾਬਤ ਹੋ ਸਕਦਾ ਹੈ। ਪੜ੍ਹਾਈ ਦੌਰਾਨ ਹੌਲੀ ਆਵਾਜ਼ ਦਾ ਸੰਗੀਤ, ਸ਼ਾਸਤਰੀ ਧੁਨਾਂ ਜਾਂ ਕੁਦਰਤੀ ਆਵਾਜ਼ਾਂ ਮਨ ਨੂੰ ਸ਼ਾਂਤੀ ਪ੍ਰਦਾਨ ਕਰ ਸਕਦੀਆਂ ਹਨ। ਲੰਬੇ ਸਮੇਂ ਤੱਕ ਪੜ੍ਹਾਈ ਕਰਨ ਦੀ ਇਕਸਾਰਤਾ ਨੂੰ ਘਟਾਉਣ ਲਈ ਵੀ ਸੰਗੀਤ ਸਹਾਇਕ ਹੁੰਦਾ ਹੈ। ਹਾਲਾਂਕਿ ਪੜ੍ਹਨ, ਲਿਖਣ ਅਤੇ ਗੰਭੀਰ ਸਮੱਸਿਆਵਾਂ ਹੱਲ ਕਰਨ ਸਮੇਂ ਬਿਨਾਂ ਬੋਲਾਂ ਵਾਲਾ ਸੰਗੀਤ ਵਧੇਰੇ ਉਚਿਤ ਮੰਨਿਆ ਜਾਂਦਾ ਹੈ, ਕਿਉਂਕਿ ਗੀਤਾਂ ਦੇ ਸ਼ਬਦ ਕਈ ਵਾਰ ਦਿਮਾਗੀ ਪ੍ਰਕਿਰਿਆ ਅਤੇ ਸਮਝ ਵਿੱਚ ਵਿਘਨ ਪੈਦਾ ਕਰ ਸਕਦੇ ਹਨ।

ਸੰਗੀਤ ਦੀ ਲੈਅ ਅਤੇ ਗਤੀ ਵੀ ਇਕਾਗਰਤਾ 'ਤੇ ਪ੍ਰਭਾਵ ਪਾਉਂਦੀ ਹੈ। ਹੌਲਾ ਅਤੇ ਸ਼ਾਂਤ ਸੰਗੀਤ ਚਿੰਤਾ ਘਟਾਉਣ ਵਿੱਚ ਸਹਾਇਕ ਹੋ ਸਕਦਾ ਹੈ, ਜਦਕਿ ਮੱਧਮ ਗਤੀ ਵਾਲਾ ਲੈਅਬੱਧ ਸੰਗੀਤ ਊਰਜਾ ਅਤੇ ਪ੍ਰੇਰਣਾ ਵੱਧਾ ਸਕਦਾ ਹੈ। ਦੂਜੇ ਪਾਸੇ ਬਹੁਤ ਉੱਚੀ ਆਵਾਜ਼, ਤੇਜ਼ ਧੁਨਾਂ ਜਾਂ ਬਹੁਤ ਜਟਿਲ ਸੰਗੀਤ ਗੰਭੀਰ ਬੌਧਿਕ ਕੰਮਾਂ ਦੌਰਾਨ ਧਿਆਨ ਭਟਕਾ ਸਕਦਾ ਹੈ। ਇਸ ਲਈ ਸੰਗੀਤ ਦੀ ਚੋਣ ਬਹੁਤ ਮਹੱਤਵਪੂਰਨ ਹੈ।





ਸੰਗੀਤ ਅਤੇ ਯਾਦਦਾਸ਼ਤ ਦਾ ਵੀ ਡੂੰਘਾ ਸੰਬੰਧ ਹੈ। ਧੁਨਾਂ ਅਤੇ ਲੈਅ ਜਾਣਕਾਰੀ ਨੂੰ ਦਿਮਾਗ ਵਿੱਚ ਵਿਵਸਥਿਤ ਕਰਨ ਅਤੇ ਕੁਝ ਤੱਥਾਂ ਨੂੰ ਯਾਦ ਰੱਖਣ ਵਿੱਚ ਮਦਦ ਕਰ ਸਕਦੇ ਹਨ। ਬੱਚਿਆਂ ਨੂੰ ਵਰਣਮਾਲਾ, ਕਵਿਤਾਵਾਂ, ਪਹਾੜੇ ਅਤੇ ਹੋਰ ਵਿਸ਼ੇ ਸਿਖਾਉਣ ਲਈ ਵਿਦਿਅਕ ਗੀਤਾਂ ਅਤੇ ਸੰਗੀਤਕ ਤਰੀਕਿਆਂ ਦੀ ਵਰਤੋਂ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਹੈ। ਸੰਗੀਤ ਯਾਦਾਂ ਨਾਲ ਸੰਬੰਧ ਬਣਾਉਂਦਾ ਹੈ, ਜਿਸ ਕਾਰਨ ਜਾਣਕਾਰੀ ਨੂੰ ਯਾਦ ਕਰਨਾ ਅਤੇ ਦੁਹਰਾਉਣਾ ਆਸਾਨ ਹੋ ਸਕਦਾ ਹੈ।

ਇਕਾਗਰਤਾ ਵੱਧਾਉਣ ਤੋਂ ਇਲਾਵਾ ਸੰਗੀਤ ਤਣਾਅ ਅਤੇ ਚਿੰਤਾ ਨੂੰ ਘਟਾਉਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਤਣਾਅ ਪ੍ਰਭਾਵਸ਼ਾਲੀ ਸਿੱਖਿਆ ਅਤੇ ਉਤਪਾਦਕਤਾ ਦੇ ਸਭ ਤੋਂ ਵੱਡੇ ਦੁਸ਼ਮਣਾਂ ਵਿੱਚੋਂ ਇੱਕ ਹੈ। ਇੱਕ ਸ਼ਾਂਤ ਧੁਨ ਬੇਚੈਨ ਮਨ ਨੂੰ ਸਕੂਨ ਦੇ ਸਕਦੀ ਹੈ ਅਤੇ ਭਾਵਨਾਤਮਕ ਰਾਹਤ ਪ੍ਰਦਾਨ ਕਰ ਸਕਦੀ ਹੈ। ਪ੍ਰੀਖਿਆਵਾਂ ਦੇ ਦਬਾਅ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਲਈ ਥੋੜ੍ਹੇ ਸਮੇਂ ਲਈ ਸ਼ਾਂਤ ਸੰਗੀਤ ਸੁਣਨਾ ਮਨ ਨੂੰ ਸਕਾਰਾਤਮਕ ਅਤੇ ਆਤਮਵਿਸ਼ਵਾਸੀ ਬਣਾਉਣ ਵਿੱਚ ਸਹਾਇਕ ਹੋ ਸਕਦਾ ਹੈ।

ਕੰਮ ਵਾਲੀਆਂ ਥਾਵਾਂ 'ਤੇ ਵੀ ਸੰਗੀਤ ਦੀ ਮਹੱਤਤਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਹੌਲੀ ਆਵਾਜ਼ ਦਾ ਸੰਗੀਤ ਰੋਜ਼ਾਨਾ ਦੇ ਇਕਸਾਰ ਕੰਮਾਂ ਦੀ ਬੇਜ਼ਾਰੀ ਘਟਾ ਸਕਦਾ ਹੈ ਅਤੇ ਕਰਮਚਾਰੀਆਂ ਦੀ ਪ੍ਰੇਰਣਾ ਵੱਧਾ ਸਕਦਾ ਹੈ। ਪਰ ਇਹ ਵੀ ਜ਼ਰੂਰੀ ਹੈ ਕਿ ਹਰੇਕ ਵਿਅਕਤੀ ਦੀ ਪਸੰਦ ਅਤੇ ਕੰਮ ਦੀ ਪ੍ਰਕਿਰਤੀ ਦਾ ਸਤਿਕਾਰ ਕੀਤਾ ਜਾਵੇ। ਕੁਝ ਲੋਕ ਸੰਗੀਤ ਦੇ ਨਾਲ ਵਧੀਆ ਕੰਮ ਕਰ ਸਕਦੇ ਹਨ, ਜਦਕਿ ਹੋਰਾਂ ਲਈ ਗੰਭੀਰ ਸੋਚ ਅਤੇ ਵਿਸ਼ਲੇਸ਼ਣ ਵਾਲੇ ਕੰਮਾਂ ਦੌਰਾਨ ਪੂਰੀ ਖਾਮੋਸ਼ੀ ਜ਼ਿਆਦਾ ਪ੍ਰਭਾਵਸ਼ਾਲੀ ਹੋ ਸਕਦੀ ਹੈ।

ਇਸ ਦੇ ਬਾਵਜੂਦ ਸੰਗੀਤ ਨੂੰ ਇਕਾਗਰਤਾ ਦੀ ਹਰ ਸਮੱਸਿਆ ਦਾ ਸਰਵਵਿਆਪੀ ਹੱਲ ਨਹੀਂ ਮੰਨਿਆ ਜਾ ਸਕਦਾ। ਬੇਲੋੜਾ ਸੰਗੀਤ ਸੁਣਨਾ, ਅਣਉਚਿਤ ਗੀਤਾਂ ਦੀ ਚੋਣ ਕਰਨਾ ਜਾਂ ਵਾਰ-ਵਾਰ ਗਾਣੇ ਬਦਲਣਾ ਧਿਆਨ ਭਟਕਾਉਣ ਦਾ ਕਾਰਨ ਬਣ ਸਕਦਾ ਹੈ। ਮੋਬਾਈਲ ਫੋਨ 'ਤੇ ਗਾਣਾ ਬਦਲਣ ਜਾਂ ਸੂਚਨਾਵਾਂ ਦੇਖਣ ਲਈ ਵਾਰ-ਵਾਰ ਧਿਆਨ ਹਟਾਉਣਾ ਸੰਗੀਤ ਦੇ ਅਸਲ ਉਦੇਸ਼ ਨੂੰ ਹੀ ਖਤਮ ਕਰ ਸਕਦਾ ਹੈ। ਇਸ ਲਈ ਸੰਗੀਤ ਦੀ ਵਰਤੋਂ ਸੂਝ-ਬੂਝ ਅਤੇ ਸੰਤੁਲਨ ਨਾਲ ਕਰਨੀ ਚਾਹੀਦੀ ਹੈ।

ਇਹ ਵੀ ਸਮਝਣਾ ਜ਼ਰੂਰੀ ਹੈ ਕਿ ਹਰ ਵਿਅਕਤੀ 'ਤੇ ਸੰਗੀਤ ਦਾ ਪ੍ਰਭਾਵ ਇੱਕੋ ਜਿਹਾ ਨਹੀਂ ਹੁੰਦਾ। ਕੁਝ ਲੋਕ ਖਾਮੋਸ਼ੀ ਵਿੱਚ ਵਧੇਰੇ ਇਕਾਗਰਤਾ ਨਾਲ ਕੰਮ ਕਰਦੇ ਹਨ, ਜਦਕਿ ਕੁਝ ਲੋਕ ਹੌਲੀ ਆਵਾਜ਼ ਦੇ ਸੰਗੀਤ ਨਾਲ ਸੁਚੱਜਾ ਪ੍ਰਦਰਸ਼ਨ ਕਰਦੇ ਹਨ। ਇਸ ਲਈ ਕੋਈ ਇੱਕ ਵਿਸ਼ੇਸ਼ ਸੰਗੀਤਕ ਸ਼ੈਲੀ ਹਰ ਵਿਅਕਤੀ ਲਈ ਇਕਾਗਰਤਾ ਵੱਧਾਉਣ ਦੀ ਗਾਰੰਟੀ ਨਹੀਂ ਦੇ ਸਕਦੀ। ਵਿਅਕਤੀਗਤ ਪਸੰਦ, ਕੰਮ ਦੀ ਕਿਸਮ ਅਤੇ ਆਲੇ-ਦੁਆਲੇ ਦਾ ਵਾਤਾਵਰਨ ਇਸ ਦੀ ਪ੍ਰਭਾਵਸ਼ੀਲਤਾ ਨੂੰ ਨਿਰਧਾਰਤ ਕਰਦੇ ਹਨ।

ਸੰਗੀਤ ਨੂੰ ਇੱਕ ਸਹਾਇਕ ਸਾਧਨ ਵਜੋਂ ਦੇਖਣਾ ਚਾਹੀਦਾ ਹੈ, ਨਾ ਕਿ ਅਨੁਸ਼ਾਸਨ ਅਤੇ ਮਿਹਨਤ ਦੇ ਬਦਲ ਵਜੋਂ। ਪੂਰੀ ਨੀਂਦ, ਸਮੇਂ ਦੀ ਸਹੀ ਯੋਜਨਾ, ਸਿਹਤਮੰਦ ਜੀਵਨਸ਼ੈਲੀ ਅਤੇ ਸ਼ਾਂਤ ਵਾਤਾਵਰਨ ਇਕਾਗਰਤਾ ਬਣਾਈ ਰੱਖਣ ਲਈ ਬਹੁਤ ਮਹੱਤਵਪੂਰਨ ਹਨ। ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਸੰਗੀਤ ਮਨੁੱਖੀ ਇਕਾਗਰਤਾ, ਯਾਦਦਾਸ਼ਤ, ਭਾਵਨਾਵਾਂ ਅਤੇ ਉਤਪਾਦਕਤਾ ਨੂੰ ਪ੍ਰਭਾਵਿਤ ਕਰਨ ਦੀ ਅਪਾਰ ਸਮਰੱਥਾ ਰੱਖਦਾ ਹੈ। ਜਦੋਂ ਇਸ ਦੀ ਚੋਣ ਸਮਝਦਾਰੀ ਨਾਲ ਕੀਤੀ ਜਾਵੇ, ਤਾਂ ਇਹ ਤਣਾਅ ਘਟਾ ਸਕਦਾ ਹੈ, ਮਨੋਦਸ਼ਾ ਨੂੰ ਸਿਹਤਮੰਦ ਬਣਾ ਸਕਦਾ ਹੈ ਅਤੇ ਸਿੱਖਣ ਤੇ ਰਚਨਾਤਮਕ ਸੋਚ ਲਈ ਅਨੁਕੂਲ ਵਾਤਾਵਰਨ ਪੈਦਾ ਕਰ ਸਕਦਾ ਹੈ। ਅੱਜ ਦੇ ਲਗਾਤਾਰ ਵਧ ਰਹੇ ਡਿਜ਼ੀਟਲ ਵਿਘਨਾਂ ਦੇ ਯੁੱਗ ਵਿੱਚ ਸੰਗੀਤ ਮਾਨਸਿਕ ਇਕਾਗਰਤਾ ਅਤੇ ਭਾਵਨਾਤਮਕ ਸੰਤੁਲਨ ਵਿਕਸਿਤ ਕਰਨ ਦਾ ਇੱਕ ਕੀਮਤੀ ਸਾਥੀ ਬਣ ਸਕਦਾ ਹੈ। ਸੰਗੀਤ ਦਾ ਅਸਲ ਲਾਭ ਇਸ ਗੱਲ ਵਿੱਚ ਨਹੀਂ ਕਿ ਅਸੀਂ ਇਸ ਨੂੰ ਲਗਾਤਾਰ ਸੁਣਦੇ ਰਹੀਏ, ਬਲਕਿ ਇਸ ਗੱਲ ਵਿੱਚ ਹੈ ਕਿ ਅਸੀਂ ਸਮਝੀਏ ਕਿ ਇਸ ਨੂੰ ਕਦੋਂ ਅਤੇ ਕਿਵੇਂ ਵਰਤਣਾ ਹੈ। ਸਹੀ ਧੁਨ ਮਨ ਨੂੰ ਸ਼ਾਂਤ ਕਰ ਸਕਦੀ ਹੈ, ਪ੍ਰੇਰਣਾ ਨੂੰ ਮਜ਼ਬੂਤ ਕਰ ਸਕਦੀ ਹੈ ਅਤੇ ਸਿੱਖਣ ਦੀ ਯਾਤਰਾ ਨੂੰ ਹੋਰ ਸੁਖਦਾਈ ਬਣਾ ਸਕਦੀ ਹੈ। ਸੰਗੀਤ ਮਿਹਨਤ ਦਾ ਬਦਲ ਨਹੀਂ, ਪਰ ਇਹ ਨਿਸ਼ਚਿਤ ਤੌਰ 'ਤੇ ਮਿਹਨਤ ਨੂੰ ਹੋਰ ਕੇਂਦਰਿਤ, ਸ਼ਾਂਤ ਅਤੇ ਅਰਥਪੂਰਨ ਬਣਾ ਸਕਦਾ ਹੈ।

ਸੁਰਿੰਦਰਪਾਲ ਸਿੰਘ

ਪੰਜਾਬੀ ਦੀ ਲੋਕ ਆਵਾਜ਼ ਦਾ ਚਿਰਾਗ : ਉਸਤਾਦ ਦਾਮਨ

ਪੰਜਾਬੀ ਸਾਹਿਤ ਦੇ ਵਿਹੜੇ ਵਿੱਚ ਕੁੱਝ ਅਜਿਹੇ ਕਵੀ ਹੋਏ ਹਨ, ਜਿਨ੍ਹਾਂ ਨੇ ਸਿਰਫ ਕਵਿਤਾ ਹੀ ਨਹੀਂ ਲਿਖੀ, ਸਗੋਂ ਆਪਣੇ ਸਮੇਂ ਦੀ ਹਰ ਧੜਕਣ ਨੂੰ ਸ਼ਬਦ ਦਿੱਤੇ ਹਨ। ਉਸਤਾਦ ਦਾਮਨ ਉਨ੍ਹਾਂ ਵਿੱਚੋਂ ਇੱਕ ਅਜਿਹਾ ਕਵੀ ਸੀ, ਜਿਸਦੀ ਕਲਮ ਆਮ ਲੋਕਾਂ ਦੇ ਦੁੱਖਾਂ, ਸੁਪਨਿਅ ਾਰ, ਹੱਕਾਂ ਅਤੇ ਹਾਕਮਾਂ ਦੀਆਂ ਵਧੀਕੀਆਂ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਆਵਾਜ਼ ਦਿੱਤੀ ਸੀ। ਇਸ ਸਾਧਾਰਣ ਕਵੀ ਅੰਦਰ ਸ਼ਬਦਾਂ ਦੀ ਅਜਿਹੀ ਦੁਨੀਆਂ ਵਸਦੀ ਸੀ, ਜਿਸਨੇ ਉਸਨੂੰ ਲੋਕ ਕਵੀ ਬਣਾ ਦਿੱਤਾ। ਉਸਤਾਦ ਦਾਮਨ ਨੇ ਆਪਣੀ ਕਵਿਤਾ ਵਿੱਚ ਆਮ ਆਦਮੀ ਦੀ ਬੋਲੀ ਅਤੇ ਉਸਦੇ ਜੀਵਨ ਦੀਆਂ ਹਕੀਕਤਾਂ ਨੂੰ ਕਵਿਤਾ ਦੇ ਰੂਪ ਵਿੱਚ ਪ੍ਰਗਟਾ ਦਿੱਤਾ ਸੀ। ਉਸਦੀ ਕਵਿਤਾ ਦਾ ਸਭ ਤੋਂ ਵੱਡਾ ਗੁਣ ਉਸਦੀ ਸਿੱਧੀ ਸਾਦੀ ਸਪੱਸ਼ਟ ਅਤੇ ਲੋਕ ਮੁਖੀ ਭਾਸ਼ਾ ਸੀ। ਉਹ ਔਖੇ ਸ਼ਬਦਾਂ ਅਤੇ ਬਨਾਵਟੀ ਅਲੰਕਾਰਾਂ ਦੀ ਵਰਤੋਂ ਨਹੀਂ ਕਰਦਾ ਸੀ। ਉਹ ਉਹੀ ਗੱਲ ਲਿਖਦਾ ਸੀ, ਜਿਹੜੀ ਲੋਕਾਂ ਦੇ ਦਿਲ ਵਿੱਚ ਹੁੰਦੀ ਸੀ। ਉਹ ਪੰਜਾਬੀ ਨੂੰ ਸਿਰਫ ਬੋਲੀ ਹੀ ਨਹੀਂ ਸਗੋਂ ਪੰਜਾਬ ਦੀ ਪਛਾਣ ਅਤੇ ਲੋਕ ਜੀਵਨ ਦੀ ਰੂਹ ਸਮਝਦੇ ਸਨ। ਦਾਮਨ ਦੀ ਸ਼ਾਇਰੀ ਵਿੱਚ ਵਿਅੰਗ, ਲੋਕਾਂ ਦਾ ਦਰਦ, ਮੁਹੱਬਤ ਅਤੇ ਬਗ਼ਾਬਤ ਵੀ ਹੈ।

ਉਹ ਬੇਬਾਕ ਸ਼ਾਇਰ ਸੀ। ਇਸ ਕਰਕੇ ਹੀ ਉਸਦੀਆਂ ਕਵਿਤਾਵਾਂ ਜਲਸਿਆਂ, ਜਲੂਸਾਂ ਅਤੇ ਅੰਦੋਲਨਾ ਵਿੱਚ ਪ੍ਰਭਾਵਸ਼ਾਲੀ ਅਸਰ ਪਾ ਜਾਂਦੀਆਂ ਸਨ। ਉਸਨੇ ਆਪਣੀ ਕਲਮ ਦਾ ਕੇਂਦਰ ਬਿੰਦੂ ਗ਼ਰੀਬਾਂ, ਮਜ਼ਦੂਰਾਂ ਅਤੇ ਦੱਬੇ ਕੁੱਚਲੇ ਲੋਕਾਂ ਨੂੰ ਬਣਾਇਆ। 1947 ਵਿੱਚ ਦੇਸ਼ ਦੀ ਵੰਡ ਸਮੇਂ ਪੰਜਾਬ ਭਾਵੇਂ ਵੰਡਿਆ ਗਿਆ, ਪ੍ਰੰਤੂ ਪੰਜਾਬੀ ਦਾ ਚੜ੍ਹਦੇ ਅਤੇ ਲਹਿੰਦੇ ਦੋਹਾਂ ਪੰਜਾਬਾਂ ਵਿੱਚ ਬੋਲਬਾਲਾ ਬਰਕਰਾਰ ਰਿਹਾ ਹੈ। ਕੁੱਝ ਪੰਜਾਬੀ ਵਿਦਵਾਨ ਸ਼ੱਕੇ ਖੜ੍ਹੇ ਕਰ ਰਹੇ ਹਨ ਕਿ ਪੰਜਾਬੀ ਬੋਲੀ ਅਗਲੇ 50 ਸਾਲਾਂ ਵਿੱਚ ਖ਼ਤਮ ਹੋ ਜਾਵੇਗੀ। ਉਹ ਬੋਲੀ ਕਦੀਂ ਵੀ ਖ਼ਤਮ ਨਹੀਂ ਹੋ ਸਕਦੀ, ਜਿਹੜੀ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜੀ ਹੋਈ ਹੋਵੇ। ਪੰਜਾਬੀ ਬੋਲੀ ਜਿਸ ਦਾ ਸੰਬੰਧ ਗੁਰੂਆਂ, ਪੀਰਾਂ, ਫ਼ਕੀਰਾਂ ਅਤੇ ਧਾਰਮਿਕ ਲੋਕਾਂ ਦੀਆਂ ਭਾਵਨਾਵਾਂ ਨਾਲ ਸੰਬੰਧ ਜੁੜਿਆ ਹੋਇਆ ਹੈ। ਪੰਜਾਬੀ ਤਾਂ ਸੰਸਾਰ ਵਿੱਚ ਫ਼ੈਲੇ ਹੋਏ ਹਨ, ਪਾਕਿਸਤਾਨ ਵਿੱਚ ਵੀ ਅੱਜ ਕਲ੍ਹ ਪੰਜਾਬੀ ਦੇ ਅਲੰਬਰਦਾਰ ਉਥੇ ਦੇ ਵਸਿੰਦਿਆਂ ਨੂੰ ਪੰਜਾਬੀ ਬੋਲਣ ਤੇ ਪੰਜਾਬੀ ਪਹਿਰਾਵਾ ਪਾਉਣ ਦੀ ਮੁਹਿੰਮ ਚਲਾ ਰਹੇ ਹਨ।

ਦੇਸ਼ ਦੀ ਅਜਿਹੀ ਅਜ਼ਾਦੀ ਨੂੰ ਇਨਸਾਨੀਅਤ ਦੀ ਬਰਬਾਦੀ ਕਿਹਾ ਜਾ ਸਕਦਾ ਹੈ ਕਿਉਂਕਿ ਅਣਗਿਣਤ ਬੇਕਸੂਰ ਇਨਸਾਨਾਂ ਦੇ ਕਤਲਾਂ ਨੇ ਆਜ਼ਾਦੀ ਨੂੰ ਦਾਗ਼ਦਾਰ ਕਰ ਦਿੱਤਾ ਸੀ। ਨਹੁੰ ਮਾਸ ਦੇ ਰਿਸ਼ਤੇ ਖੇਰੂੰ ਖੇਰੂੰ ਹੋ ਗਏ ਸਨ। ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਪੰਜਾਬੀ ਦੇ ਸਾਹਿਤਕਾਰਾਂ ਨੇ ਖ਼ੂਨੀ ਬ੍ਰਿਤਾਂਤ ਲਿਖਿਆ ਸੀ। ਪਾਕਿਸਤਾਨ ਜਾ ਕੇ ਵਸੇ



ਲੋਕ ਕਵੀ ਉਸਤਾਦ ਦਾਮਨ ਨੇ ਮਨੁੱਖਤਾ ਦੇ ਕਤਲਾਂ ਨੂੰ ਇਨਸਾਨੀਅਤ ਦਾ ਘਾਣ ਦੱਸਦਿਆਂ ਆਪਣੀਆਂ ਭਾਵਪੂਰਤ ਕਵਿਤਾਵਾਂ ਵਿੱਚ ਸਰਲ ਤੇ ਸਾਦੀ ਬੋਲੀ ਵਿੱਚ ਲਿਖਿਆ ਸੀ। ਉਸਤਾਦ ਦਾਮਨ, ਜਿਨ੍ਹਾਂ ਦਾ ਨਾਮ ਚਿਰਾਗ ਦੀਨ ਸੀ, ਉਨ੍ਹਾਂ ਨੇ ਆਪਣੇ ਨਾਮ ਨੂੰ ਪੰਜਾਬੀ ਦਾ ਝੰਡਾਬਰਦਾਰ ਬਣਨ ਦਾ ਮਾਣ ਦਿੱਤਾ। ਚਿਰਾਗ ਰੌਸ਼ਨੀ ਦੇਣ ਵਾਲੇ ਦੀਵੇ ਦਾ ਪਵਿਤਰ ਨਾਮ ਗਿਣਿਆਂ ਜਾਂਦਾ ਹੈ। ਉਸਤਾਦ ਦਾਮਨ ਨੂੰ ਪੰਜਾਬੀ ਬੋਲੀ ਦੇ ਨਾਲ ਅਥਾਹ ਪਿਆਰ ਅਤੇ ਸਤਿਕਾਰ ਸੀ। ਪੰਜਾਬੀ ਭਾਵੇਂ ਦੋ ਖਿਤਿਆਂ ਵਿਚ ਵੰਡੇ ਜਾ ਚੁੱਕੇ ਸਨ, ਪ੍ਰੰਤੂ ਉਨ੍ਹਾਂ ਦੀਆਂ ਭਾਵਨਾਵਾਂ ਆਪਣੀ ਮਾਤਭੂਮੀ ਲਈ ਭੱਟਕ ਰਹੀਆਂ ਸਨ। ਉਹ ਮਾਨਸਿਕ ਅਤੇ ਆਤਮਿਕ ਤੌਰ ਤੇ ਮਾਖਿਓਂ ਮਿੱਠੀ ਪੰਜਾਬੀ ਭਾਸ਼ਾ ਨਾਲ ਓਤਪੋਤ ਸਨ। ਲਹਿੰਦੇ ਪੰਜਾਬ ਦੇ ਲੋਕ ਕਵੀਆਂ ਵਿਚੋਂ ਚਿਰਾਗ ਦੀਨ ਦਾਮਨ ਭਾਰਤ ਵਿਚ ਹੋਣ ਵਾਲੇ ਕਵੀ ਦਰਬਾਰਾਂ ਦਾ ਸ਼ਿੰਗਾਰ ਬਣਦਾ ਰਿਹਾ। ਦੇਸ਼ ਦੀ ਵੰਡ ਸੰਬੰਧੀ ਉਸ ਨੇ ਬੜੀਆਂ ਹੀ ਦਿਲ ਨੂੰ ਕੁਰੇਦਣ ਤੇ ਟੁੰਬਣ ਵਾਲੀਆਂ ਕਵਿਤਾਵਾਂ ਲਿਖੀਆਂ ਹਨ, ਜਿਹੜੀਆਂ ਰਹਿੰਦੀ ਦੁਨੀਆਂ ਤੱਕ ਤਰੋ ਤਾਜਾ ਰਹਿਣਗੀਆਂ। ਗੂੜ੍ਹੀ ਸ਼ਬਦਾਵਲੀ ਦੀ ਥਾਂ ਅਜਿਹੀ ਭਾਸ਼ਾ ਦੀ ਵਰਤੋਂ ਕਰਨੀ ਚਾਹੀਦੀ ਹੈ, ਜਿਹੜੀ ਸੌਖਿਆਂ ਹੀ ਲੋਕਾਂ ਦੇ ਪੱਲੇ ਪੈ ਜਾਵੇ ਅਤੇ ਉਸਦੀ ਸਾਰਥਿਕਤਾ ਦਾ ਪਤਾ ਲੱਗੇ।

ਪੰਜਾਬੀ ਦਾ ਉਹ ਨਿਧੜਕ ਜਰਨੈਲ ਲੋਕ ਕਵੀ ਸੀ, ਜਿਸਨੇ ਤਾਹਨੇ ਮਿਹਣੇ ਸਹਿੰਦਿਆਂ ਪੰਜਾਬੀ ਵਿਚ ਕਵਿਤਾ ਲਿਖਣੋਂ ਗੁਰੇਜ ਨਹੀਂ ਕੀਤਾ। ਹਾਲਾਂਕਿ ਉਸ ਨੂੰ ਪਤਾ ਸੀ ਕਿ ਕਿਸੇ ਵੀ ਸਮੇਂ ਉਸ ਨੂੰ ਸਰੀਰਕ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ। ਜਦੋਂ ਵਾਰ-ਵਾਰ ਉਸ ਉਪਰ ਦਬਾਅ ਪਾਇਆ ਗਿਆ ਕਿ ਮੁਸਲਮਾਨ ਹੋਣ ਅਤੇ ਪਾਕਿਸਤਾਨ ਵਿਚ ਰਹਿਣ ਕਰਕੇ ਉਸ ਨੂੰ ਪੰਜਾਬੀ ਦੀ ਥਾਂ ਉਰਦੂ ਵਿਚ ਆਪਣੀਆਂ ਨਜ਼ਮਾਂ ਲਿਖਣੀਆਂ ਚਾਹੀਦੀਆਂ ਹਨ ਤਾਂ ਉਸ ਨੇ ਕਵਿਤਾ ਵਿਚ ਹੀ ਉਨ੍ਹਾਂ ਨੂੰ ਜਵਾਬ ਦਿੰਦਿਆਂ ਲਿਖਿਆ:

ਉਰਦੂ ਦਾ ਮੈਂ ਦੋਖੀ ਨਾਹੀਂ ਤੇ ਦੁਸ਼ਮਣ ਨਾਹੀਂ ਅੰਗਰੇਜ਼ੀ ਦਾ,
ਪੁਛਦੇ ਹੋ ਮੇਰੇ ਦਿਲ ਦੀ ਬੋਲੀ, ਹਾਂ ਜੀ ਹਾਂ ਪੰਜਾਬੀ ਏ।

ਮੈਨੂੰ ਕਈਆਂ ਨੇ ਆਖਿਆ ਕਈ ਵਾਰ, ਤੂੰ ਲੈਣਾ ਪੰਜਾਬੀ ਦਾ ਨਾਂ ਛੱਡਦੇ।
ਗੋਦੀ ਜਿਹਦੀ ਵਿਚ ਪਲਕੇ ਜਵਾਨ ਹੋਇਆਂ, ਉਹ ਮਾਂ ਛੱਡਦੇ ਤੇ ਗਰਾਂ ਛੱਡਦੇ।

ਜੇ ਪੰਜਾਬੀ ਪੰਜਾਬੀ ਈ ਕੂਕਣਾ ਏ, ਜਿਥੇ ਖਲੋਤਾ ਏਂ ਥਾਂ ਛੱਡਦੇ।

ਮੈਨੂੰ ਇੰਜ ਲੱਗਦੈ ਲੋਕੀ ਆਖਦੇ ਨੇ, ਤੂੰ ਪੁੱਤਰਾ ਆਪਣੀ ਮਾਂ ਛੱਡਦੇ।

ਜਦੋਂ ਫਿਰਕਾਪ੍ਰਸਤਾਂ ਨੇ ਉਸਨੂੰ ਵਾਰ-ਵਾਰ ਪੰਜਾਬੀ ਵਿਚ ਕਵਿਤਾ ਲਿਖਣ ਤੋਂ ਵਰਜਿਆ ਗਿਆ ਤਾਂ ਉਹ ਡਰਿਆ ਨਹੀਂ ਸਗੋਂ ਉਸਨੇ ਲਿਖਿਆ ਕਿ----

ਇਥੇ ਬੋਲੀ ਪੰਜਾਬੀ ਹੀ ਬੋਲੀ ਜਾਵੇਗੀ, ਉਰਦੂ ਵਿਚ ਕਿਤਾਬਾਂ ਦੇ ਠੱਣਦੀ ਰਹੇਗੀ।

ਇਹਦਾ ਪੁੱਤਰ ਹਾਂ ਇਹਦੇ ਤੋਂ ਦੁੱਧ ਮੰਗਨਾ, ਮੇਰੀ ਭੁੱਖ ਇਹਦੀ ਛਾਤੀ ਤਣਦੀ ਰਹੇਗੀ।

ਇਹਦੇ ਲੱਖ ਹਰੀਫ ਪਏ ਹੋਣ ਪੈਦਾ, ਦਿਨ-ਬ-ਦਿਨ ਇਹਦੀ ਸ਼ਕਲ ਬਣਦੀ ਰਹੇਗੀ।

ਉਦੋਂ ਤੀਕ ਤੇ ਪੰਜਾਬੀ ਨਹੀਂ ਮਰਦੀ, ਜਦੋਂ ਤੀਕ ਪੰਜਾਬਣ ਕੋਈ ਜਣਦੀ ਰਹੇਗੀ।

ਉਸਤਾਦ ਦਾਮਨ ਨੇ ਸਾਰੀ ਉਮਰ ਅਣਖ ਨਾਲ ਸ਼ਾਇਰੀ ਕੀਤੀ। ਸਰਕਾਰਾਂ ਦੇ ਦਮਨ ਦਾ ਸ਼ਿਕਾਰ ਵੀ ਹੋਇਆ। ਇਨਕਲਾਬੀ ਕਵਿਤਾ ਸਮਾਜਿਕ ਬੁਰਾਈਆਂ ਅਤੇ ਆਮ ਜਨਤਾ ਉਪਰ ਸਰਕਾਰ ਵਲੋਂ ਕੀਤੇ ਜਾਂਦੇ ਜ਼ੋਰ ਜ਼ਬਰਦਸਤੀ ਦੀਆਂ ਕਾਰਵਾਈਆਂ ਵਿਰੁਧ ਲਿਖਣ ਕਰਕੇ ਉਸ ਉਪਰ ਕਈ ਕੇਸ ਦਰਜ ਕਰਕੇ ਜੇਲ੍ਹ ਵਿਚ ਬੰਦ ਰੱਖਿਆ ਗਿਆ, ਪ੍ਰੰਤੂ ਉਸ ਨੇ ਸਰਕਾਰਾਂ ਨਾਲ ਆਡ੍ਹਾ ਲਾਈ ਰੱਖਿਆ। ਫ਼ੌਜੀ ਰਾਜ ਤੋਂ ਵੀ ਉਹ ਡਰਿਆ ਨਹੀਂ ਸਗੋਂ ਉਸਨੇ ਫ਼ੌਜੀ ਰਾਜ ਤੇ ਟਕੋਰ ਕਰਦਿਆਂ ਅਰਥ ਭਰਪੂਰ ਕਵਿਤਾ ਲਿਖੀ-

ਸਾਡੇ ਮੁਲਕ ਦੀਆਂ ਮੌਜਾਂ ਹੀ ਮੌਜਾਂ, ਜਿਧਰ ਦੇਖੋ ਫ਼ੌਜਾਂ ਹੀ ਫ਼ੌਜਾਂ।

ਇਹ ਕੀ ਕਰੀ ਜਾਨਾ, ਕਦੀ ਚੀਨ ਜਾਨਾ ਕਦੀ ਰੂਸ ਜਾਨਾ।

ਕਦੀ ਸਿਮਲੇ ਜਾਨਾ ਕਦੀ ਮਰੀ ਜਾਨਾ, ਜਿਧਰ ਜਾਨਾ ਬਣਕੇ ਜਲੂਸ ਜਾਨਾ।

ਲਈ ਖੇਸ ਜਾਨਾ ਖਿੱਚੀ ਦਰੀ ਜਾਨਾ, ਇਹ ਕੀ ਕਰੀ ਜਾਨਾ।

ਉਸਤਾਦ ਦਾਮਨ ਜਿਓਂਦੇ ਜੀਅ ਗ਼ਰੀਬੀ ਕਰਕੇ ਆਪਣੀਆਂ ਕਵਿਤਾਵਾਂ ਦੀ ਕੋਈ ਵੀ ਪੁਸਤਕ ਪ੍ਰਕਾਸ਼ਤ ਨਹੀਂ ਕਰਵਾ ਸਕਿਆ। ਉਸਤਾਦ ਦਾਮਨ ਦੀ ਮੌਤ ਤੋਂ ਬਾਅਦ ਉਸ ਦੀਆਂ ਕਵਿਤਾਵਾਂ ਦਾ ਕਾਵਿ ਸੰਗ੍ਰਹਿ 'ਦਾਮਨ ਦੇ ਮੋਤੀ' ਪਾਕਿਸਤਾਨ ਦੇ ਲੋਕਾਂ ਨੇ ਗੁਰਮੁਖੀ ਵਿਚ ਪ੍ਰਕਾਸ਼ਤ ਨਹੀਂ ਕੀਤੀ, ਸਗੋਂ ਉਰਦੂ ਵਿਚ ਪ੍ਰਕਾਸ਼ਤ ਕਰਕੇ ਉਸਨੂੰ ਉਰਦੂ ਦਾ ਸ਼ਾਇਰ ਵਿਖਾਉਣ ਦੀ ਕੋਸ਼ਿਸ਼ ਕੀਤੀ ਗਈ। ਉਸਤਾਦ ਦਾਮਨ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਆਪਣੀਆਂ ਇਨਕਲਾਬੀ ਕਵਿਤਾਵਾਂ ਕਰਕੇ ਜੇਲ੍ਹ ਵਿਚ ਹੀ ਰਿਹਾ ਹੈ। ਜੇਲ੍ਹ ਵਿਚ ਰਹਿਣ ਸੰਬੰਧੀ ਉਹ ਲਿਖਦਾ ਹੈ ਕਿ-

ਸਟੇਜਾਂ ਤੇ ਆਈਏ ਸਿਕੰਦਰ ਹੋਈਦਾ ਏ, ਸਟੇਜੋਂ



ਉਜਾਗਰ ਸਿੰਘ

ਉਤਰਕੇ ਕਲੰਦਰ ਹੋਈਦਾ ਏ।

ਉਲਝੇ ਜੋ ਦਾਮਨ ਹਕੂਮਤ ਕਿਸੇ ਨਾਲ, ਬਸ ਏਨਾ ਹੀ ਹੁੰਦਾ, ਅੰਦਰ ਹੋਈਦਾ ਏ।

ਦਾਮਨ ਦੀਆਂ ਕਤਿਾਵਾਂ ਕਰਾਂਤੀਕਾਰੀ ਅਤੇ ਧਾਰਮਿਕ ਜਨੂੰਨੀਆਂ ਦੇ ਵਿਰੁੱਧ ਹੋਣ ਕਰਕੇ ਉਸਦੇ ਘਰ ਨੂੰ ਅੱਗ ਲਗਾ ਕੇ ਸਾੜ ਦਿੱਤਾ ਤਾਂ ਉਸਨੇ ਇੱਕ ਕਵਿਤਾ ਵਿੱਚ ਲਿਖਿਆ:

ਕਿਸੇ ਤੀਲ੍ਹੀ ਐਸੀ ਲਗਾਈ ਏ, ਥਾਂ ਥਾਂ ਤੇ ਅੱਗ ਮਚਾਈ ਏ।

ਪਈ ਸੜਦੀ ਲੋਕਾਈ ਏ, ਤੇ ਪੈਂਦੀ ਹਾਲ ਦੁਹਾਈ ਏ।

ਆਜ਼ਾਦੀ ਤੋਂ ਬਾਅਦ ਇੱਕ ਵਾਰ ਉਸਤਾਦ ਦਾਮਨ ਨੇ ਲਾਲ ਕਿਲ੍ਹੇ ਦਿੱਲੀ ਵਿਚ ਹੋਏ ਇੱਕ ਕਵੀ ਦਰਬਾਰ ਵਿਚ ਆਪਣੀ ਕਵਿਤਾ ਪੜ੍ਹਕੇ ਉਥੇ ਹਾਜ਼ਰ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੂੰ ਰੁਆ ਦਿੱਤਾ ਸੀ। ਉਸ ਦੀ ਕਵਿਤਾ ਦੇ ਬੋਲ ਹਨ-

ਭਾਵੇਂ ਮੂੰਹੋਂ ਨਾ ਕਹੀਏ ਪਰ ਵਿਚੋਂ ਵਿਚੀਂ, ਖੋਏ ਤੁਸੀਂ ਵੀ ਓ ਤੇ ਖੋਏ ਅਸੀਂ ਵੀ ਆਂ।

ਇਹਨਾਂ ਆਜ਼ਾਦੀਆਂ ਹੱਥੋਂ ਬਰਬਾਦ ਹੋਏ, ਤੁਸੀਂ ਵੀ ਓ ਹੋਏ ਅਸੀਂ ਵੀ ਆਂ।

ਕੁਝ ਉਮੀਦ ਏ ਜ਼ਿੰਦਗੀ ਮਿਲ ਜਾਵੇਗੀ, ਮੋਏ ਤੁਸੀਂ ਵੀ ਓ ਮੋਏ ਅਸੀਂ ਵੀ ਆਂ।

ਜਿਓਂਦੀ ਜਾਨ ਵੀ ਮੌਤ ਦੇ ਮੂੰਹ ਅੰਦਰ, ਢੋਏ ਤੁਸੀਂ ਵੀ ਓ ਢੋਏ ਅਸੀਂ ਵੀ ਆਂ।

ਜਾਗਣੇ ਵਾਲਿਆਂ ਰੱਜ ਕੇ ਲੁੱਟਿਆ ਏ, ਸੋਏ ਤੁਸੀਂ ਵੀ ਓ ਸੋਏ ਅਸੀਂ ਵੀ ਆਂ।

ਲਾਲੀ ਅੱਖੀਆਂ ਦੀ ਪਈ ਦੱਸਦੀ ਏ, ਰੋਏ ਤੁਸੀਂ ਵੀ ਓ ਰੋਏ ਅਸੀਂ ਵੀ ਆਂ।

ਪੰਡਤ ਜਵਾਹਰ ਲਾਲ ਨਹਿਰੂ ਨੇ ਉਸਤਾਦ ਦਾਮਨ ਨੂੰ ਉਠ ਕੇ ਕਲਾਵੇ ਵਿਚ ਲੈ ਲਿਆ ਅਤੇ ਉਸ ਨੂੰ ਭਾਰਤ ਦੀ ਨਾਗਰਿਕਤਾ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ, ਪ੍ਰੰਤੂ ਉਸਤਾਦ ਦਾਮਨ ਨੇ ਕਿਹਾ ਕਿ ਉਹ ਰਹੇਗਾ ਤਾਂ ਪਾਕਿਸਤਾਨ ਵਿਚ ਹੀ ਭਾਵੇਂ ਜੇਲ੍ਹ ਵਿਚ ਹੀ ਰਹਿਣਾ ਪਵੇ। ਉਸਤਾਦ ਦਾਮਨ ਅੱਜ ਭਾਵੇਂ ਸਾਡੇ ਵਿਚਕਾਰ ਸਰੀਰਕ ਰੂਪ ਵਿੱਚ ਨਹੀਂ ਹਨ, ਪ੍ਰੰਤੂ ਉਨ੍ਹਾਂ ਦੀ ਕਲਮ ਦੀ ਕਰਾਮਾਤ ਅਜੇ ਵੀ ਜਿਉਂਦੀ ਹੈ। ਉਨ੍ਹਾਂ ਦਾ ਚਿਰਾਗ ਬੁੱਝਿਆ ਨਹੀਂ, ਉਹ ਪੰਜਾਬੀ ਲੋਕ ਚੇਤਨਾ ਵਿੱਚ ਰੌਸ਼ਨੀ ਫੈਲਾ ਰਿਹਾ ਹੈ। 3 ਸਤੰਬਰ ਨੂੰ ਉਨ੍ਹਾਂ ਦੇ ਜਨਮ ਦਿਵਸ 'ਤੇ ਯਾਦ ਕਰਨਾ ਕੇਵਲ ਇੱਕ ਮਹਾਨ ਕਵੀ ਨੂੰ ਸ਼ਰਧਾਂਜ਼ਲੀ ਦੇਣਾ ਨਹੀਂ, ਸਗੋਂ ਪੰਜਾਬੀ ਬੋਲੀ, ਹੱਕ ਸੱਚ, ਇਨਸਾਫ਼ ਅਤੇ ਲੋਕ ਹਿੱਤਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਮੁੜ ਤਾਜ਼ਾ ਕਰਨਾ ਹੈ। ਉਸਤਾਦ ਦਾਮਨ ਦੀ ਵਿਰਾਸਤ ਪੰਜਾਬੀਆਂ ਨੂੰ ਇਹ ਹੀ ਸੁਨੇਹਾ ਦਿੰਦੀ ਹੈ ਕਿ ਕਲਮ ਜੇ ਸੱਚ 'ਤੇ ਪਹਿਰਾ ਦੇਵੇ ਤਾਂ ਉਹ ਇਨਸਾਨੀਅਤ ਦੀ ਸਭ ਤੋਂ ਵੱਡੀ ਪਹਿਰੇਦਾਰ ਬਣ ਸਕਦੀ ਹੈ।

ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ

ਮੋਬਾਈਲ-94178 13072

ਪੰਜਾਬ ਦਾ ਅਨਮੋਲ ਰਤਨ -ਡਾ. ਸੁਰਿੰਦਰ ਸਿੰਘ ਗਿੱਲ

ਡਾ. ਸੁਰਿੰਦਰ ਸਿੰਘ ਗਿੱਲ ਸਿੱਖਿਆ ਦੇ ਖੇਤਰ ਦੇ ਚਮਕਦੇ ਸਿਤਾਰੇ ਹਨ ਉਹਨਾਂ ਦੇ ਜੀਵਨ ਦਾ ਬਹੁਤਾ ਸਮਾਂ ਅਧਿਆਪਨ ਕਾਰਜ ਨਾਲ ਜੁੜਿਆ ਰਿਹਾ ਹੈ। ਉਹ ਲਗਭਗ ਦੋ ਦਹਾਕੇ ਦਸ਼ਮੇਸ਼ ਸੀਨੀਅਰ ਸਕੈਂਡਰੀ ਸਕੂਲ ਤਲਵੰਡੀ ਸਾਬੋ ਵਿਖੇ ਅਤੇ ਕਾਫੀ ਸਮਾਂ ਖਾਲਸਾ ਸੀਨੀਅਰ ਸਕੈਂਡਰੀ ਸਕੂਲ ਬਠਿੰਡਾ ਵਿਖੇ ਬਤੌਰ ਪ੍ਰਿੰਸੀਪਲ ਸੇਵਾਵਾਂ ਨਿਭਾ ਚੁੱਕੇ ਡਾ ਗਿੱਲ ਨੇ ਐਮ ਏ, ਅੰਗਰੇਜੀ ਅਤੇ ਕੰਪਿਊਟਰ ਸਾਇੰਸ ਦੇ ਖੇਤਰ ਵਿਚ ਪੀ ਜੀ ਡੀ ਸੀ ਏ ਦੀ ਡਿਗਰੀ ਹਾਸਲ ਕੀਤੀ ਹੈ।, ਸਪਰੋਟਸ ਸਾਈਕਾਲੋਜੀ ਵਿਚ ਐਮ ਫਿਲ ਡਿਗਰੀ ਅਤੇ ਸਪੋਰਟਸ ਸਾਇੰਸ ਸਾਈਕਾਲੋਜੀ ਦੇ ਖੇਤਰ ਵਿਚ ਉਹਨਾਂ ਨੇ ਪੀਐਚ ਡੀ ਦੀ ਉਚੇਰੀ ਡਿਗਰੀ ਪ੍ਰਾਪਤ ਕੀਤੀ ਹੈ। ਉਹਨਾਂ ਦੀ ਵਿਸ਼ੇਸ਼ ਦਿਲਚਸਪੀ ਜਰਨਲਿਜਮ ਦੇ ਖੇਤਰ ਵਿਚ ਰਹੀ ਹੈ।ਨਿਰਸੰਦੇਹ! ਪ੍ਰਿੰਸੀ, ਹਨ, ਅਤੇ ਨਿਭਾਉਣੇ ਵੀ। ਉਹਨਾਂ ਨੂੰ ਸੁਰਮਾਂ ਪਾਉਣਾ ਵੀ ਆਉਂਦਾ ਹੈ ਅਤੇ ਮਟਕਾਉਣਾ ਵੀ। ਉਹਨਾਂ ਦਾ ਮੰਦ ਮੰਦ ਮੁਸਕਰਾਉਂਦਾ ਚਿਹਰਾ, ਅਤੇ ਮਿੱਠੀ ਸੁਰੀਲੀ ਅਵਾਜ ਮਿਲਣ ਵਾਲੀ ਧਿਰ ਤੇ ਜਾਦੂ ਕਰ ਦਿੰਦੇ ਹਨ। ਫੁਰਤੀਲਾ ,ਸਡੌਲ ਸਰੀਰ, ਚੁਕਵੇਂ ਰੰਗਾਂ ਵਾਲਾ ਪਹਿਰਾਵਾ, ਮਿਲਣ ਵਾਲੀ ਧਿਰ ਉਤੇ ਸੁਭਾਵਿਕ ਤੌਰ ਤੇ ਹਾਵੀ ਹੋ ਜਾਂਦਾ ਹੈ।ਉਹ ਹੱਦ ਦਰਜੇ ਦੇ ਮਿਲਾਪੜੇ



ਹਨ । ਡਾ, ਗਿੱਲ ਨੂੰ ਪੜਨ ਲਿਖਣ ਦਾ ਸ਼ੌਕ ਜਨੂੰਨ ਦੀ ਹੱਦ ਤੱਕ ਰਿਹਾ ਹੈ। ਪੜਨ ਪੜਾਉਣ ਦੇ ਪੱਖ ਤੋਂ ਉਹਨਾਂ ਨੇ ਵੱਖ ਵੱਖ ਖੇਤਰਾਂ ਵਿਚ ਵਿਸ਼ੇਸ਼ ਪ੍ਰਾਪਤੀਆਂ ਕੀਤੀਆਂ ਹਨ। ਉਹਨਾਂ ਦੀ ਰੁਚੀ ਸ਼ੁਰੂ ਤੋਂ ਹੀ ਪੰਜਾਬ ਦੇ ਗੌਰਵ ਸ਼ਾਲੀ ਵਿਰਸੇ ਨੂੰ ਜਾਨਣ ਅਤੇ ਸੰਭਾਲਣ ਵਲ ਰਹੀ ਹੈ। ਪੰਜਾਬ ਦੀਆਂ ਨਾਮਵਰ ਸ਼ਖਸੀਅਤਾਂ ਦੇ ਜੀਵਨ ਬਾਰੇ ਜਾਣਕਾਰੀ ਪ੍ਰਾਪਤ ਕਰਨਾ, ਉਹਨਾਂ ਦਾ ਸ਼ੌਕ ਰਿਹਾ ਹੈ। ਉਹ ਸਿੱਖਿਆ ਅਤੇ ਖੇਡ ਜਗਤ ਨਾਲ ਨਿਰੰਤਰ ਜੁੜੇ ਰਹੇ ਹਨ। ਜਿਮਨਾਸਟਿਕ ਦੀ ਖੇਡ ਵਿਚ ਉਹਨਾਂ ਦੀ ਵਿਸ਼ੇਸ਼ ਮੁਹਾਰਤ ਰਹੀ ਹੈ। ਇਸ ਖੇਤਰ ਵਿਚ ਉਹ ਗੋਲਡ ਮੈਡਲਲਿਸਟ ਹੋਣ ਦਾ ਮਾਣ ਰੱਖਦੇ ਹਨ ।

ਡਾ ਸੁਰਿੰਦਰ ਸਿੰਘ ਗਿੱਲ ਪੰਜਾਬ ਦੇ ਉਹ ਅਨਮੋਲ ਰਤਨ ਹਨ,, ਜਿਹਨਾਂ ਦਾ ਸਮੁੱਚਾ ਜੀਵਨ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਵਿਕਾਸ ਵਿਸਥਾਰ ਨੂੰ ਸਮਰਪਿਤ ਰਿਹਾ ਹੈ।

ਡਾ ਸੁਰਿੰਦਰ ਸਿੰਘ ਗਿੱਲ ਚੁੰਬਕੀ ਗੁਣ ਲੱਛਣਾਂ ਵਾਲੀ ਸ਼ਖਸੀਅਤ ਦੇ ਧਾਰਨੀ ਹਨ । ਉਹ ਪਹਿਲੀ ਮਿਲਣੀ ਵਿਚ ਹੀ ਮਿਲਣ ਵਾਲੀ ਧਿਰ ਨੂੰ ਆਪਣੇ ਵਲ ਆਕ੍ਰਸ਼ਿਤ ਕਰ ਲੈਂਦੇ ਹਨ। ਪਲਾਂ ਛਿਣਾਂ ਵਿਚ ਹੀ ਉਹ ਮਿਲਣ ਵਾਲੀ ਧਿਰ ਨੂੰ ਆਪਣਾ ਬਣਾ ਲੈਂਦੇ ਹਨ ਅਤੇ ਖੁਦ ਵੀ ਉਸ ਧਿਰ ਦੇ ਬਣ ਜਾਂਦੇ ਹਨ । ਡਾ ਗਿੱਲ ਨੂੰ ਦੋਸਤਾਨਾ ਸੰਬੰਧ ਬਣਾਉਣੇ ਵੀ ਆਉਂਦੇ ਇਨਸਾਨ ਹਨ । ਮਨੋ ਵਿਗਿਆਨ ਦੇ ਵਿਦਿਆਰਥੀ ਹੋਣ ਕਾਰਨ ਉਹ ਦੂਜੀ ਧਿਰ ਦੀ ਮਾਨਸਿਕਤਾ ਨੂੰ ਸਹਿਜੇ ਹੀ ਪਛਾਣ ਲੈਂਦੇ ਹਨ । ਅੰਗਰੇਜੀ ਭਾਸ਼ਾ ਦੀ ਉਚੇਰੀ ਸਿੱਖਿਆ ਕਾਰਨ ਉਹਨਾਂ ਨੂੰ ਵੱਖ ਵੱਖ ਦੇਸ਼ਾਂ ਦੇ ਲੋਕਾਂ ਨਾਲ ਗਲਬਾਤ ਕਰਨ ਦੀ ਕੋਈ ਸਮੱਸਿਆ ਨਹੀਂ। ਸ਼ਾਇਦ ਇਸੇ ਕਾਰਨ ਪੰਜਾਬ ਦਾ ਇਹ ਸਪੂਤ ਅਨੇਕਾਂ ਵਿਕਸਤ ਮੁਲਕਾਂ ਦਾ ਰਮਨ ਕਰ ਚੁੱਕਿਆ ਹੈ। ਬਿਨਾਂ ਸ਼ੱਕ ! ਡਾ ਗਿੱਲ ਇਸ ਵੇਲੇ ਵੰਨ ਸਵੰਨੇ ਗਿਆਨ ਦੇ ਵਿਸ਼ਾਲ ਭੰਡਾਰ ਹਨ । ਮੈਂ ਇਸ ਗਿਆਨ ਵਾਨ ,ਵਿਦਵਾਨ ਦੋਸਤ ਦੀ ਦੋਸਤੀ ਉਤੇ ਫਖਰ ਮਹਿਸੂਸ ਕਰਦਾ ਹਾਂ।

ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਸੰਸਾਰੀ

ਕਰਨ, ਪੱਛਮੀ ਕਰਨ, ਬਜਾਰੀ ਕਰਨ, ਅਤੇ ਵਪਾਰੀਕਰਨ ਵਰਗੇ ਅਨੇਕਾਂ ਰੁਝਾਨ ਪੈਦਾ ਹੋਏ ਸਨ। ਇਹਨਾਂ ਰੁਝਾਨਾਂ ਦੇ ਕਾਰਨ ਵਿਕਸਤ ਮੁਲਕਾਂ ਦੇ ਮੁਕਾਬਲੇ ਵਿਕਾਸ ਸ਼ੀਲ ਮੁਲਕਾਂ ਦੇ ਸਭਿਆਚਾਰਕ ਵਰਤਾਰੇ ਦੂਜੈਲੇ ਸਥਾਨ ਤੇ ਚਲੇ ਗਏ ਹਨ। ਸੱਚ ਤਾਂ ਇਹ ਹੈ ਕਿ ਵਰਤਮਾਨ ਸਮੇਂ ਵਿਚ ਵਿਕਾਸ ਸ਼ੀਲ ਮੁਲਕਾਂ ਦੀਆਂ ਉਸਾਰੂ ਕਦਰਾਂ ਕੀਮਤਾਂ ਮਲੀਆਮੇਟ ਹੋ ਗਈਆਂ ਹਨ। ਅਜੋਕੇ ਸਮੇਂ ਵਿਚ ਸਦੀਆਂ ਤੋਂ ਦੱਬੀਆਂ ਕੁੱਚਲੀਆਂ ਸ਼੍ਰੇਣੀਆਂ ਵਿਚ ਖਾਣ ਹੰਡਾਉਣ ਦੀ ਲੋਚਾ ਤਾਂ ਪੈਦਾ ਹੋਈ ਹੈ ਪਰ ਮੁਕਾਬਲਤਨ ਹੱਥੀਂ ਕੰਮ ਕਰਨ ਦਾ ਰੁਝਾਨ ਘੱਟ ਗਿਆ ਹੈ। ਪਦਾਰਥਕ ਲਾਲਸਾਵਾਂ ਵਿਚ ਵਾਧਾ ਹੋਇਆ ਹੈ । ਉਤਪਾਦਨ ਦੇ ਮੁਕਾਬਲੇ ਉਪਭੋਗਤਾ ਦਾ ਰੁਝਾਨ ਵਧੇਰੇ ਹੋਇਆ ਹੈ । ਖਰਚੇ ਵਧੇਰੇ ,ਹਨ, ਆਮਦਨ ਦੇ ਸਾਧਨ ਸੀਮਤ ਹਨ। ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰੀ ਅਤੇ ਬਦ ਦਿਆਨਤਦਾਰੀ ਵਿਚ ਵਾਧਾ ਹੋਇਆ ਹੈ। ਰਾਤੋ ਰਾਤ ਅਮੀਰ ਹੋਣ ਦੀ ਰੁਚੀ ਨੇ ਨੈਤਿਕ ਕਦਰਾਂ ਕੀਮਤਾਂ ਨੂੰ ਤਹਿਸ ਨਹਿਸ ਕਰ ਦਿੱਤਾ। ਰਾਜਨੀਤਕ ਆਗੂ, ਅਫਸਰ ਸ਼ਾਹੀ, ਨਿਆਂ ਪਾਲਿਕਾ ਵਰਗੀਆਂ ਲੋਕ ਪਾਲਕ ਧਿਰਾਂ ਜਨ ਸਮੂਹ ਦੇ ਵਿਕਾਸ ਨਾਲੋਂ ਵਿਨਾਸ਼ ਦਾ ਕਾਰਨ ਵਧੇਰੇ ਬਣਨ ਲੱਗ ਪਈਆਂ। ਸਿੱਖਿਆ ਦੇ ਖੇਤਰ ਵਿਚ ਨਿਘਾਰ ਆਉਣਾ, ਸ਼ੁਰੂ ਹੋ ਗਿਆ। ਪੜਿਆ ਲਿਖਿਆ ਨੌਜਵਾਨ ਬੇਰੁਜ਼ਗਾਰ ਹੋ ਕੇ ਜਾਂ ਤਾਂ ਗੈਂਗਸਟਰ ਜਾਂ ਫੇਰ ਨਸ਼ੇੜੀ ਬਣਨ ਲੱਗ ਪਿਆ। ਦਿਨੋ ਦਿਨ ਪੁਲੀਤ ਹੋ ਰਹੇ ਸਮਾਜਕ, ਆਰਥਿਕ ਅਤੇ ਪ੍ਰਕਿਰਤਕ ਚੌਗਿਰਦੇ ਵਿਚ ਦਮ ਘੁਟਣ ਲੱਗ ਪਿਆ। ਖੇਤੀ ਬਾੜੀ ਘਾਟੇ ਦਾ ਸੌਦਾ ਬਣ ਗਈ। ਨੌਕਰੀ ਦੁਰਲੱਭ ਹੋ ਗਈ। ਅਧਿਆਪਕ ਕੌਮ ਦਾ ਨਿਰਮਾਤਾ ਨਾ ਰਹਿ ਕੇ, ਸਾਧਾਰਨ ਕਾਮਾ ਬਣਾ ਦਿੱਤਾ,। ਗੈਰ ਸਕਾਰਾਰੀ ਸਿੱਖਿਆ ਸੰਸਥਾਵਾਂ ਦੇ ਅਨਪੜ੍ਹ ਪ੍ਰਬੰਧਕ ਤਾਨਾਸ਼ਾਹ ਬਣ ਗਏ। ਸਮਾਜਕ ਅਤੇ ਪ੍ਰਕਿਰਤਕ ਚੌਗਿਰਦਾ ਪੂਰੀ ਤਰਾਂ ਪ੍ਰਦੂਸ਼ਿਤ ਹੋ ਚੁੱਕਿਆ ਹੈ। ਅਜਿਹੀ ਹਾਲਤ ਵਿਚ ਪੀਣ ਦਾ ਪਾਣੀ ,ਖਾਧ ਪਦਾਰਥ, ਰਸਾਇਣਕ ਖਾਦਾਂ ਅਤੇ ਰਸਾਇਣਕ ਦਵਾਈਆਂ ਨੇ ਜੀਵਨ ਸਹਿਜਤਾ ਨਾਲ ਜੀਓਣਾ ਮੁਸ਼ਕਿਲ ਕਰ ਦਿੱਤਾ। ਇਸ ਕਿਸਮ ਦੇ ਅਨੇਕਾਂ ਹੋਰ ਕਾਰਨਾਂ ਨੇ ਪੰਜਾਬ ਦੇ ਲੋਕਾਂ ਵਿਚ ਪ੍ਰਵਾਸ ਦੇ ਰੁਝਾਨ ਵਿਚ ਵਾਧਾ ਕੀਤਾ ਹੈ। ਸੰਭਵ ਹੈ ਕਿ ਅਜਿਹਾ ਕਾਰਨਾਂ ਸੱਦਕਾ ਹੀ ਡਾ ਸੁਰਿੰਦਰ ਸਿੰਘ ਗਿੱਲ ਨੂੰ ਆਪਣੀ ਮਾਣ ਮੱਤੀ ਨੌਕਰੀ ਛੱਡ ਕੇ 2003 ਈਂ ਵਿਚ ਅਮਰੀਕਾ ਦੀ ਧਰਤੀ ਤੇ ਪ੍ਰਵਾਸ ਧਾਰਨ ਕਰਨਾ ਪਿਆ ਹੋਵੇ ।

ਵਰਤਮਾਨ ਸਮੇਂ ਵਿਚ ਪ੍ਰਵਾਸ ਦੇ ਅਨੇਕਾਂ ਕਾਰਨ ਅਤੇ ਅਨੇਕਾਂ ਸਮੱਸਿਆਵਾਂ ਹੋ ਸਕਦੀਆਂ ਹਨ। ਪਰੰਤੂ, ਇਹ ਗਲ ਤਾਂ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਪ੍ਰਵਾਸ ਨਾ" ਵਰ ਹੈ, ਅਤੇ ਨਾ ਹੀ ਸਰਾਪ ਹੈ। ਇਹ ਤਾਂ ਲਗਾਤਾਰ ਬਦਲ ਰਹੀਆਂ ਸਮਾਜਕ, ਆਰਥਿਕ, ਰਾਜਨੀਤਕ ਅਤੇ ਭਾਈਚਾਰਕ ਹਾਲਤਾਂ ਦੀ ਦੇਣ ਹੈ। ਜੀਵਨ ਨੂੰ ਸੁਖਾਵੇਂ ਅਤੇ ਸਵੈਮਾਨ ਨਾਲ ਜਿਉਣ ਦਾ ਇਕ ਯਤਨ ਹੈ। ਪ੍ਰਵਾਸ ਸ਼ੰਘਰਸ਼ ਦਾ ਮਾਰਗ ਹੈ। ਮਿਹਨਤ, ਮਸ਼ੱਕਤ ਕਰ ਕੇ ਸੌਖਾ ਸਾਹ ਲੈਣ ਦਾ ਨਾਮ ਪਰਵਾਸ ਹੈ । ਜਨਮ ਭੂਮੀ ਅਤੇ ਕਰਮ ਭੂਮੀ ਵਿਚਕਾਰ ਇਕ ਸਮਝੌਤਾ ਪ੍ਰਵਾਸ ਹੈ।ਅਸਲ ਵਿਚ ਪ੍ਰਵਾਸ ਓਪਰੀ ਧਰਤੀ ਦਾ ਨਿਵਾਸ ਹੈ। ਪ੍ਰਵਾਸ ਨਾਨਕਾ ਘਰ ਨਹੀਂ ਸਗੋਂ ਪ੍ਰਤੀ ਦੁਵੰਦੀਆਂ ਵਿਚਕਾਰ ਆਪਣੀ ਥਾਂ ਅਤੇ ਪਹਿਚਾਣ ਬਣਾਉਣ ਦਾ ਜੱਦੋ ਜਹਿਦ ਹੈ। ਜਰੂਰੀ ਨਹੀਂ ਕਿ ਪ੍ਰਵਾਸ ਦੌਰਾਨ ਹਰ ਕੋਈ ਬਰਾਬਰ ਦੀ ਸਫਲਤਾ ਪ੍ਰਾਪਤ ਕਰੇ। ਖਾਸ ਕਰ ਨਵੀਂ ਪੀੜੀ ਨੂੰ ਆਪਣੇ ਪੈਰਾਂ ਤੇ ਖਲੋਣ ਲਈ ਵਧੇਰੇ ਯਤਨ ਕਰਨੇ ਪੈ ਰਹੇ ਹਨ। ਪਰੰਤੂ, ਲੱਖਾਂ ਦੁਸ਼ਵਾਰੀਆਂ ਦੇ ਬਾਵਜੂਦ ਵੀ ਪ੍ਰਵਾਸ ਕਰ ਗਿਆ, ਕੋਈ ਪਰਿਵਾਰ ਵਾਪਸ ਪਰਤਣ ਲਈ ਰਾਜੀ ਨਹੀਂ ਹੁੰਦਾ। ਖੱਬਲ ਦੀਆਂ ਤਿੜਾਂ ਵਾਂਗ ਹਰ ਕੋਈ ਆਪਣੀਆਂ ਜੜਾਂ ਉਪਰੀ ਧਰਤੀ ਵਿਚ ਲਗਾਉਣ ਵਿਚ ਸਫਲ ਹੋ ਜਾਂਦਾ ਹੈ। ਸੰਭਵ ਹੈ, ਡਾ ਸੁਰਿੰਦਰ ਸਿੰਘ ਗਿੱਲ ਨੂੰ ਵੀ ਸ਼ੁਰੂ ਵਿਚ ਕੁਝ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੋਵੇ, ਪਰ ਵਰਤਮਾਨ ਸਮੇਂ ਵਿਚ ਉਹਨਾਂ ਨੇ ਆਪਣੀ ਵੱਖਰੀ, ਸਤਿਕਾਰਯੋਗ ਪਹਿਚਾਣ ਬਣਾਉਣ ਵਿਚ ਸਫਲਤਾ



ਪ੍ਰਾਪਤ ਕੀਤੀ ਹੈ।

ਦੇਸ ਤੋਂ ਪ੍ਰਦੇਸ਼ ਪ੍ਰਵਾਸ ਕਰ ਗਏ ਪਰਿਵਾਰ ਜਾਂ ਵਿਆਕਤੀ ਵੱਖ ਵੱਖ ਪੱਧਰਾਂ ਜਾਂ ਖੇਤਰਾਂ ਵਿਚ ਵਿਚਰ ਰਹੇ ਹਨ ।, ਇਹਨਾਂ ਵਿਚ ਬਹੁ ਗਿਣਤੀ ਉਹਨਾਂ ਪਰਵਾਸੀ ਲੋਕਾਂ ਦੀ ਹੈ ਜਿਹੜੇ ਸਿੱਖਿਆ ਪ੍ਰਾਪਤ ਕਰਨ ਦੇ ਮਨੋਰਥ ਨੂੰ ਲੈ ਕੇ ਪ੍ਰਵਾਸ ਕਰਦੇ ਹਨ, ਅਤੇ ਵਧੇਰੇ ਕਰਕੇ ਨੌਕਰੀ ਪੇਸ਼ੇ ਨੂੰ ਤਰਜੀਹ ਦਿੰਦੇ ਹਨ। ਉਹਨਾਂ ਦਾ ਬਹੁਤਾ ਧਿਆਨ ਅੱਗੋਂ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦਿਵਾ ਕੇ ਉਹਨਾਂ ਨੂੰ ਚੰਗੀ ਵਿਕਸਿਤ ਹਾਲਤ ਵਿਚ ਕਰਨ ਵਲ ਵਧੇਰੇ ਹੁੰਦਾ ਹੈ। ਦੂਜੀ ਸ਼੍ਰੇਣੀ ਅਧੀਨ ਉਹ ਪ੍ਰਵਾਸੀ ਵਰਗ ਆਉਂਦਾ ਹੈ, ਜਿਹੜਾ ਨਿੱਜੀ ਕਾਰੋਬਾਰ ਨੂੰ ਅਪਣਾ ਕੇ ਵਧੇਰੇ ਸਰਮਾਇਆ ਅਤੇ ਸੁਖ ਸੁਵਿਧਾਵਾਂ ਪ੍ਰਾਪਤ ਕਰਨ ਦੀ ਲਾਲਸਾ ਰੱਖਦਾ ਹੈ। ਫਾਰਮ ਹਾਊਸ, ਵੇਅਰ ਹਾਊਸ, ਵਰਕਸ਼ਾਪ, ਟਰਾਂਸਪੋਰਟ ਜਾਂ ਕੌਂਸਲਰ ਵਰਗੇ ਖੇਤਰ ਇਸ ਵਰਗ ਦੇ ਮਨ ਪਸੰਦ ਖੇਤਰ ਰਹੇ ਹਨ। ਇਹ ਵਰਗ ਆਪਣੀ ਕਾਰਜ ਕੁਸ਼ਲਤਾ ਕਾਰਨ,ਜਾਂ ਆਪਣੇ ਵਿਸ਼ੇਸ਼ ਕਿਸਮ ਦੇ ਉਤਪਾਦਨ ਕਾਰਨ ਲੋਕ ਸਮੂਹ ਦੇ ਸੀਮਤ ਖੇਤਰ ਤੱਕ ਆਪਣੀ ਪਹਿਚਾਣ ਬਣਾਉਣ ਵਿਚ ਸਫਲ ਵੀ ਰਹਿੰਦਾ ਹੈ। ਪ੍ਰੰਤੂ, ਵੱਖ ਵੱਖ ਦੇਸਾਂ ਦੇ ਜਨ ਸਮੂਹ ਨਾਲ ਇਸ ਵਰਗ ਦਾ ਕੋਈ ਸਰੋਕਾਰ ਨਹੀਂ ਹੁੰਦਾ, ਤੀਜਾ ਵਰਗ ਭਾਵੇਂ ਬਹੁਤ ਘੱਟ ਗਿਣਤੀ ਵਿਚ ਹੁੰਦਾ ਹੈ, ਉਹ ਨਿੱਜੀ ਹਿਤਾਂ ਦੇ ਨਾਲ ਨਾਲ ਜਨ ਸਮੂਹ ਦੇ ਹਿਤਾਂ ਬਾਰੇ ਵੀ ਚਿੰਤਾ ਰੱਖਦਾ ਹੈ। ਮੂਲ ਰੂਪ ਵਿਚ ਲੋਕ ਸੇਵਾ ਇਸ ਵਰਗ ਦਾ ਮਿਸ਼ਨ ਹੁੰਦਾ ਹੈ, "ਆਪਨੇ ਲਿਏ ਜੀਏ ਤੋਂ ਕਿਆ ਜੀਏ ਤੂੰ ਜੀਅ ਐ ਦਿਲ ਜਮਾਨੇ ਕੇ ਲਿਏ।" ਇਸ ਵਰਗ ਦਾ ਜੀਵਨ ਫਲਸਫਾ ਹੁੰਦਾ ਹੈ। ਡਾ ਸੁਰਿੰਦਰ ਸਿੰਘ ਗਿੱਲ ਇਸ ਤੀਜੇ ਵਰਗ ਦੀ ਪ੍ਰਤੀਨਿਧਤਾ ਕਰਦੇ ਹਨ।

ਡਾ ਗਿੱਲ ਨੇ ਸੱਭ ਤੋਂ ਪਹਿਲਾਂ ਅਮਰੀਕੀ ਸਿਖ ਭਾਈ ਚਾਰੇ ਵਿਚ ਆਪਣੀ ਸਾਖ ਬਣਾਈ। ਭਾਈਚਾਰਕ ਸਾਂਝ ਅਤੇ ਸ਼ਕਤੀ ਪ੍ਰਾਪਤ ਕਰਨ ਉਪਰੰਤ ਉਹਨਾਂ ਨੇ ਆਪਣੀ ਸਮਝ , ਤਜਰਬੇ ਅਤੇ ਆਪਣੀ ਸਮਰੱਥਾ ਦਾ ਪ੍ਰਦਰਸ਼ਨ ਕਰਨਾ , ਸ਼ੁਰੂ ਕਰ ਦਿੱਤਾ,। ਜਿਸ ਦੇ ਫਲਸਰੂਪ ਉਹਨਾਂ ਨੂੰ ਪਹਿਲੇ ਸਾਲ ਹੀ ਕੌਮਾਂਤਰੀ ਪੱਧਰ ਦੇ ਸਨਮਾਨ ਪ੍ਰਾਪਤ ਹੋਣ ਲੱਗ ਪਏ। ਉਹਨਾਂ ਵੱਲੋਂ ਪ੍ਰਾਪਤ ਕੀਤਾ ਗਿਆ ਪ੍ਰਥਮ ਪੁਰਸਕਾਰ ਸਤੰਬਰ 27, 2003 Global Indian award in the field of academic.presented by global Indian congress at pagan event 2003 at San Francisco ਸੀ। ਇਸ ਤੋਂ ਬਾਅਦ ਇਹ ਸਿਲਸਿਲਾ ਅੱਜ ਤੱਕ ਜਾਰੀ ਹੈ। ਉਹਨਾਂ ਨੇ ਕੌਮਾਤਰੀ ਪੱਧਰ ਉਤੇ ਮਾਨਵ ਸ਼ਾਂਤੀ ਦੇ ਪ੍ਰਚਾਰ ਪ੍ਰਸਾਰ ਦਾ ਅਜਿਹਾ ਅਨੋਖਾ ਮਾਰਗ ਅਪਣਾਇਆ ਹੈ ਕਿ ਵਿਸ਼ਵ ਦਾ ਬੁੱਧੀ ਜੀਵੀ ਵਰਗ ਉਹਨਾਂ ਦਾ ਪ੍ਰਸੰਸਕ ਬਣ ਗਿਆ ਹੈ। ਇਸ ਕਾਰਜ ਲਈ ਡਾ, ਗਿੱਲ ਨੇ ਵੱਖ ਵੱਖ ਦੇਸਾਂ ਵੱਲੋਂ ਆਯੋਜਿਤ ਵਿਚਾਰ ਚਰਚਾਵਾਂ ਵਿਚ ਸ਼ਮੂਲੀਅਤ ਕਰਕੇ ਆਪਣੇ ਵਿਚਾਰ ਸਾਂਝੇ ਕੀਤੇ ਹਨ ਅਤੇ

ਮਾਨ ਸਨਮਾਨ ਪ੍ਰਾਪਤ ਕੀਤੇ ਹਨ। ਇਹਨਾਂ ਮਾਨ ਸਨਮਾਨਾਂ ਦੀ ਲੰਬੀ ਸੂਚੀ ਹੈ।

ਡਾ ਗਿਲ ਵੱਲੋ ਦੂਜਾ ਵੱਡਾ ਸਨਮਾਨ, Maryland Governor recognised in 2005 for community services ਦੇ ਰੂਪ ਵਿਚ ਪ੍ਰਾਪਤ ਕੀਤਾ ਗਿਆ ਸੀ। ਜਿਵੇਂ ਜਿਵੇ ਸਮਾਂ ਬਦਲਦਾ ਰਿਹਾ, ਡਾ ਗਿੱਲ ਦਾ ਦਾਇਰਾ ਮੋਕਲਾ ਹੁੰਦਾ ਗਿਆ। ਉਹ ਵਿਸ਼ਵ ਪੱਧਰ ਦੀਆਂ ਗੋਸ਼ਟੀਆਂ, ਸੈਮੀਨਾਰਾਂ ਵਿਚ ਸ਼ਮੂਲੀਅਤ ਕਰਦੇ ਗਏ। ਆਪਣੇ ਵਿਸ਼ਾਲ ਤਜਰਬੇ ਅਤੇ ਗਿਆਨ ਦੇ ਜਖੀਰੇ ਨੂੰ ਜਨਤਕ ਕਰਦੇ ਗਏ। ਨੌਜਵਾਨ ਵਰਗ ਪ੍ਰਤੀ ਅਤੇ ਸਭਿਆਚਾਰਕ ਸਰਗਰਮੀਆਂ ਪ੍ਰਤੀ, ਉਹਨਾਂ ਦੀ ਪ੍ਰਤੀਬੱਧਤਾ ਹਮੇਸ਼ਾ ਬਣੀ ਰਹੀ ਹੈ। ਉਹਨਾਂ ਵੱਲੋਂ ਪ੍ਰਾਪਤ ਸਨਮਾਨਾਂ ਦੀ ਸੂਚੀ ਇਸੇ ਕਥਨ ਦੀ ਪੁਸ਼ਟੀ ਕਰਦੇ ਹਨ।

Sant baba Nidhan Singh cultural Society। recognized July 2006 for journalism। Governor Maryland recognized for health। services

>> 1. Sikh cultural society in 2007 recognized for initiative of Kartarpur Corridor project

>> 2.world united guru Nanak Foundation Washington DC best journalist award 2016

>> 3..Pakistan Sikh council 2017 in journalism

>> 4.Baltimore county Muslim council in health affairs 2017

>> 5.Diverse for community services by Baltimore county Democratic state central committee 2018

>> 6.outstanding services for community 2017 by national council of Asian Indian associations

>> 7. Prominent sikhs of USA 2019

>> 8 Ambassador for peace 2020

>> 9 better communicate 2023 by congressman David Trone

>> 10 life time achievement award 2021 Who,s who

>> 11 Best parent award 2023 by universal Peace Federation on international parents day

>> 12 Millanium award 2022

>> 13 Maryland comptroller IRS head recognized with citation 2025

>> 14 Peace award by Punjabi international committee 2022

>> 15. Peace award by Punjabi Korean community in South Korea

>> 16 comptroller Md interfaith services award 2025

>> 17 Best Business connection award 2025 by CEO Clubs network USA

>> 18 Peace award at China by Global Committee of CEO clubs

>> 19. 250th legacy award of America On August 9th at Washington DC

ਇਹ ਗਲ ਤਾਂ ਆਪਣੇ ਆਪ ਵਿਚ ਹੀ ਸ਼ਪੱਸ਼ਟ ਹੈ ਕਿ ਮਾਨ ਸਨਮਾਨ ਦਾ ਸੰਬੰਧ ਜਰੂਰੀ ਨਹੀ ਕਿ ਕਿਸੇ ਕਿਸਮ ਦੇ ਵਿੱਤੀ ਲਾਭ ਨਾਲ ਜੁੜਿਆ ਹੋਵੇ। ਪ੍ਰੰਤੂ, ਮਾਨ ਸਨਮਾਨ ਕਿਸੇ ਮਨੁੱਖ ਦੀ ਕਾਰਗੁਜ਼ਾਰੀ ਦਾ ਜਨਤਕ ਹੁੰਗਾਰਾ ਜਰੂਰ ਹੁੰਦਾ ਹੈ। ਡਾ ਗਿੱਲ ਨੇ ਕੌਮਾਤਰੀ ਪੱਧਰ ਉਤੇ ਭਰਵੇਂ ਰੂਪ ਵਿਚ ਜਨਤਕ ਹੁੰਗਾਰਾ ਪ੍ਰਾਪਤ ਕੀਤਾ ਹੈ। ਆਪਣੇ ਜਰਨਲਿਜਮ ਦੇ ਸ਼ੌਕ ਦੀ ਪੂਰਤੀ ਲਈ ਉਹਨਾਂ ਵੱਲੋਂ ਰੋਜ਼ਾਨਾ ਪੰਜਾਬ ਅਤੇ ਗਗਨ ਦਮਾਮਾ ਵਰਗੇ ਪਰਚੇ ਕੱਢੇ ਜਾ ਰਹੇ ਹਨ। ਉਹਨਾਂ ਵੱਲੋਂ ਰੋਜ਼ਾਨਾ ਪੰਜਾਬ ਨਾਂਮ ਦਾ ਚੈਨਲ ਵੀ ਚਲਾਇਆ ਜਾ ਰਿਹਾ ਹੈ। ਇਹ ਕਾਰਜ ਜਿੱਥੇ ਉਹਨਾਂ ਨੂੰ ਵਿਸ਼ਵ ਪੱਧਰ ਦੀਆਂ ਚਰਚਿਤ ਘਟਨਾਵਾਂ ਨਾਲ ਜੋੜ ਕੇ ਰੱਖਦਾ ਹੈ, ਉਥੇ ਮੋੜਵੇਂ ਰੂਪ ਵਿਚ ਉਹਨਾਂ ਦੀਆਂ ਆਪਣੀਆਂ ਗਤੀਵਿਧੀਆਂ ਦਾ ਨਿਰੰਤਰ ਪ੍ਰਸਾਰਣ ਕਰਨ ਵਿਚ ਸਹਿਯੋਗ ਦੇ ਰਹੇ ਹਨ। ਹਾਲੇ ਡਾ ਗਿੱਲ ਕੋਲੋਂ ਹੋਰ ਵਡੇਰੀਆਂ ਪ੍ਰਾਪਤੀਆਂ ਦੀ ਉਮੀਦ ਹੈ। ਅਕਾਲ ਪੁਰਖ ਪੰਜਾਬ ਦੇ ਇਸ ਅਨਮੋਲ ਰਤਨ ਨੂੰ ਸਦਾ ਸਲਾਮਤ ਰੱਖੇ।

ਬਲਵਿੰਦਰ ਬਾਲਮ

ਬੁੱਲ੍ਹੇ ਸ਼ਾਹ ਅਦਬੀ ਸੰਗਤ ਰਜਿਸਟਰਡ ਕਸੂਰ ਦੀ ਛਤਰ-ਛਾਇਆ ਹੇਠ ਜ਼ਿਲ੍ਹਾ ਪ੍ਰੈਸ ਕਲੱਬ ਕਸੂਰ ਵਿਖੇ ਤੀਜੀ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਅਤੇ ਤਿੰਨ ਕਿਤਾਬਾਂ ਲਾਂਚ ਕੀਤੀਆਂ ਗਈਆਂ।



ਬੁੱਲ੍ਹੇ ਸ਼ਾਹ ਅਦਬੀ ਸੰਗਤ ਰਜਿਸਟਰਡ ਕਸੂਰ ਦੀ ਛਤਰ-ਛਾਇਆ ਹੇਠ ਜ਼ਿਲ੍ਹਾ ਪ੍ਰੈਸ ਕਲੱਬ, ਕਸੂਰ ਵਿਖੇ ਤੀਜੀ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਅਤੇ ਛਪੀਆਂ ਕਿਤਾਬਾਂ ਪੇਸ਼ ਕੀਤੀਆਂ ਜਾਣਗੀਆਂ। ਕਵੀਆਂ, ਲੇਖਕਾਂ ਅਤੇ ਕਵੀਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਤੀਜੀ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਦਾ ਸਿਰਲੇਖ ਕਸੂਰ ਜ਼ਿਲ੍ਹੇ ਦੇ 50 ਸਾਲ ਸੀ। ਬੁੱਲ੍ਹੇ ਸ਼ਾਹ ਅਦਬੀ ਸੰਗਤ ਰਜਿਸਟਰਡ ਕਸੂਰ ਦੇ ਪ੍ਰਧਾਨ ਡਾ. ਮੁਹੰਮਦ ਰਿਆਜ਼ ਅੰਜੁਮ ਨੇ ਕਾਨਫਰੰਸ ਦਾ ਆਯੋਜਨ ਕੀਤਾ। ਉਨ੍ਹਾਂ ਨੇ ਕਸੂਰ ਅਤੇ ਲਾਹੌਰ ਨੂੰ ਜੁੜਵਾਂ ਸ਼ਹਿਰ ਐਲਾਨਣ ਦਾ ਮਤਾ ਪੇਸ਼ ਕੀਤਾ, ਜਿਸਦਾ ਭਾਗੀਦਾਰਾਂ ਨੇ ਜ਼ੋਰਦਾਰ ਸਮਰਥਨ ਕੀਤਾ।

ਕਾਨਫਰੰਸ ਦੀ ਪ੍ਰਧਾਨਗੀ ਸਾਬਕਾ ਡਿਪਟੀ ਕਮਿਸ਼ਨਰ ਅਬਦੁਲ ਗਫੂਰ ਚੌਧਰੀ ਨੇ ਕੀਤੀ ਜਦਕਿ ਵਿਸ਼ੇਸ਼ ਮਹਿਮਾਨਾਂ ਵਿੱਚ ਚੌਧਰੀ ਮਨਜ਼ੂਰ ਅਹਿਮਦ, ਪ੍ਰੋਫੈਸਰ ਡਾ: ਅਰਸ਼ਦ ਇਕਬਾਲ ਅਰਸ਼ਦ, ਡਾ: ਇਰਫਾਨ-ਉਲ-ਹੱਕ, ਡਾ: ਮੁਹੰਮਦ ਅਯੂਬ, ਡਾ: ਅਹਿਸਾਨੁੱਲਾ ਤਾਹਿਰ, ਡਾ: ਮੁਹੰਮਦ ਰਿਆਜ਼ ਸ਼ਾਹਿਦ, ਸਰਦਾਰ ਸ਼ਰੀਫ਼ ਸੋਹਦਲ, ਡਾ: ਮੁਹੰਮਦ ਹਾਫ਼ਿਜ਼ ਸਨ | ਸਮਾਗਮ ਦਾ ਸੰਚਾਲਨ ਸ੍ਰੀ ਸਲੀਮ ਆਫਤਾਬ ਸਲੀਮ ਨੇ ਆਪਣੇ ਖ਼ੂਬਸੂਰਤ ਢੰਗ ਨਾਲ ਕੀਤਾ। ਇਸ ਮੌਕੇ ਸਰਮਦ ਸਰਦਾਰ ਸੋਹਦਲ, ਮੁਹੰਮਦ ਮੁਅਰਾਜ ਅੰਜੁਮ, ਮੁਹੰਮਦ ਅਰਜ਼ਮ ਅੰਜੁਮ, ਮੁਹੰਮਦ ਜ਼ਿਗਮ ਹੁਸੈਨ ਜਾਵੇਦ, ਮੁਹੰਮਦ ਨਦੀਮ, ਐਮ ਨਦੀਮ ਵਕਾਸ, ਸ਼ਰੀਫ ਆਬਿਦ, ਹਾਫਿਜ਼ ਅਲੀ ਅਹਿਮਦ ਸਾਬਿਰ, ਅਬਦੁਲ ਸੱਤਾਰ ਅੰਜੁਮ, ਜ਼ੀਸ਼ਾਨ ਜ਼ਾਹਿਦ, ਮੁਹੰਮਦ ਅਨੀਸ ਭੱਟੀ, ਅਰਸਲਾਨ ਭੱਲਾਟੀ, ਜਮੀਲ ਕਸਤਾ ਖ਼ਾਨ ਬਾਹੂ, ਜਮੀਲ ਕਸਤਾ ਗੁਹੂ, ਮੰਜ਼ੂਦ ਖ਼ਾਨ ਆਦਿ ਹਾਜ਼ਰ ਸਨ। ਫਤਿਆਨਾ, ਰਿਆਸਤ ਅਲੀ ਮੁਜੱਦਾਦੀ, ਅਹਿਮਦ ਫਾਰੂਕ, ਮੇਹਰ ਮੁਹੰਮਦ ਅਮੀਨ, ਜ਼ੁਲਫਿਕਾਰ ਅਲੀ ਸ਼ਾਹ, ਚੌਧਰੀ ਮਜ਼ਹਰ ਹਯਾਤ, ਮੁਹੰਮਦ ਇਸਹਾਕ, ਮੁਹੰਮਦ ਜ਼ੈਨ, ਮੁਹੰਮਦ ਫਾਰੂਕ ਆਲਮ, ਮਲਿਕ ਗੁਲਾਮ ਕਾਦਿਰ ਐਡਵੋਕੇਟ, ਮੁਹੰਮਦ ਆਸਿਫ ਕਸੂਰੀ, ਸਈਅਦ ਅਲੀ ਮੋਹਸਿਨ ਬੁਖਾਰੀ, ਰਫਾਕਤ ਅਲੀ, ਹਦਜਾਜ਼ ਅਹਿਮਦ ਮੁਹੰਮਦ, ਮੁਹੰਮਦ ਮੰਜ਼ੂ ਖਾਨ, ਮੁਹੰਮਦ ਅਲੀ, ਮੁਹੰਮਦ ਅਲੀ ਖਾਨ, ਮੁਹੰਮਦ ਜ਼ੈਨ, ਮੁਹੰਮਦ ਆਸਿਫ ਕਸੂਰੀ ਸ਼ਾਮਲ ਹਨ। ਮੁਰਤਜ਼ਾ, ਅਬੂ ਬਕਰ, ਅਬਦੁੱਲਾ, ਮੁਹੰਮਦ ਅਹਿਸਾਨ, ਰਊਫ਼ ਅਹਿਮਦ ਰਾਊਫ਼ੀ ਕਸੂਰੀ, ਮੁਹੰਮਦ ਜ਼ੀਸ਼ਾਨ, ਸੋਹੇਲ ਅਸ਼ਰਫ਼, ਅਲੀ ਗੋਹਰ ਡੋਗਰ, ਹੁਜ਼ੈਫ਼ਾ ਰਫੀਕ, ਅਬਦੁਲ ਰਹਿਮਾਨ, ਅਸਦ ਅਲੀ, ਮੇਹਰ ਮੁਨੀਬ, ਅਨਸ ਅਹਿਮਦ, ਅਸਦ ਬੰਦਾ, ਮੁਹੰਮਦ ਆਮਿਰ ਨਜ਼ੀਰ, ਨਜ਼ੀਰ, ਨਜ਼ੀਰ ਅਲ-ਰਜ਼ਾਕ ਮੋਹਸਿਨ, ਫੈਸਲ ਨਜ਼ੀਰ ਅਨਮੋਲ, ਮੀਆਂ ਅਕੀਲ ਅਹਿਮਦ, ਮੁਹੰਮਦ ਅਰਸ਼ਦ, ਮੁਹੰਮਦ ਅਸ਼ਰਫ਼, ਕਾਸ਼ਿਫ਼ ਅੰਸਾਰੀ ਐਡਵੋਕੇਟ, ਸੋਸ਼ਲ, ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਦੇ ਮੈਂਬਰ ਅਤੇ ਕਈ ਹੋਰਾਂ ਨੇ ਵੀ ਹਿੱਸਾ ਲਿਆ। ਕਾਨਫਰੰਸ ਵਿੱਚ ਬੋਲਦੇ ਹੋਏ, ਚੌਧਰੀ ਮਨਜ਼ੂਰ ਅਹਿਮਦ ਨੇ ਡਾ. ਰਿਆਜ਼ ਅੰਜੁਮ ਦੀਆਂ ਕਿਤਾਬਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਰਦਾਰ ਸ਼ਰੀਫ ਸੋਹਦਲ ਨੇ ਮੀਆਂ ਖੁਰਸ਼ੀਦ ਮਹਿਮੂਦ ਕਸੂਰੀ ਦੇ ਕਸੂਰ ਲਈ ਵਿਕਾਸ ਪ੍ਰੋਜੈਕਟਾਂ

(ਕਸੂਰ ਨੂੰ ਸੂਈ ਗੈਸ ਦੀ ਸਪਲਾਈ, ਲਾਹੌਰ-ਕਸੂਰ ਸੜਕ ਦੀ ਵਿਵਸਥਾ, ਮੋਬਾਈਲ ਨੈੱਟਵਰਕ ਵਰਕ) ਅਤੇ ਕਈ ਹੋਰ ਪ੍ਰੋਜੈਕਟਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਨੇ ਪਾਸਪੋਰਟ ਦਫਤਰ, ਨਾਦਿਰ ਦਫਤਰ ਅਤੇ ਮਜ਼ਦੂਰਾਂ ਲਈ ਉਨ੍ਹਾਂ ਦੇ ਸ਼ਾਨਦਾਰ ਕੰਮ ਲਈ ਚੌਧਰੀ ਮਨਜ਼ੂਰ ਨੂੰ ਸ਼ਰਧਾਂਜਲੀ ਭੇਟ ਕੀਤੀ। ਵਿਸ਼ੇਸ਼ ਮਹਿਮਾਨਾਂ ਨੂੰ ਰੂਫ਼ ਅਹਿਮਦ ਰੋਫ਼ੀ ਕੀਤੀ ਅਤੇ ਆਪਣੀ ਨਵੀਂ ਕਿਤਾਬ ਵਿੱਚੋਂ ਇੱਕ ਕਵਿਤਾ ਪੜ੍ਹੀ, ਜਿਸਦੀ ਦਰਸ਼ਕਾਂ ਨੇ ਸ਼ਲਾਘਾ ਕੀਤੀ। ਕਾਨਫਰੰਸ ਦੇ ਅੰਤ ਵਿੱਚ, ਬੱਲੇ ਸ਼ਾਹ ਅਦਬੀ ਸੰਗਤ ਰਜਿਸਟਰਡ ਕਸੂਰ ਦੇ ਸਰਪ੍ਰਸਤ ਡਾ. ਅਜ਼ਮਤਉੱਲਾ ਖਾਨ ਅਜ਼ਮਤ ਨੇ ਕਸੂਰ ਜ਼ਿਲ੍ਹੇ ਦੀਆਂ ਸਾਹਿਤਕ ਅਤੇ ਸੱਭਿਆਚਾਰਕ ਪਰੰਪਰਾਵਾਂ ਨੂੰ ਉਤਸ਼ਾਹਿਤ ਕਰਨ ਲਈ ਬੱਲੇ ਸ਼ਾਹ ਅਦਬੀ ਅਬਦੁਲ ਰਜ਼ਾਰ ਖਾਨ, ਮੁਹੰਮਦ ਖਾਨ ਨਾਇਰ ਸੀਨੀਅਰ ਉਪ ਪ੍ਰਧਾਨ, ਡਾ. ਸਈਦ ਫਰਮਾਨ ਅਲੀ ਉਪ ਪ੍ਰਧਾਨ, ਸਲੀਮ ਆਫਤਾਬ ਸਲੀਮ ਸਕੱਤਰ ਜਨਰਲ, ਮੁਹੰਮਦ ਸ਼ਰੀਫ ਆਬਿਦ ਵਿੱਤ ਸਕੱਤਰ, ਹਾਫਿਜ਼ ਅਲੀ ਅਹਿਮਦ ਸਾਬੀਰ ਸਕੱਤਰ ਸੂਚਨਾ ਅਤੇ ਪ੍ਰਸਾਰਣ, ਮੁਹੰਮਦ ਨਦੀਮ ਦਫਤਰ ਸਕੱਤਰ, ਅਲੀ ਇਮਰਾਨ ਨਕਸ਼ਬੰਦੀ ਇੰਚਾਰਜ



ਕਸੂਰੀ ਦੀ ਕਿਤਾਬ ਕਲਾਮ ਮੁਕੱਦਸ ਅਤੇ ਕੈਨਤ ਕੇ ਉਲੂਮ, ਡਾ. ਮੁਹੰਮਦ ਰਿਆਜ਼ ਸ਼ਾਹਿਦ ਦੀ ਹਜ਼ਰਤ ਬੱਲੇ ਸ਼ਾਹ: ਜੀਵਨ, ਵਿਚਾਰ ਅਤੇ ਕਲਾ, ਸਲੀਮ ਆਫਤਾਬ ਸਲੀਮ ਕਸੂਰੀ ਦਾ ਕਾਵਿ ਸੰਗ੍ਰਹਿ ਸੋਲੀ ਅਤੇ ਡਾ. ਰਿਆਜ਼ ਅੰਜੁਮ ਦੀ ਕਿਤਾਬ ਤਾਰੀਖ-ਏ-ਕਸੂਰ ਕੇ ਬਖਰੇ ਓਰਕ, ਭਾਗ 1, ਬੱਲੇ ਸ਼ਾਹ ਅਦਬੀ ਸੰਗਤ ਦੁਆਰਾ ਪ੍ਰਾਪਤ ਹੋਣਗੇ। ਬੁੱਲ੍ਹੇ ਸ਼ਾਹ ਪੁਰਸਕਾਰ ਅਤੇ ਪ੍ਰਸ਼ੰਸਾ ਪੱਤਰ ਭੇਟ ਕੀਤੇ ਗਏ।

ਬੁੱਲ੍ਹੇ ਸ਼ਾਹ ਅਦਬੀ ਸੰਗਤ ਰਜਿਸਟਰਡ ਕਸੂਰ ਦੇ ਜਨਰਲ ਸਕੱਤਰ ਸਲੀਮ ਆਫਤਾਬ ਸਲੀਮ ਨੇ ਵੀ ਕਸੂਰ ਦੇ ਇਤਿਹਾਸ 'ਤੇ ਆਪਣੀ ਕਵਿਤਾ ਪੇਸ਼ ਸੰਗਤ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਅਜਿਹੀਆਂ ਵਿਗਿਆਨਕ ਅਤੇ ਸਾਹਿਤਕ ਗਤੀਵਿਧੀਆਂ ਨੂੰ ਜਾਰੀ ਰੱਖਣ ਦਾ ਦ੍ਰਿੜ ਇਰਾਦਾ ਪ੍ਰਗਟ ਕੀਤਾ।

ਬਾਅਦ ਵਿੱਚ, ਦਰਸ਼ਕਾਂ ਅਤੇ ਬੱਲੇ ਸ਼ਾਹ ਅਦਬੀ ਸੰਗਤ ਰਜਿਸਟਰਡ ਕਸੂਰ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਲਈ ਇੱਕ ਨਿਮਰਤਾਪੂਰਨ ਸਮਾਰੋਹ ਆਯੋਜਿਤ ਕੀਤਾ ਗਿਆ। ਡਾ. ਅਜ਼ਮਤੁੱਲਾ ਖਾਨ ਅਜ਼ਮਤ ਸਰਪ੍ਰਸਤ, ਸ਼ੌਕਤ ਨਕਸ਼ਬੰਦੀ ਚੇਅਰਮੈਨ, ਰਊਫ ਅਹਿਮਦ ਰਊਫੀ ਕਸੂਰੀ ਸੀਨੀਅਰ ਉਪ ਪ੍ਰਧਾਨ, ਮੁਹੰਮਦ ਅਰਸ਼ਦ ਸੀਨੀਅਰ ਉਪ ਪ੍ਰਧਾਨ, ਪ੍ਰਿੰਟ ਮੀਡੀਆ ਅਤੇ ਫੈਜ਼ਲ ਨਜ਼ੀਰ ਅਨਮੋਲ ਸੋਸ਼ਲ ਮੀਡੀਆ ਇੰਚਾਰਜ ਪੰਜਾਬ ਅੰਤਰਰਾਸ਼ਟਰੀ ਕਾਨਫਰੰਸ ਨੇ ਡਾ. ਮੁਹੰਮਦ ਰਿਆਜ਼ ਅੰਜੁਮ, ਪ੍ਰਧਾਨ ਬੁੱਲੇ ਸ਼ਾਹ ਅਦਬੀ ਸੰਗਤ ਰਜਿਸਟਰਡ ਕਸੂਰ ਨੂੰ ਤਿਉਹਾਰ ਦੇ ਸਫਲ ਆਯੋਜਨ 'ਤੇ ਵਧਾਈ ਦਿੱਤੀ।

ਰਿਪੋਰਟ ਅਤੇ ਗੁਰਮੁਖੀ ਲਿਪੀ ਅੰਤਰ

ਸਲੀਮ ਆਫਤਾਬ ਸਲੀਮ ਕਸੂਰੀ

ਪੇਸ਼ਕਸ਼ : ਇਸ਼ਤਿਆਕ ਅਨਸਾਰੀ

ਅਧਿਆਪਕ ਦਿਵਸ ਨੂੰ ਸਮਰਪਿਤ ਅੰਤਰਰਾਸ਼ਟਰੀ ਕਾਵਿ ਮਿਲਣੀ ਵੈਬੀਨਾਰ ਬਹੁਤ ਪ੍ਰਭਾਵਸ਼ਾਲੀ ਤੇ ਯਾਦਗਾਰੀ ਹੋ ਨਿਬੜਿਆ



ਬਰੈਂਪਟਨ , (ਰਮਿੰਦਰ ਵਾਲੀਆ) :- ਰਮਿੰਦਰ ਰੰਮੀ ਜੀ ਫ਼ਾਊਂਡਰ , ਪ੍ਰਧਾਨ ਅਤੇ ਪ੍ਰਬੰਧਕ ਸਾਹਿਤਕ ਸਾਂਝਾਂ ਤੇ ਸਮੁੱਚੀ ਪ੍ਰਬੰਧਕੀ ਟੀਮ ਵੱਲੋਂ " ਅਧਿਆਪਕ ਦਿਵਸ " ਨੂੰ ਸਮਰਪਿਤ ਕਾਵਿ ਮਿਲਣੀ ਦਾ ਆਯੋਜਨ ਕੀਤਾ ਗਿਆ । ਸੁਪ੍ਰਸਿੱਧ ਸ਼ਾਇਰਾ ਤੇ ਮੰਚ ਦੇ ਸਰਪ੍ਰਸਤ ਸੁਰਜੀਤ ਜੀ ਨੇ , ਆਪਣੀ ਸੰਖੇਪਤਾ ਤੇ ਬੌਧਿਕਤਾ ਭਰਪੂਰ ਸ਼ੈਲੀ ਵਿੱਚ ਅਧਿਆਪਕ ਦਿਵਸ ਦੀ ਮਹੱਤਤਾ ਦੱਸਦਿਆ ਸਾਰੀਆ ਸ਼ਾਮਿਲ ਸਖਸੀਅਤਾਂ ਨੂੰ ਜੀ ਆਇਆਂ ਕਿਹਾ। ਰਮਿੰਦਰ ਰੰਮੀ ਨੇ ਹਾਜ਼ਰੀਨ ਮੈਂਬਰਜ਼ ਨੂੰ ਰਸਮੀ ਜੀ ਆਇਆਂ ਇਹ ਕਹਿ ਕੇ ਕਿਹਾ ਕਿ :-

"ਤੁਸੀਂ ਘਰ ਅਸਾਡੇ ਆਏ , ਅਸੀਂ ਫੁੱਲੇ ਨਹੀਂ ਸਮਾਏ ਤੇ ਫਿਰ ਰਮਿੰਦਰ ਰੰਮੀ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਹੋ ਰਹੇ ਪ੍ਰੋਗਰਾਮਾਂ ਦੇ ਬਾਰੇ ਵਿੱਚ ਜਾਣਕਾਰੀ ਸਾਂਝੀ ਕੀਤੀ। ਪ੍ਰੋਗਰਾਮ ਨੂੰ ਸ਼ੁਰੂ ਡਾ. ਬਲਜੀਤ ਕੌਰ ਰਿਆੜ ਜੀ ਨੇ ਖੂਬਸੂਰਤ ਸੁਆਗਤੀ ਸ਼ਬਦਾਂ ਦੇ ਨਾਲ ਆਪਣੀ ਹਾਜ਼ਰੀ ਲਵਾਈ। ਪ੍ਰੋਗਰਾਮ ਦਾ ਆਗਾਜ਼ , ਡਾ. ਅਰਮਨਪਰੀਤ ਜੀ (ਪ੍ਰਿੰਸੀਪਲ)ਨੇ ਅਧਿਆਪਕ ਦੀ ਸ਼ਖ਼ਸੀਅਤ ਬਾਰੇ ਗੀਤ ਗਾ ਕੇ ਸੁਣਾਇਆ । ਪਾਕਿਸਤਾਨ ਤੋਂ ਸ਼ਾਇਰ ਜ਼ਹੀਰ ਉਲ ਹਸਨ ਜ਼ਹੂਰ ਜੀ ਨੇ ਆਪਣੀ ਰਚਨਾ " ਨਾ ਬੋਲਾਂ ਤੇ ਮਰ ਜਾਵਾਗਾਂ" ਜੇ ਬੋਲਾਂ ਤਾਂ ਮਾਰ ਦੇਣਗੇ , ਨਾ ਬੋਲਾਂ ਤਾਂ ਮਰ ਜਾਵਾਂਗਾ। ਕਵਿਤਾ ਬਹੁਤ ਹੀ ਪ੍ਰਭਾਵਸ਼ਾਲੀ ਸੀ। ਖਰੜ ਪੰਜਾਬ ਤੋ ਰੂਪ ਸਾਗਰ ਜੀ ਨੇ ਅੱਖਰ ਸਾਂਝ ਪਵਾਉਣ ਬਾਰੇ ਉਸਤਾਦਾਂ ਨੂੰ ਸਮਰਪਿਤ ਭਾਵਪੂਰਤ ਕਾਵਿ - ਬੋਲ ਸਾਂਝੇ ਕੀਤੇ। ਸੁਰਿੰਦਰ ਸਿੰਘ ਬਟਾਲਾ ਜੀ ਨੇ ਗ਼ਜ਼ਲ ਦੇ ਖੂਬਸੂਰਤ ਸ਼ੇਅਰ ਤੁਰੰਨਮ ਵਿੱਚ ਸੁਣਾ ਕੇ ਹਾਜ਼ਰੀ ਲਵਾਈ। ਨੌਜਵਾਨ ਸ਼ਾਇਰ ਜੈਲੀ ਗੇਰਾ ਜੀ ਨੇ ਆਪਣੀ ਖੂਬਸੂਰਤ ਰਚਨਾ , ਪੰਜਾਬੀਆਂ ਦੇ ਵਿਲੱਖਣ ਗੁਣਾਂ ਨੂੰ ਉਜਾਗਰ ਕਰਦੀ ਰਚਨਾ ,"ਯਾਰ ਪੰਜਾਬੀ " ਸਰੋਤਿਆਂ ਨਾਲ ਸਾਂਝੀ ਕੀਤੀ। ਮਹਿਕ ਪ੍ਰੀਤ ਕੌਰ ਜੋ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਵਿੱਦਿਆ ਪ੍ਰਾਪਤ ਕਰ ਰਹੇ ਹਨ ਨੇ ਆਪਣੀ ਰਚਨਾ,"ਅਧਿਆਪਕ ਦੀ ਅੰਦਰੂਨੀ ਪੁਕਾਰ ਨੂੰ ਚਿਤਰਨ ਕਰਦੀ ,"ਮੇਰੀ ਪੁਕਾਰ" ਰਚਨਾ ਸਾਂਝੀ ਕੀਤੀ ।

ਕੈਲਗਰੀ ਤੋਂ ਸੁਖਮੰਦਰ ਸਿੰਘ ਗਿੱਲ ਜੀ ਨੇ ਗੀਤ ," ਕਵਿਤਾ ਹਾਂ ਤੇਰੇ ਮਨ ਦੀ ਪੜ ਕੇ ਦੇਖ ਮੈਨੂੰ" ਹਾਰਮੋਨੀਅਮ ਨਾਲ ਪੇਸ਼ ਕੀਤੀ ਅਤੇ ਸਾਰਿਆਂ ਤੋਂ ਵਾਹ ਵਾਹ ਖੱਟੀ।

ਮਨਿੰਦਰਜੀਤ ਕੌਰ ਪੂਰਨ ਨੇ ,ਆਪਣੀ ਰਚਨਾ ," ਸਹੇਲੀਆਂ ਦੇ ਨਾਮ" ਸਾਂਝੀ ਕੀਤੀ । ਜਲੰਧਰ ਤੋਂ ਤੇਜ ਮੋਹਨ ਸਿੰਘ ਜੀ ਨੇ,ਬਿਰਹਾ ਭਰਪੂਰ ਰਚਨਾ," ਮੇਰੇ ਅੰਦਰੋ ਪੀੜ ਮਿਲੂਗੀ" ਰਮਨਦੀਪ ਕੌਰ ਮਾਹਲ ਜੀ ਨੇ ਆਪਣੀ ਖੂਬਸੂਰਤ ਰਚਨਾ ਨਾਲ ਹਾਜ਼ਰੀ ਲਵਾਈ। ਡਾ ਰੁਪਿੰਦਰ ਜੀ ਨੇ ਆਪਣੀ ਰਚਨਾ ,"ਆਓ ਜੀ ਆਓ ਸਾਰੇ"ਨਾਲ ਗੁਰੂਆਂ ਦੇ ਰੁਤਬੇ ਨੂੰ ਸਿਜਦਾ ਕੀਤਾ ਜੋ ਕਿ ਸਾਡੀ ਜਿੰਦਗੀ ਨੂੰ ਸ਼ਿੰਗਾਰਦੇ ਹਨ। ਮੁੱਖ ਮਹਿਮਾਨ ਵਿੱਚੋਂ ਡਾ. ਕਰਮਜੀਤ ਕੌਰ ਕਿਸ਼ਾਵਲ ਜੀ ਜੋ ਕਿ ਬਹੁਪੱਖੀ ਪ੍ਰਤਿਭਾ ਹਨ ਨੇ ਨਾਰੀ ਮਨ ਦੇ ਭਾਵਾਂ ਦੀ ਪੇਸ਼ਕਾਰੀ ਕਰਦੀਆਂ ਆਪਣੀ ਰਚਨਾਵਾਂ ਪੇਸ਼ ਕੀਤੀਆਂ। ਉਹਨਾਂ ਅਨੁਸਾਰ ਅਣਵਹੇ ਅੱਥਰੂ ਹੀ ਕਵਿਤਾ ਬਣਦੇ ਹਨ। ਡਾ. ਰੀਵਾ ਦਰਿਆ ਜੀ ਨੇ , ਅਧਿਆਪਕ ਦਿਵਸ ਨੂੰ ਸਮਰਪਿਤ , ਆਪਣੀ ਖੂਬਸੂਰਤ ਰਚਨਾ ਸਾਂਝੀ ਕੀਤੀ । " ਕਵਿਤਾ" ਰਾਹੀਂ ਕਵਿਤਾ ਬਾਰੇ ਆਪਣੇ ਮਨੋਭਾਵ ਸਾਂਝੇ ਕੀਤੇ ਜਿਸਨੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਮੁੱਖ ਮਹਿਮਾਨ , ਵਿਦਵਾਨ ਸ਼ਾਇਰ ਡਾ. ਸੁਹਿੰਦਰਬੀਰ ਜੀ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਮੰਚ ਦਾ ਸ਼ੁਕਰਾਨਾ ਕਰਦਿਆਂ ਆਪਣੇ ਗੁਰੂ ਡਾ. ਹਰਿਭਜਨ ਸਿੰਘ ਜੀ ਬਾਰੇ ਕੁਝ ਸ਼ੇਅਰ ਉਹਨਾਂ ਦੀ ਦਰਵੇਸ਼ੀ ਪ੍ਰਤਿਭਾ ਦੇ ਨਾਂ ਕੀਤੇ।

"ਬਹਾਰਾਂ ਆਉਣੀਆਂ ਮੁੜਕੇ , ਉਡੀਕਾਂ ਪਾਸ ਤੂੰ ਰੱਖੀ

" ਸਮਕਾਲੀ ਹਾਲਾਤਾਂ ਵਿੱਚ ਜਿਉਣ ਦੀ ਆਸ ਦਾ ਸੁਨੇਹਾ ਦਿੰਦੀਆਂ ਖੂਬਸੂਰਤ ਰਚਨਾ ," ਜਿੰਦੇ ਮੇਰੀਏ" ਨੂੰ ਤਰੁੰਨਮ ਵਿੱਚ ਪੇਸ਼ ਕੀਤੇ ਜਿਸਨੇ ਸਰੋਤਿਆਂ ਨੂੰ ਕੀਲ ਲਿਆ। ਸ੍ਰੀ ਅਜੈਬ ਸਿੰਘ ਚੱਠਾ ਜੀ ਨੇ ਡਾ. ਸੁਹਿੰਦਰਬੀਰ ਸਿੰਘ ਜੀ ਦੀ ਸ਼ਲਾਘਾ ਕੀਤੀ । ਪਿਆਰਾ ਸਿੰਘ ਕੁੱਦੋਵਾਲ ਜੀ ਨੇ ਸਾਰੇ ਸ਼ਾਇਰਾਂ ਦਾ ਧੰਨਵਾਦ ਕਰਦਿਆਂ ਬਹੁਤ ਹਾਂ ਵਿਸ਼ਲੇਸ਼ਣਾਤਮਕ ਅੰਦਾਜ਼ ਵਿਚ ਸਮੁੱਚੀ ਪੇਸ਼ਕਾਰੀ ਦਾ ਸੰਖੇਪ ਸਾਰ ਕੀਤਾ । ਉਹਨਾਂ ਡਾ. ਕੰਵੇ ਤੇ ਅਜੈਬ ਸਿੰਘ ਚੱਠਾ ਜੀ ਦਾ ਵਿਸ਼ੇਸ਼ ਧੰਨਵਾਦ ਕੀਤਾ। ਪ੍ਰੋਗਰਾਮ ਦੇ ਸੁਚੱਜੇ ਸੰਚਾਲਨ ਲਈ ਸੁਰਜੀਤ ਜੀ ਦਾ ਅਤੇ ਪ੍ਰੋਗਰਾਮ ਦੀ ਆਯੋਜਿਕਾ ਰਮਿੰਦਰ ਜੀ ਤੇ ਪੂਰੇ ਪਰਿਵਾਰ ਦੀ ਸ਼ਲਾਘਾ ਕੀਤੀ। ਉਹਨਾਂ ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰਨ ਵਾਲੀ ਹਰ ਸ਼ਖ਼ਸੀਅਤ ਅਤੇ ਪਰਬੰਧਕੀ ਮੈਂਬਰਾਂ ਦਾ ਜ਼ਿਕਰ ਕੀਤਾ ਜੋ ਪ੍ਰੋਗਰਾਮ ਦੀ ਸਫਲਤਾ ਲਈ ਸਹਿਯੋਗ ਦਿੰਦੇ ਹਨ। ਸਮੁੱਚੇ ਰੂਪ ਵਿਚ ਇਹ ਕਾਵਿ ਮਿਲਣੀ ਅਧਿਆਪਕ ਦਿਵਸ ਵਿਚ ਗੁਰੂਆਂ ਨੂੰ ਸਿਜਦਾ ਕਰਦੀ ਪ੍ਰਭਾਵ ਸਾਲ਼ੀ ਹੋ ਨਿੱਬੜੀ । ਪ੍ਰੋਗਰਾਮ ਦਾ ਸੰਚਾਲਨ ਸੁਰਜੀਤ ਜੀ ਨੇ ਬਾਖੂਬੀ ਕੀਤਾ। ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ ਸਾਰਿਆਂ ਨੇ ਰਮਿੰਦਰ ਰੰਮੀ ਜੀ ਦਾ ਧੰਨਵਾਦ ਕੀਤਾ। ਰਿੰਟੂ ਭਾਟੀਆ ,ਡਾ . ਅਮਰ ਜੋਤੀ ਮਾਂਗਟ , ਡਾ .ਰਾਜਬੀਰ ਕੌਰ ਗਰੇਵਾਲ , ,ਡਾ . ਪੁਸ਼ਵਿੰਦਰ ਕੌਰ ਖੋਖਰ ਜੀ , ਸਤਬੀਰ ਸਿੰਘ , ਡਾ . ਅਮਰਜੀਤ ਕੌਂਕੇ , ਹਰਭਜਨ ਕੌਰ ਗਿੱਲ , ਪਰਮਜੀਤ ਦਿਓਲ , ਡਾ . ਸਤਿੰਦਰ ਕੌਰ ਕਾਹਲੋਂ , ਗੁਰਦਾਸ ਸਿੰਘ , ਜਗਦੀਪ ਮਾਂਗਟ ਅਤੇ ਦੇਸ਼ਾਂ ਵਿਦੇਸ਼ਾਂ ਤੋਂ ਹੋਰ ਬਹੁਤ ਨਾਮਵਰ ਸ਼ਖ਼ਸੀਅਤਾਂ ਨੇ ਇਸ ਵੈਬੀਨਾਰ ਵਿੱਚ ਸ਼ਿਰਕਤ ਕੀਤੀ । ਅਨੇਕਾਂ ਸਰੋਤਿਆ ਨੇ ਕਾਵਿ ਮਿਲਣੀ ਦਾ ਅਨੰਦ ਮਾਣਿਆ।

ਰਮਿੰਦਰ ਰੰਮੀ

ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਦਾ ਸਥਾਨ : ਸ਼੍ਰੀ ਦਮਦਮਾ ਸਾਹਿਬ

ਦਮਦਮਾ ਸਾਹਿਬ, ਜੋ ਕਿ ਇਤਿਹਾਸਕ ਕਸਬੇ ਤਲਵੰਡੀ ਸਾਬੋ ਦਾ ਹੀ ਦੂਜਾ ਨਾਂ ਹੈ, ਅਧਿਆਤਮਕ, ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਮਹੱਤਤਾ ਦਾ ਧਾਰਨੀ ਹੈ। ਇਸ ਨੂੰ 'ਗੁਰੂ ਕੀ ਕਾਸ਼ੀ' ਵਜੋਂ ਵੀ ਜਾਣਿਆ ਜਾਂਦਾ ਹੈ। ਸਿੱਖ ਪੰਥ ਦੇ ਚੌਥੇ ਤਖਤ ਵਜੋਂ ਮਾਨਤਾ ਪ੍ਰਾਪਤ ਇਸ ਧਰਮੱਗ ਧਰਤੀ ਤੇ ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਰਨ ਪਾਏ।

'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਵਿੱਚ ਅੰਕਿਤ ਹੈ ਕਿ ਇੱਕ ਵਾਰ ਸੰਗਤਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਬੇਨਤੀ ਕੀਤੀ, "ਹਜ਼ੂਰ, ਆਪਨੇ ਪਹਿਲੇ ਸਤਿਗੁਰਾਂ ਵਾਂਗ ਗੁਰਬਾਣੀ ਦਾ ਉਚਾਰਨ ਕਿਉਂ ਨਹੀਂ ਕੀਤਾ?" ਤਾਂ ਗੁਰੂਦੇਵ ਨੇ ਅੰਤਰ-ਧਿਆਨ ਹੋ ਕੇ ਫ਼ਰਮਾਇਆ, "ਅਸੀਂ ਦਸਵੇਂ ਜਾਮੇ ਵਿੱਚ ਤਲਵੰਡੀ ਸਾਬੋ ਵਿਖੇ ਸ੍ਰੀ ਦਮਦਮਾ ਸਾਹਿਬ ਪ੍ਰਗਟ ਕਰਕੇ 'ਗੁਰੂ ਕੀ ਕਾਸ਼ੀ' ਦੀ ਸਥਾਪਨਾ ਕਰਾਂਗੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕ ਬੀੜ ਲਿਖਾਂਗੇ" :

ਸੁਣ ਕੇ ਹਮ ਤਾਹਿ ਕੇ ਬੈਨਨ ਕੋ,
ਦਮਦਮਾ ਸੁ ਮਾਲਵੇ ਬੀਚ ਸੁਧਾਰੋ।
ਢਿਗ ਤਾਹਿ ਤਲਵੰਡੀ ਕੇ ਕਾਸ਼ੀ ਰਚੋਂ
ਜਹਿ ਬੈਲ ਪਢੇ ਹੋਏ ਬੁਧ ਉਦਾਰੋ।
ਗ੍ਰੰਥ ਉਚਾਰ ਕਰੋਂ ਤਹਾਂ ਬੈਠ ਕੇ,
ਬੀੜ ਸੋਊ ਜਗ ਮਾਹਿ ਬਿਥਾਰੋ।
ਅਖਰ ਏਕ ਕਾ ਭੇਦ ਧਰੋ ਨਹਿ,
ਮਮ ਦਾਸ ਗੁਰੂ ਸਮਰਥ ਬਿਚਾਰੋ।

ਜਗਤ-ਗੁਰੂ ਬਾਬਾ ਨਾਨਕ ਪਹਿਲੀ ਉਦਾਸੀ ਸਮੇਂ 1515 ਈ. ਵਿਚ ਸਰਸੇ ਤੋਂ ਸੁਲਤਾਨਪੁਰ ਜਾਂਦੇ ਹੋਏ ਇਥੇ ਬਿਰਾਜੇ ਸਨ; 159 ਸਾਲ ਪਿੱਛੋਂ 1674 ਈ. ਵਿੱਚ ਗੁਰੂ ਤੇਗ ਬਹਾਦਰ ਜੀ ਨੇ ਇੱਥੇ ਗੁਰੂਸਰ ਸਰੋਵਰ ਦਾ ਟੱਕ ਲਾਇਆ ਅਤੇ ਪੰਜ ਦੁਸ਼ਾਲੇ ਮਿੱਟੀ ਦੇ ਭਰ ਕੇ ਕੱਢੇ; 31 ਸਾਲਾਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ 1705 ਈ. ਵਿੱਚ ਜੰਗਾਂ-ਯੁੱਧਾਂ ਪਿੱਛੋਂ ਇਸ ਅਸਥਾਨ ਤੇ ਇੱਕ ਉੱਚੀ ਥੇੜੀ ਤੇ ਆ ਕੇ ਦਮ ਲਿਆ ਅਤੇ ਕਮਰਕੱਸਾ ਖੋਲ੍ਹਿਆ। ਇਸ ਅਸਥਾਨ ਤੋਂ ਸਿੱਖ ਸੰਗਤਾਂ ਦੇ ਨਾਂ ਹੁਕਮਨਾਮੇ ਜਾਰੀ ਕੀਤੇ ਅਤੇ 1706 ਈ. ਦੀ ਵਿਸਾਖੀ ਤੇ ਕਰੀਬ ਸਵਾ ਲੱਖ ਲੋਕਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕੀਤੀ।

ਇਸ ਇਲਾਕੇ ਦਾ ਚੌਧਰੀ ਉਨ੍ਹੀਂ ਦਿਨੀਂ ਭਾਈ ਡੱਲਾ ਹੁੰਦਾ ਸੀ, ਜੋ ਦਸਮੇਸ਼ ਪਿਤਾ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਪਿੱਛੋਂ ਡਲ ਸਿੰਘ ਵਜੋਂ ਜਾਣਿਆ ਗਿਆ। ਇਹ ਨਗਰ ਫਿਲਹਾਲ ਰੇਲਵੇ ਨਾਲ ਨਹੀਂ ਜੁੜਿਆ ਅਤੇ ਬਠਿੰਡਾ-ਰਾਮਾ ਸੜਕ ਉੱਤੇ ਬਠਿੰਡਾ ਤੋਂ 28 ਕਿ.ਮੀ. ਅਤੇ ਰਾਮਾ ਤੋਂ 13 ਕਿ.ਮੀ. ਦੂਰੀ ਤੇ ਸਥਿਤ ਹੈ।

ਇਸ ਪਵਿੱਤਰ ਸਰਜ਼ਮੀਨ ਉੱਤੇ ਗੁਰੂ ਗੋਬਿੰਦ ਸਿੰਘ ਜੀ ਨੇ ਕਰੀਬ ਸਵਾ ਸਾਲ ਬਿਸਰਾਮ ਕੀਤਾ ਅਤੇ 1706 ਈ. ਵਿੱਚ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕ ਤੇ ਸੰਪੂਰਨ ਬੀੜ ਤਿਆਰ ਕਰਵਾਈ। ਇਸ ਬੀੜ ਨੂੰ ਗੁਰੂ ਸਾਹਿਬ ਨੇ ਆਪਣੀ ਅਧਿਆਤਮਕ ਸ਼ਕਤੀ ਦੁਆਰਾ ਭਾਈ ਮਨੀ ਸਿੰਘ ਦੇ ਹੱਥੋਂ ਲਿਖਵਾਇਆ, ਜਿਸ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਤੇ ਰਾਗ ਜੈਜਾਵੰਤੀ ਸ਼ਾਮਿਲ ਕਰਕੇ ਇਸ ਨੂੰ ਸੰਪੂਰਨਤਾ ਪ੍ਰਦਾਨ ਕੀਤੀ। ਇਸੇ ਬੀੜ ਨੂੰ 'ਦਮਦਮੀ ਬੀੜ' ਵਜੋਂ ਜਾਣਿਆ ਜਾਂਦਾ ਹੈ। 'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਬਾਰੇ ਇਉਂ ਅੰਕਿਤ ਕੀਤਾ ਹੈ :

ਅਬ ਦਰਬਾਰ ਦਮਦਮਾ ਜਹਾਂ।
ਤੰਬੂ ਲਗਵਾ ਕੈ ਗੁਰ ਤਹਾਂ।
ਮਨੀ ਸਿੰਘ ਕੋ ਲਿਖਨ ਬਠੈ ਕੈ।
ਗੁਰੂ ਨਾਨਕ ਕਾ ਧਿਆਨ ਧਰੈ ਕੈ
ਨਿਤਪ੍ਰਤਿ ਗੁਰੂ ਉਚਾਰੀ ਜੈਸੇ।
ਬਾਣੀ ਲਿਖੀ ਮਨੀ ਸਿੰਘ ਤੈਸੇ।
ਬੀੜ ਆਦਿ ਗੁਰ ਗ੍ਰੰਥੈ ਜੇਹੀ।
ਕਰੀ ਦਸਮ ਗੁਰ ਤਿਆਰ ਉਜੇਹੀ।

'ਸਾਹਿਤਯਸ਼ਾਸਤਰੀ' (ਮਰਹੂਮ) ਗਿਆਨੀ ਬਲਵੰਤ ਸਿੰਘ ਕੋਠਾਗੁਰੂ (1933-2019) ਮੁਤਾਬਕ ਇਹ ਬੀੜ ਵੈਸਾਖੀ ਵਾਲੇ ਦਿਨ (1763 ਬਿਕਰਮੀ ਵਿੱਚ) ਲਿਖਣੀ ਆਰੰਭ ਕੀਤੀ ਅਤੇ ਭਾਦਰੋਂ ਵਦੀ ਤੀਜ ਨੂੰ ਸੰਪੂਰਨ ਹੋਈ। ਦਮਦਮੀ ਬੀੜ ਦੀ ਲਿਖਾਈ ਬਾਰੇ ਉਨ੍ਹਾਂ ਨੇ 1736 ਈ. ਵਿਚ ਲਿਖੀ 'ਦੌਰਾ ਸਾਖੀ' ਵਿੱਚੋਂ ਵੀ ਮਹੱਤਵਪੂਰਣ ਹਵਾਲੇ ਦਿੱਤੇ ਹਨ। ਇਸਦੀ ਪੁਸ਼ਟੀ ਗਿਆਨੀ ਗਿਆਨ ਸਿੰਘ ਨੇ ਇਨ੍ਹਾਂ ਪੰਕਤੀਆਂ ਵਿੱਚ ਕੀਤੀ ਹੈ:

ਅਉਰ ਚਾਰ ਤਿਸ ਪ੍ਰਤੇ ਭਾਏ।
ਦੀਪ ਸਿੰਘ ਸ਼ਹੀਦ ਲਿਖਾਏ।
ਇੱਕ ਅਕਾਲ ਬੁੰਗੇ ਇੱਕ ਪਟਨੇ।
ਤਿਰਤੀ ਹਜ਼ੂਰ ਦਿਯੋ ਹਿੱਤ ਪਢਨੇ।



ਚਤਰਥ ਰਾਖਯੋ ਦਮਦਮੇ ਮਾਹਿ।

ਬਢ ਬਾਬੇ ਯਹਿ ਚਾਰ ਕਹਾਇ।

ਅਰਥਾਤ ਕਲਗੀਧਰ ਪਿਤਾ ਦੇ ਹੁਕਮ ਤੇ ਬਾਬਾ ਦੀਪ ਸਿੰਘ ਨੇ ਇਸ ਬੀੜ ਦੇ ਚਾਰ ਉਤਾਰੇ ਕੀਤੇ, ਜੋ ਕ੍ਰਮਵਾਰ ਅਕਾਲ ਤਖ਼ਤ ਅੰਮ੍ਰਿਤਸਰ, ਪਟਨਾ ਸਾਹਿਬ, ਹਜ਼ੂਰ ਸਾਹਿਬ ਅਤੇ ਦਮਦਮਾ ਸਾਹਿਬ ਵਿੱਚ ਰੱਖੇ ਗਏ। ਪਿੱਛੋਂ ਬਾਬਾ ਦੀਪ ਸਿੰਘ ਨੇ ਹਿੰਦੀ, ਮਰਾਠੀ, ਉਰਦੂ, ਫ਼ਾਰਸੀ ਤੇ ਅਰਬੀ ਵਿੱਚ ਵੀ ਇਸ ਦਾ ਅਨੁਵਾਦ ਕੀਤਾ।

ਦਮਦਮਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਲੇਖਨ ਬਾਰੇ ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਅੰਮ੍ਰਿਤ ਵੇਲੇ ਇਸ ਦੀ ਲਿਖਾਈ ਹੁੰਦੀ ਸੀ ਅਤੇ ਸ਼ਾਮ ਨੂੰ ਲਿਖੀ ਬਾਣੀ ਦੀ ਕਥਾ ਕੀਤੀ ਜਾਂਦੀ ਸੀ। ਦਸਮੇਸ਼ ਪਿਤਾ ਖੁਦ ਕਥਾ ਕਰਿਆ ਕਰਦੇ ਸਨ। ਜਿਨ੍ਹਾਂ ਗੁਰਮੁਖਾਂ ਨੇ ਆਦਿ ਤੋਂ ਅੰਤ ਤੱਕ ਕਥਾ ਸ੍ਰਵਣ ਕੀਤੀ, ਉਨ੍ਹਾਂ ਨੂੰ ਬ੍ਰਹਮ- ਗਿਆਨੀ ਦੀ ਪਦਵੀ ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਬ੍ਰਹਮ ਗਿਆਨੀਆਂ ਵਿੱਚ 48 ਗੁਰਮੁਖ ਸਨ: ਭਾਈ ਮਨੀ ਸਿੰਘ ਸ਼ਹੀਦ, ਬਾਬਾ ਦੀਪ ਸਿੰਘ ਸ਼ਹੀਦ, ਬਾਬਾ ਰਾਮ ਸਿੰਘ ਕੁਇਰ, ਬਾਬਾ ਕਾਹਨ ਸਿੰਘ, ਬਾਬਾ ਬਿਨੋਦ ਸਿੰਘ, ਬਾਬਾ ਗੁਰਮੁਖ ਸਿੰਘ ਸ਼ਹੀਦ, ਬਾਬਾ ਦਾਨ ਸਿੰਘ, ਭਾਈ ਧਰਮ ਸਿੰਘ, ਭਾਈ ਪਰਮ ਸਿੰਘ, ਭਾਈ ਸ਼ਮੀਰ ਸਿੰਘ, ਭਾਈ ਨੰਦ ਲਾਲ, ਭਾਈ ਧੰਨਾ ਸਿੰਘ, ਭਾਈ ਦਇਆ ਸਿੰਘ, ਭਾਈ ਜੀਵਾ ਸਿੰਘ, ਭਾਈ ਪਿਆਰਾ ਸਿੰਘ, ਭਾਈ ਬੀਰ ਸਿੰਘ, ਭਾਈ ਧੀਰ ਸਿੰਘ, ਭਾਈ ਸੁੰਦਰ ਸਿੰਘ, ਭਾਈ ਅਮਰ ਸਿੰਘ, ਭਾਈ ਤਾਰਾ ਸਿੰਘ, ਭਾਈ ਜਗਜੀਵਨ ਸਿੰਘ, ਭਾਈ ਗੋਪਾਲ ਸਿੰਘ, ਭਾਈ ਗਿਆਨ ਸਿੰਘ, ਭਾਈ ਬਿਸੰਭਰ ਸਿੰਘ, ਭਾਈ ਹਰਗੋਪਾਲ ਸਿੰਘ, ਭਾਈ ਮਾਨ ਸਿੰਘ, ਭਾਈ ਰਾਏ ਸਿੰਘ, ਭਾਈ ਮੱਖਣ ਸਿੰਘ, ਭਾਈ ਮਦਨ ਸਿੰਘ, ਭਾਈ ਧਰਮ ਸਿੰਘ, ਭਾਈ ਸੁਜਾਨ ਸਿੰਘ, ਭਾਈ ਜੀਵਨ ਸਿੰਘ, ਭਾਈ ਅਕਾਲ ਸਿੰਘ, ਭਾਈ ਪ੍ਰਿਤਪਾਲ ਸਿੰਘ, ਭਾਈ ਦਿਆਲ ਸਿੰਘ, ਭਾਈ ਬਖਤਾਵਰ ਸਿੰਘ, ਭਾਈ ਦੇਵਾ ਸਿੰਘ, ਭਾਈ ਮੇਵਾ ਸਿੰਘ, ਭਾਈ ਗਿਆਨ ਸਿੰਘ, ਭਾਈ ਅਚਲ ਸਿੰਘ, ਰਾਜਾ ਜੈ ਸਿੰਘ, ਰਾਜਾ ਬਿਸ਼ਨ ਸਿੰਘ, ਭਾਈ ਭਾਗ ਸਿੰਘ, ਭਾਈ ਵਸਾਵਾ ਸਿੰਘ, ਭਾਈ ਘਣੀਆ ਸਿੰਘ, ਭਾਈ ਰਾਮ ਸਿੰਘ, ਭਾਈ ਤਰਲੋਕ ਸਿੰਘ ਅਤੇ ਭਾਈ ਮਲਾਗਰ ਸਿੰਘ। ਇਨ੍ਹਾਂ ਗੁਰਸਿੱਖਾਂ ਬਾਰੇ ਗਿਆਨੀ ਗੁਰਬਚਨ ਸਿੰਘ ਭਿੰਡਰਾਂ ਨੇ 'ਗੁਰਮੁਖ ਪ੍ਰਕਾਸ਼' ਵਿੱਚ ਅੰਕਿਤ ਕੀਤਾ ਹੈ:

ਤਖਤ ਦਮਦਮੇ ਸੋਂ ਪੜ੍ਹੇ ਅਠਤਾਲੀ ਸਿੰਘ ਰਾਸ।

ਅਰਥ ਸੰਪਦਾ ਪਾਠ ਕੀ ਚਲੀ ਤਬੀ ਤੇ ਖਾਸ।

ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਪਿੱਛੋਂ ਗੁਰੂ ਜੀ ਨੇ ਬਚੀਆਂ ਹੋਈਆਂ ਕਲਮਾਂ ਅਤੇ ਸਿਆਹੀ ਆਦਿ ਹੋਰ ਸਮੱਗਰੀ ਲਿਖਣਸਰ ਦੇ ਟੋਭੇ ਵਿੱਚ ਪ੍ਰਵਾਹਿਤ ਕਰਕੇ ਇਸ ਧਰਤੀ ਨੂੰ 'ਗੁਰੂ ਕੀ ਕਾਸ਼ੀ' ਹੋਣ ਦਾ ਵਰਦਾਨ ਦਿੰਦਿਆਂ ਫ਼ੁਰਮਾਇਆ ਸੀ:

ਇਹ ਹੈ ਪ੍ਰਗਟ ਹਮਾਰੀ ਕਾਸ਼ੀ।

ਪੜ੍ਹ ਹੈਂ ਈਹਾਂ ਢੋਰ ਮਤ ਰਾਸੀ।

ਲੇਖਕ ਗੁਨੀ ਕਵਿੰਦ ਗਿਆਨੀ।

ਬੁਧਿਸਿੰਧੁ ਹ੍ਵੈ ਹੈਂ ਇਤਿਆਨੀ।

ਤਿਨ ਕੇ ਕਾਰਨ ਕਲਮ ਗਢ,

ਦੇਤ ਪ੍ਰਗਟ ਹਮ ਡਾਰ।

ਸਿਖ ਸਖਾ ਸਭ ਪੜੈਂਗੇ,

ਹਮਰੇ ਕਈ ਹਜ਼ਾਰ।

ਚੌਧਰੀ ਡੱਲੇ ਦਾ ਮਾਣ ਤੋੜਨ ਲਈ ਗੁਰੂ ਜੀ ਨੇ ਲਾਹੌਰ ਵਾਸੀ ਭਾਈ ਉਦੈ ਸਿੰਘ ਵੱਲੋਂ ਭੇਟ ਕੀਤੀ ਬੰਦੂਕ ਦੀ ਪਰਖ ਕਰਨ ਲਈ ਉਸਨੂੰ ਆਪਣੇ ਬਰਾੜ ਯੋਧੇ ਭੇਜਣ ਲਈ ਕਿਹਾ। ਪਰ ਡੱਲੇ ਦੇ ਸੈਨਿਕ ਅਣਿਆਈ ਮੌਤ ਮਰਨ ਤੋਂ ਕੋਰਾ ਜਵਾਬ ਦੇ ਗਏ। ਗੁਰੂ ਜੀ ਦਾ ਹੁਕਮ ਮੰਨ ਕੇ ਪਿਓ-ਪੁੱਤਰ ਬਾਬਾ ਬੀਰ ਸਿੰਘ ਤੇ ਬਾਬਾ ਧੀਰ ਸਿੰਘ ਨੇ ਖੁਦ ਨੂੰ ਗੁਰੂ ਜੀ ਦੇ ਸਨਮੁਖ ਪੇਸ਼ ਕੀਤਾ। ਇਨ੍ਹਾਂ ਮਰਜੀਵੜਿਆਂ ਦੀ ਯਾਦ ਵਿੱਚ ਇੱਥੇ ਇੱਕ ਗੁਰਦੁਆਰਾ ਮੌਜੂਦ ਹੈ।

ਗੁਰੂ ਜੀ ਦੇ ਦਰਬਾਰ ਵਿੱਚ ਇੱਥੇ ਦਿੱਲੀ ਤੋਂ ਮਾਤਾਵਾਂ (ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ) ਭਾਈ ਮਨੀ ਸਿੰਘ ਸਮੇਤ ਪਹੁੰਚੀਆਂ, ਤਾਂ ਉਨ੍ਹਾਂ ਨੂੰ ਆਪਣੇ ਸਾਹਿਬਜ਼ਾਦੇ ਨਜ਼ਰ ਨਾ ਆਏ। ਗੁਰੂ ਜੀ ਤੋਂ ਪੁੱਛਣ ਤੇ ਦਸਮੇਸ਼ ਪਿਤਾ ਨੇ ਭਰੇ ਦਰਬਾਰ ਵੱਲ ਸੰਕੇਤ ਕਰਕੇ ਫ਼ਰਮਾਇਆ:

ਇਨ ਪੁਤਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ।

ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ।

ਉਸ ਯਾਦਗਾਰ ਦਾ ਪ੍ਰਤੀਕ ਇੱਕ ਗੁਰਦੁਆਰਾ (ਜੋ ਮਾਤਾਵਾਂ ਦੇ ਨਾਂ ਤੇ ਹੈ) ਇੱਥੇ ਸੁਭਾਇਮਾਨ ਹੈ।

ਗੁਰਦੁਆਰਾ ਜੰਡਸਰ ਸਾਹਿਬ ਉਹ ਸਥਾਨ ਹੈ, ਜਿੱਥੇ ਗੁਰੂ ਜੀ ਨੇ ਜੰਡ ਨਾਲ ਘੋੜਾ ਬੰਨ੍ਹ ਕੇ ਆਪਣੇ ਸੈਨਿਕਾਂ ਨੂੰ ਗੁਪਤ ਖਜ਼ਾਨਾ ਕੱਢ ਕੇ ਤਨਖਾਹਾਂ ਵੰਡੀਆਂ ਸਨ। ਗੁਰਦੁਆਰਾ ਮਹੱਲਸਰ ਵਿਖੇ ਗੁਰੂ ਜੀ ਨੇ ਬੀਰ- ਰਸ ਦਾ ਪ੍ਰਤੀਕ ਮਹੱਲਾ ਖੇਡਿਆ ਸੀ।

ਤਖ਼ਤ ਸਾਹਿਬ ਦੇ ਪਹਿਲੇ ਜਥੇਦਾਰ ਬਾਬਾ ਦੀਪ ਸਿੰਘ ਨਾਲ ਸਬੰਧਤ ਤਿੰਨ ਸਥਾਨ ਇੱਥੇ ਮੌਜੂਦ ਹਨ, ਜਿਨ੍ਹਾਂ ਵਿੱਚ ਭੋਰਾ ਸਾਹਿਬ, ਬੁਰਜ ਅਤੇ ਖੂਹ ਸ਼ਾਮਲ ਹਨ।

ਤਖ਼ਤ ਸਾਹਿਬ ਵਿਖੇ ਜੋ ਇਤਿਹਾਸਕ ਨਿਸ਼ਾਨੀਆਂ ਮੌਜੂਦ ਹਨ, ਉਨ੍ਹਾਂ ਵਿੱਚ ਇਤਿਹਾਸਕ ਬੰਦੂਕ, ਅਬਰੇ ਰਹਿਮਤ ਬਾਰ ਸ਼ੀਸ਼ਾ, ਤੇਗਾ ਬਾਬਾ ਦੀਪ ਸਿੰਘ, ਮੋਹਰ ਤਖਤ ਸਾਹਿਬ ਅਤੇ ਕ੍ਰਿਪਾਨ ਗੁਰੂ ਸਾਹਿਬ ਸ਼ਾਮਿਲ ਹਨ। ਇਸ ਤੋਂ ਬਿਨਾਂ ਭਾਈ ਡੱਲੇ ਦੇ ਖਾਨਦਾਨ ਕੋਲ ਵੀ ਗੁਰੂ-ਬਖ਼ਸ਼ਿਸ਼ ਦੁਆਰਾ ਰੱਖੀਆਂ ਕੁਝ ਦੁਰਲੱਭ ਤੇ ਪਵਿੱਤਰ ਵਸਤਾਂ ਪਈਆਂ ਹਨ, ਜਿਨ੍ਹਾਂ ਵਿੱਚ ਤੇਗਾ, ਸ਼੍ਰੀ ਸਾਹਿਬ, ਵੱਡੀ ਦਸਤਾਰ, ਛੋਟੀ ਦਸਤਾਰ, ਵੱਡਾ ਚੋਲਾ, ਛੋਟਾ ਚੋਲਾ, ਬਾਜ਼ ਦੀ ਡੋਰ, ਰੇਬ ਪਜਾਮਾ, ਮਾਤਾ ਸਾਹਿਬ ਕੌਰ ਦਾ ਰੇਬ ਪਜਾਮਾ ਅਤੇ ਛੋਟੇ ਆਕਾਰ ਦੀ ਬੀੜ ਸ਼ਾਮਿਲ ਹੈ। ਇਨ੍ਹਾਂ ਚੀਜ਼ਾਂ ਦੇ ਦਰਸ਼ਨ ਭਾਈ ਡੱਲ ਸਿੰਘ ਦੇ ਗ੍ਰਹਿ ਵਿਖੇ ਸਵੇਰ ਤੋਂ ਸ਼ਾਮ ਤੱਕ ਸੰਗਤਾਂ ਨੂੰ ਕਰਵਾਏ ਜਾਂਦੇ ਹਨ, ਜਦਕਿ ਕਿਸੇ ਸਮੇਂ ਹਰੇਕ ਚਾਨਣੀ ਦਸਮੀ ਨੂੰ ਹੀ ਇਹ ਵਸਤਾਂ ਵਿਖਾਈਆਂ ਜਾਂਦੀਆਂ ਸਨ।

ਤੀਹ ਕੁ ਸਾਲ ਪਹਿਲਾਂ ਤੱਕ ਤਖਤ ਸਾਹਿਬ ਵਿਖੇ ਸੰਗਤਾਂ ਦੀ ਆਮਦ ਬਹੁਤ ਘੱਟ ਸੀ। ਪਰ ਹੁਣ ਵਿਸਾਖੀ ਤੋਂ ਇਲਾਵਾ ਆਮ ਦਿਨਾਂ ਵਿੱਚ ਵੀ ਸੰਗਤਾਂ ਦਾ ਇਕੱਠ ਬਹੁਤ ਹੁੰਦਾ ਹੈ। ਮੱਸਿਆ ਅਤੇ ਐਤਵਾਰ ਦੇ ਦਿਨਾਂ ਵਿੱਚ ਵਿਸ਼ੇਸ਼ ਦੀਵਾਨ ਲੱਗਦੇ ਹਨ ਜਿਸ ਵਿੱਚ ਢਾਡੀ ਤੇ ਕਵੀਸ਼ਰ ਗੁਰੂ-ਜੱਸ ਦਾ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਇਨ੍ਹਾਂ ਦਿਨਾਂ ਵਿੱਚ ਇੱਥੇ ਭਾਰੀ ਅੰਮ੍ਰਿਤ ਸੰਚਾਰ ਵੀ ਹੁੰਦਾ ਹੈ।

ਅੱਜ ਤੋਂ ਕਰੀਬ ਤਿੰਨ ਸੌ ਸਾਲ ਪਹਿਲਾਂ ਦਸਮੇਸ਼ ਪਿਤਾ ਨੇ ਜੋ ਵਰਦਾਨ ਇਸ ਬੰਜਰ ਭੂਮੀ ਤੇ ਪਛੜੇ ਇਲਾਕੇ ਨੂੰ ਦਿੱਤੇ ਸਨ, ਉਹ ਸਾਰੇ ਹੀ ਸਹਿਜਤਾ ਅਤੇ ਨਿਰੰਤਰਤਾ ਨਾਲ ਫਲੀਭੂਤ ਹੁੰਦੇ ਨਜ਼ਰ ਆ ਰਹੇ ਹਨ। ਉੱਚ ਵਿੱਦਿਆ ਦੀ ਸਭ ਤੋਂ ਪਹਿਲੀ ਸੰਸਥਾ ਗੁਰੂ ਕਾਸ਼ੀ ਕਾਲਜ (ਮੌਜੂਦਾ ਨਾਂ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ) ਇੱਥੇ 1964 ਨੂੰ ਸਥਾਪਤ ਹੋਇਆ, 1988 ਵਿੱਚ ਪੰਜਾਬੀ ਯੂਨੀਵਰਸਿਟੀ ਨੇ ਆਪਣਾ ਕੈਂਪਸ ਸਥਾਪਤ ਕੀਤਾ,1977 ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਦੀ ਸਥਾਪਨਾ ਹੋਈ, ਦੋ ਯੂਨੀਵਰਸਿਟੀਆਂ- ਗੁਰੂ ਕਾਸ਼ੀ ਯੂਨੀਵਰਸਿਟੀ ਅਤੇ ਅਕਾਲ ਯੂਨੀਵਰਸਿਟੀ (ਕ੍ਰਮਵਾਰ 2011 ਅਤੇ 2015) ਤੋਂ ਇਲਾਵਾ ਇੱਥੇ ਸਕੂਲੀ ਪੜ੍ਹਾਈ ਲਈ ਬਹੁਤ ਸਾਰੇ ਸਰਕਾਰੀ ਤੇ ਪ੍ਰਾਈਵੇਟ ਵਿੱਦਿਅਕ ਅਦਾਰੇ 'ਗੁਰੂ ਕੀ ਕਾਸ਼ੀ' ਦੇ ਸੰਕਲਪ ਨੂੰ ਮੂਰਤੀਮਾਨ ਕਰ ਰਹੇ ਹਨ।

ਹਰ ਸਾਲ ਗੁਰੂ ਗ੍ਰੰਥ ਸਾਹਿਬ-ਸੰਪੂਰਨਤਾ ਦਿਵਸ (14 ਭਾਦੋਂ) ਸਮੇਂ ਇੱਥੇ ਅਖੰਡ ਪਾਠ ਰੱਖਿਆ ਜਾਂਦਾ ਹੈ, ਜਿਸ ਵਿੱਚ ਪ੍ਰਸਿੱਧ ਕਥਾਵਾਚਕ ਅਤੇ ਰਾਗੀ ਗੁਰੂ-ਜੱਸ ਦਾ ਵਰਣਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਇਸ ਦੌਰਾਨ ਸਕੂਲ/ਕਾਲਜ ਵਿਦਿਆਰਥੀਆਂ ਦੇ ਸ਼ਬਦ ਗਾਇਨ, ਕਵਿਤਾ, ਵਾਰ, ਕਵੀਸ਼ਰੀ ਆਦਿ ਕਈ ਪ੍ਰਕਾਰ ਦੇ ਮੁਕਾਬਲੇ ਵੀ ਆਯੋਜਿਤ ਕਰਵਾਏ ਜਾਂਦੇ ਹਨ।



ਪ੍ਰੋ. ਨਵ ਸੰਗੀਤ ਸਿੰਘ

ਯੂਰਪੀ ਪੰਜਾਬੀ ਸਾਹਿਤ ਅਕਾਦਮੀ ਅਤੇ ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋਂ ਕਰਵਾਇਆ ਗਿਆ ਸਾਉਣ ਭਾਦੋਂ ਦੇ ਤਿਓਹਾਰਾਂ ਨੂੰ ਸਮਰਪਿਤ ਕਵੀ ਦਰਬਾਰ

ਇਟਲੀ, ਫਰਾਂਸ, ਜਰਮਨੀ, ਡੈਨਮਾਰਕ, ਬੈਲਜੀਅਮ ਅਤੇ ਬਰਤਾਨੀਆਂ ਦੇ ਕਲਮਕਾਰਾਂ ਨੇ ਭਰੀ ਹਾਜ਼ਰੀ



ਪਿਛਲੇ ਦਿਨੀਂ ਯੂਰਪੀ ਪੰਜਾਬੀ ਸਾਹਿਤ ਅਕਾਦਮੀ ਅਤੇ ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋਂ ਸਾਉਣ-ਭਾਦੋਂ ਦੇ ਪਰੰਪਰਿਕ ਤਿਓਹਾਰਾਂ ਨੂੰ ਸਮਰਪਿਤ ਆਨਲਾਈਨ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਇਟਲੀ, ਫਰਾਂਸ, ਜਰਮਨੀ, ਡੈਨਮਾਰਕ, ਬੈਲਜੀਅਮ ਅਤੇ ਬਰਤਾਨੀਆਂ ਦੇ ਪੰਜਾਬੀ ਕਲਮਕਾਰਾਂ ਨੇ ਸ਼ਮੂਲੀਅਤ ਕੀਤੀ। ਜ਼ੂਮ ਦੇ ਮਾਧੀਅਮ ਰਾਹੀਂ ਹੋਏ ਇਸ ਕਵੀ ਦਰਬਾਰ ਵਿੱਚ ਕੁਲਵੰਤ ਕੌਰ ਢਿਲੋਂ ਪ੍ਰਧਾਨ ਸਾਊਥਹਾਲ ਕਲਾ ਕੇਂਦਰ ਅਤੇ ਡਾ ਸੁਰਿੰਦਰ ਕੌਰ ਨਰੂਲਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਸਮਾਗਮ ਦੀ ਸ਼ੁਰੂਆਤ ਅਕਾਦਮੀ ਦੇ ਮੁੱਖ ਸਲਾਹਕਾਰ ਪ੍ਰੋ ਜਸਪਾਲ ਸਿੰਘ ਇਟਲੀ ਵੱਲੋਂ ਸਾਰਿਆਂ ਨੂੰ ਜੀ ਆਇਆਂ ਆਖਦਿਆਂ ਕੀਤੀ ਗਈ। ਉਪਰੰਤ ਸ਼ਾਮਿਲ ਸਾਰੇ ਕਲਮਕਾਰਾਂ ਨੂੰ ਸੰਚਾਲਕ ਦਲਜਿੰਦਰ ਸਿੰਘ ਰਹਿਲ ਅਤੇ ਜਸਵਿੰਦਰ ਕੌਰ ਮਿੰਟੂ ਦੁਆਰਾ ਆਪੋ ਆਪਣੀ ਰਚਨਾ ਸਾਂਝੀ ਕਰਨ ਦਾ ਸੱਦਾ ਦਿੱਤਾ ਗਿਆ। ਜਿਨ੍ਹਾਂ ਵਿੱਚ ਜ਼ਫ਼ਰ ਅਵਾਨ ਡੈਨਮਾਰਕ, ਪ੍ਰੇਮ ਪਾਲ ਸਿੰਘ ਇਟਲੀ, ਆਰਤੀ ਬਕਸ਼ੀ ਇਟਲੀ, ਨਛੱਤਰ ਭੋਗਲ ਯੂ ਕੇ, ਮੁਮਤਾਜ ਮਲਿਕ ਫਰਾਂਸ, ਨੀਲੂ ਜਰਮਨੀ, ਨਰਿੰਦਰ ਪੰਨੂ, ਭਿੰਦਰਜੀਤ ਕੌਰ ਇਟਲੀ ,ਜੀਤ ਸੁਰਜੀਤ ਬੈਲਜੀਅਮ, ਜਗਤਾਰ ਸਿੰਘ ਇਟਲੀ ਅਤੇ ਪ੍ਰੋ ਜਸਪਾਲ ਸਿੰਘ ਇਟਲੀ ਨੇ ਰਚਨਾਵਾਂ ਸਾਂਝੀਆਂ ਕੀਤੀਆਂ। ਇਸ ਦੌਰਾਨ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਡਾ ਸੁਰਿੰਦਰ ਕੌਰ ਨਰੂਲਾ ਅਤੇ ਕੁਲਵੰਤ ਕੌਰ ਢਿਲੋਂ ਯੂ ਕੇ ਇਹਨਾਂ ਤਿਓਹਾਰਾਂ ਦਾ ਸਮਾਜਿਕ, ਧਾਰਮਿਕ, ਪ੍ਰਕਿਰਤਿਕ ਅਤੇ ਪਰਿਵਾਰਿਕ ਪੱਖ ਪੇਸ਼ ਕਰਦਿਆਂ ਅਜੋਕੇ ਸੰਦਰਭ ਵਿੱਚ ਇਹਨਾਂ ਦੀ ਮਹੱਤਤਾ ਦੀ ਗੱਲ ਕੀਤੀ ਅਤੇ ਵਿਦੇਸ਼ੀ ਧਰਤੀਆਂ ਤੇ ਹੋ ਰਹੇ ਅਜਿਹੇ ਸਮਾਗਮਾਂ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਸ਼ੁੱਭ ਸ਼ਗਨ ਦੱਸਿਆ।

ਅੰਤ ਵਿੱਚ ਸਾਹਿਤ ਸੁਰ ਸੰਗਮ ਸਭਾ ਇਟਲੀ ਦੇ ਪ੍ਰਧਾਨ ਮੇਜਰ ਸਿੰਘ ਖੱਖ ਵਲੋਂ ਸਾਰਿਆਂ ਦਾ ਧੰਨਵਾਦ ਕਰਦਿਆਂ ਆਪਣੀ ਰਚਨਾ ਸਾਂਝੀ ਕੀਤੀ ਗਈ।

The HIND CANADIAN TIMES


SEPTEMBER 2026 EDITION

A MULTILINGUAL INTERNATIONAL MAGAZINE

CARTOON CORNER

A Smile a Day Keeps the Worries Away!


1. TECHNOLOGY & GENERATIONS



2. GLOBAL FRIENDSHIP



3. SOCIAL MEDIA REALITY



4. ENVIRONMENT MATTERS



5. SHORT & SWEET


Q: Why did the book go to the doctor?
A: Because it had too many "issues"!

Q: What do you call a fish who wears a bowtie?
A: So-fish-ticated!

Q: Why was the math book sad?
A: Because it had too many problems!



6. FOOD FOR THOUGHT



7. WEEKEND PLAN



Keep Smiling... Keep Sharing!

Cartoons bring joy, laughter and positivity into our lives. Share a smile today!

WRITE TO US
thehindcanadiantimes@gmail.com
www.thehindcanadiantimes.com

LAUGH MORE, STRESS LESS, LIVE BEST!

The HIND CANADIAN TIMES
A MULTILINGUAL INTERNATIONAL MAGAZINE
SEPTEMBER 2026 EDITION

INDIAN CINEMA

Lights, Camera, Magic!

INDIAN CINEMA – A WORLD OF STORIES

From timeless classics to modern blockbusters, Indian cinema continues to inspire millions across the globe with its powerful storytelling, music, emotions and culture.



COMING SOON – BIG MOVIES TO WATCH



DESHBAKT
(Action / Drama)
A story of courage, sacrifice and a nation's pride.



DIL KI BAAT
(Romance)
Two hearts, one journey filled with love and dreams.



BHAVISHYA 2040
(Sci-Fi / Thriller)
When technology meets tomorrow, what will survive?

TIMELESS CLASSICS



Awara (1951)
A legend that touched hearts across generations.



Mughal-e-Azam (1960)
Grandeur, drama and unforgettable performances.



Deewaar (1975)
A story of struggle, values and unbreakable determination.

FILM FACTS

- India is the largest film producing country in the world.
- Bollywood is just one part of Indian cinema. We have many other film industries like Tamil, Telugu, Malayalam, Bengali and more.
- Indian films are known for their music. Many songs become global hits!
- From black & white to 3D, Indian cinema has come a long way.
- Indian movies have won international awards and appreciation worldwide.



STAR TALK – IN CONVERSATION



"Every film is a new journey. It teaches you something new and connects you with different people."

– ARJUN MALHOTRA
(Actor)

BEHIND THE SCENES



A great film is not made by actors alone. It takes a whole team – directors, writers, cinematographers, editors, costume designers and many more who work tirelessly behind the camera.

BOX OFFICE BUZZ

1. **Dharohar: The Legacy** – A historical epic creating records worldwide.
2. **Mission Shakti** – High on action and emotion.
3. **Family First** – A perfect entertainer for the whole family.



MUSIC THAT STAYS FOREVER



From evergreen melodies to today's chartbusters, Indian film songs are the heartbeat of our cinema.

DID YOU KNOW?

The first Indian film was "Raja Harishchandra" made in 1913 by Dadasaheb Phalke, the father of Indian cinema.



★ ★ INDIAN CINEMA – OUR STORIES, OUR PRIDE, OUR PASSION! ★ ★





Disclaimer: The views, opinions, and statements expressed in the articles, essays, poems, and other contributions published in **The Hind Canadian Times** are solely those of their respective authors and do not necessarily reflect the views or policies of **The Hind Canadian Times**, its Publisher, Editorial Board, or Editor-in-Chief. The magazine serves exclusively as a platform for the free expression of ideas and creative works. The Publisher and Editorial Team accept no responsibility or liability for the accuracy, authenticity, legality, or consequences arising from any content submitted by contributors.

Advertising Disclaimer: Advertisements published in **The Hind Canadian Times** are provided by advertisers and are published in good faith. The magazine does not independently verify or endorse the claims, products, services, offers, or representations made in any advertisement. Readers are strongly advised to independently verify all information, terms, conditions, and credentials before making any purchase, investment, or other decision. **The Hind Canadian Times**, its Publisher, Editorial Board, and Editor-in-Chief shall not be liable for any loss, damage, dispute, or consequence arising from reliance on or dealings with any advertiser.


ਪੰਜਾਬੀ
ਸਾਹਿਤ ਜਗਤ ਦੇ
ਚਮਕਦੇ ਸਿਤਾਰਿਆਂ ਦਾ
ਆਪਣਾ
ਕਾਵਿ-ਸੰਸਾਰ
ਵਾਰਿਸ ਸਾਹ
ਬਾਬਾ ਨਾਨਕ
ਭਾਈ ਵੀਰ ਸਿੰਘ
ਅਮ੍ਰਿਤਾ ਪ੍ਰੀਤਮ
ਪਾਬ
ਸੁਰਜੀਤ ਪਾਤਰ
ਸ਼ਬਦ ਸਾਡੀ ਪਹਿਚਾਣ,
ਕਲਮ ਸਾਡਾ ਅਭਿਮਾਨ,
ਕਾਵਿ-ਸੰਸਾਰ ਸਾਡਾ ਮੰਚ,
ਇਹੀ ਸਾਡੀ ਸ਼ਾਨ।


The Hind Canadian Times
NEWS. CULTURE. COMMUNITY. CONNECTION.
ਰੰਗ
ਪੰਜਾਬ ਦੇ
ਕਾਵਿ-ਸੰਸਾਰ

ਯਾਦਾਂ ਦੀ ਖ਼ੁਸ਼ਬੋ

ਜੋਬਨ ਰੁੱਤੇ ਪ੍ਰੀਤ ਅਸਾਡੀ ,

ਸੱਜਣਾ ਵਿਧਵਾ ਹੋਈ ।

ਪਲਕਾਂ ਦੇ ਕਰ ਬੰਦ ਦਰਵਾਜ਼ੇ ,

ਰੱਜ ਰੱਜ ਕੇ ਰੂਹ ਰੋਈ ।

ਦਿਲ ਜਾਂ ਸ਼ੀਸ਼ਾ ਜੇ ਟੁੱਟ ਜਾਵੇ ,

ਮੁੜ ਕੇ ਫੇਰ ਨਾ ਜੁੜਦਾ ।

ਨਾ ਤੋੜੀਂ ਨਾ ਤੋੜਾ ਬੀਬਾ ,

ਹੱਥ ਬੰਨ੍ਹ ਕੇ ਅਰਜ਼ੋਈ ।

ਪਤਝੜ ਰੁੱਤੇ ਫੁੱਲ ਨਾ ਖਿੜਦੇ ,

ਪੱਤੇ ਵੀ ਸੁੱਕ ਜਾਵਣ ।

ਖਿੜਨ ਬਿਰਹੁੰ ਦੇ ਫੁੱਲ ਇਸ ਰੁੱਤੇ ,

ਅੰਦਰ ਪੀੜ ਸਮੋਈ ।

ਜੋ ਭੰਵਰਾ ਇਸ ਫੁੱਲ ਤੇ ਬੈਠਾ ,

ਭੁੱਲਿਆ ਮੁੜ ਕੇ ਉਠਣਾ ।

ਮਸਤੀ ਦੇ ਆਲਮ ਵਿਚ ਲੈ ਗਈ ,

ਯਾਦਾਂ ਦੀ ਖ਼ੁਸ਼ਬੋਈ ।

ਅੰਬਾਂ ਦੇ ਬਾਗਾਂ ਵਿਚ ਬੈਠੀ ,

ਬੁਲਬੁਲ ਨਗਮੇ ਗਾਏ ।

ਪਰ ਸਾਡੇ ਬਿਰਹੁੰ ਦੇ ਨਗਮੇ ,

ਬੁਲਬੁਲ ਗਾਏ ਨਾ ਕੋਈ ।

ਰਾਹ ਤੇਰੇ ਤੇ ਗੱਡੀਆ ਹੁਣ ਤਾਂ ,

ਨਜ਼ਰਾਂ ਵੀ ਪਥਰਾਈਆਂ ।

ਨਿੱਤ ਉਡੀਕਾਂ ਬੈਠ ਬਨੇਰੇ ,

ਹੰਝੂਆਂ ਹਾਰ ਪਰੋਈ ।

ਇਹ ਅਣੀਆਲੇ ਤੀਰ ਜਾਂ ਵੱਜਦੇ ,

ਲੁਛ ਲੁਛ ਕੇ ਜਿੰਦ ਨਿਕਲੇ ।

ਇਸ਼ਕ ਸਰਾਪੀਆਂ ਰੂਹਾਂ ਤਾਈਂ ,


ਕਿਧਰੇ ਮਿਲੇ ਨਾ ਢੋਈ ।

ਬਿਰਹੁੰ ਬਾਣ ਲੱਗੇ ਜਿਸ ਹਿਰਦੇ ,

ਓਹੀਓ ਵੇਦਨ ਜਾਣੇ ।

ਮੈ ਨਿਰਦੋਸ਼ ਨੇ ਆਪਣੀ ਪੀੜਾ ,

ਅਸ਼ਕਾਂ ਹੇਠ ਲੁਕੋਈ ।



ਕੇਵਲ ਸਿੰਘ ਨਿਰਦੋਸ਼ ਕੈਮਲੂਪਸ

ਗ਼ਜ਼ਲ

ਸੱਚੇ ਬੋਲ ਵੀ ਤੁੰਮੇ ਵਾਂਙ ਕਰਾਰੇ ਹੁੰਦੇ ਨੇ।
ਕੌੜੇ ਲੱਗਦੇ ਪਰ ਉਹ ਵਾਂਙ ਛੁਆਰੇ ਹੁੰਦੇ ਨੇ।

ਇੱਥੇ, ਉੱਥੇ ਜਾ ਕੇ ਗੱਲਾਂ ਕਰਦੇ ਰਹਿੰਦੇ ਜੋ,
ਝੂਠ, ਤੂਫ਼ਾਨ ਬੋਲਾਂ ਪਾਏ ਖਿਲਾਰੇ ਹੁੰਦੇ ਨੇ।

ਬੁੱਕਲ ਦੇ ਸੱਪ ਬਣ ਕੇ ਧੋਖ਼ਾ ਦੇ ਜਾਂਦੇ,
ਡੰਗ ਚਲਾ ਮਾਰੇ ਜਿਨ੍ਹਾਂ ਫ਼ੁੰਕਾਰੇ ਹੁੰਦੇ ਨੇ।

ਜਰੁੱਤ ਨਹੀਂ ਕੋਈ ਅਣਖ਼ੀ ਬੰਦੇ ਨੂੰ ਮਾਰੇ,
ਉਨ੍ਹਾਂ 'ਚ ਬਹੁਤੇ ਆਪਣਿਆਂ ਦੇ ਮਾਰੇ ਹੁੰਦੇ ਨੇ।

ਬਹੁਤਾ ਸੱਚ ਬੋਲ ਕੇ ਬੰਦਾ 'ਕੱਲਾ ਰਹਿ ਜਾਂਦਾ,
ਮਤਲਬਖ਼ੋਰਾਂ ਕੀਤੇ ਬੰਦ ਦੁਆਰੇ ਹੁੰਦੇ ਨੇ।

ਮੋਢਿਆਂ ਉੱਤੋਂ ਥੁੱਕਣ ਵਾਲੇ ਰੋਂਦੇ ਆਖਰ ਨੂੰ,
ਲੋੜ ਪੈਣ ਤੇ ਲੱਭਦੇ ਉਹ ਸਹਾਰੇ ਹੁੰਦੇ ਨੇ।

ਖੁਸ਼ੀਆਂ ਖੇੜੇ ਸਭ ਦੇ ਨਸੀਬਾਂ 'ਚ ਨਹੀਂ ਹੁੰਦੇ,
ਜਿੱਤੀ ਬਾਜੀ ਵੀ ਕਈ ਲੋਕ ਹਾਰੇ ਹੁੰਦੇ ਨੇ।

ਇਸ਼ਕ ਖ਼ੁਦਾ ਦੀ ਬੰਦਗੀ ਵਰਗਾ ਏ ਯਾਰੋ,
ਤਖ਼ਤ ਹਜਾਰਾ ਛੱਡ ਕੇ ਮੰਗੂ ਚਾਰੇ ਹੁੰਦੇ ਨੇ।

'ਸੁਲੱਖਣਾ' ਉਨ੍ਹਾਂ ਦੀ ਨਹੀਂ ਸੀ ਔਕਾਤ ਕੋਈ,
ਪੈਰ ਪੈਰ ਤੇ ਅੱਜਕੱਲ੍ਹ ਜੋ ਭਾਰੇ ਹੁੰਦੇ ਨੇ।



ਸੁਲੱਖਣ ਮਹਿਮੀ

ਕਿਆ ਖੇਡ ਰਚਾਈ

ਕੁਦਰਤ ਨੇ ਕਿਆ ਖੇਡ ਰਚਾਈ
ਏਧਰ ਖੂਹ ਤੇ ਓਧਰ ਖਾਈ

ਸੱਚੇ ਬੰਦੇ ਰੁਲਦੇ ਪਏ ਨੇ
ਹਰ ਪਾਸੇ ਨੱਚਦੀ ਚਤੁਰਾਈ

ਸਾਰੀ ਉਮਰਾ ਧੱਕੇ ਖਾਧੇ
ਕਰਦੇ ਰਏ ਦਿਨ ਰਾਤ ਕਮਾਈ

ਵੱਡੇ ਘਰ ਤੇ ਵੱਡੀਆਂ ਕਾਰਾਂ
ਚੰਗੀ ਅਪਣੀ ਚੜ੍ਹਤ ਬਣਾਈ

ਓਸੇ ਘੱਰ ਦੇ ਇਕ ਕੋਨੇ ਵਿਚ
ਰਹਿੰਦੇ ਨੇ ਹੁਣ ਬਾਪ ਤੇ ਮਾਈ

ਇਕ ਦੂਜੇ ਨੂੰ ਦੋਸ਼ ਦੇਂਵਦੇ
ਆਪਸ ਵਿਚੀ ਕਰਨ ਲੜਾਈ

ਧੀਆਂ ਪੁਤਰ ਗੱਲ ਨਈਂ ਕਰਦੇ
ਗਾਲਾਂ ਕੱਢਦੇ ਧੀ ਜਵਾਈ

ਹਰ ਵੇਲੇ ਹੁਣ ਇਹੀ ਸੋਚਦੇ
ਕਿਉਂ ਇਹਨਾਂ ਲਈ ਉਮਰ ਗਵਾਈ

ਸੁਣੋ ਸੁਣੋ ਐ ਦੁਨੀਆਂ ਵਾਲੋ
ਗੁਰਬਾਣੀ ਨੇ ਗੱਲ ਸਮਝਾਈ

ਕਤ ਕੀ ਮਾਈ ਬਾਪ ਕਤ
ਕੇਰਾ
ਝੂਠੀ ਹੈ ਇਹ ਕੁਲ ਲੁਕਾਈ

ਸ਼ੁਕਰ ਕਰੋ ਤੇ ਰਹੋ ਰਜ਼ਾ ਵਿਚ
ਸਤਿਗੁਰ ਜਾਵੇ ਵਕਤ
ਲੰਘਾਈ



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

.ਗਜ਼ਲ

بنکے ہوا جد میں سرحد وی پار کر جاں

کیوں مینوں ہم وطن اج غدار سمجھدے ھن

,,

نیناں دے جام 'اخر .کس لئی گھڑے تو رہا'

جے پیٹر والے نوں اوھ گنا ہ گار سمجھدے ھن

,,

تنہا ہوکے خودی نال میں گلاں کردا جد وی

اوھ تیرے میرے درمیاں "گفتار سمجھدے ھن

,,

غمگین نغمے 'اسدے دو پل خوشی ھن دیندے

پاندھی نوں .اس لئی سب غم خار سمجھدے ھن



ਜੋਗਿੰਦਰ ਪਾਂਧੀ

(ਫੇਲਾਤ, ਫਾ- ਇਲਾ - ਤੁਨ×2)

,,,,,,,,,,,,,,,,,,,,,,,,,,,,,,,,

ਟੁੱਟਾ ਜੇ ਦਿਲ ,ਉਹ ਟੁੱਟੀ ਦੀਵਾਰ ਸਮਝਦੇ ਹਨ

ਭੁੱਖਾ ਮਰੇ ਗਰੀਬ ਜੇ ,ਬੀਮਾਰ ਸਮਝਦੇ ਹਨ

,,,,,,,,,,,,,,,,,,,,,,,,,,,,,,,,

ਹਿਲ ਜਾਣ ਜਦ ਜੜ੍ਹਾ,ਸ਼ਾਖਾਂ ਖੁਦ ਹੀ ਝੁੱਕ ਜਾਵਣ

ਪਰ ਦੂਰੋਂ ਲੋਕ ਰੁਖੜਾ ਫ਼ਲਦਾਰ ਸਮਝਦੇ ਹਨ

,,,,,,,,,,,,,,,,,,,,,,,,,,,,,,,,

ਬਣਕੇ ਹਵਾ ਜਦ ਮੈਂ ਸਰਹੱਦ ਵੀ ਪਾਰ ਕਰ ਜਾਂ

ਕਿਉਂ ਮੈਨੂੰ ਹਮ ਵਤਨ ਅਜ .ਗੱਦਾਰ ਸਮਝਦੇ ਹਨ

,,,,,,,,,,,,,,,,,,,,,,,,,,,,,,,,

ਨੈਣਾਂ ਦੇ ਜਾਮ ਆਖਰ ਕਿਸ ਲੇਈ ਘੜੇ ਤੂੰ! ਰੱਬਾ

ਜੇ ਪੀਣ ਵਾਲੇ ਨੂੰ ਉਹ ਗੁਨਾਹਗਾਰ ਸਮਝਦੇ ਹਨ

,,,,,,,,,,,,,,,,,,,,,,,,,,,,,,,,

ਤਨਹਾ ਹੋਕੇ ਖੁਦੀ ਨਾਲ ਮੈਂ ਗੱਲਾਂ ਕਰਦਾ ਜਦ ਵੀ

ਉਹ ਤੇਰੇ ਮੇਰੇ ਦਰਮਿਆ .ਗ਼ੁਫ਼ਤਾਰ ਸਮਝਦੇ ਹਨ

,,,,,,,,,,,,,,,,,,,,,,,,,,,,,,,,

ਗਮਗੀਨ ਨਗਮੇ ਉਸਦੇ ਦੋ ਪਲ ਖੁਸ਼ੀ ਹਨ ਦੇਂਦੇ

ਪਾਂਧੀ ਨੂੰ ਇਸ ਲਈ ਸਭ .ਗਮਖਾਰ ਸਮਝਦੇ ਹਨ

#######

غزل

'ٹٹا جے .دل اوھ 'ٹٹی دیوار سمجھدے ھن

'بکھا مرے غریب جے ,بیمار سمجھدے ھن

,,

.ھل جانڑ جد جڑاں ,شاخاں خود ہی 'جھک جاون

پر دوروں لوک 'رکھڑا , پھلدار سمجھدے ھن

,,

ਖੁੱਲੇ ਬੂਹੇ

ਖੁਲ੍ਹੇ ਬੂਹੇ ਛੱਡ ਇੱਕ ਦਿਨ ਤੁਰ ਜਾਣਾ
ਤੇ ਬੰਦ ਕਰਕੇ ਅੱਖਾਂ ਸ਼ਮਸ਼ਾਨ ਵਿੱਚੋਂ

ਇਹ ਓਹਦੀ ਰਮਜ਼ ਗੱਲ ਉਹੀ ਜਾਣੇ
ਕਿੱਥੇ ਡਿੱਗੂ ਚੱਲ ਤੀਰ ਕਮਾਨ ਵਿੱਚੋਂ

ਜਦੋਂ ਤੱਕ ਜੀਏ ਰਹੇ ਭੇੜਦੇ ਬੂਹਿਆਂ ਨੂੰ
ਗੱਲ ਸਮਝੇ ਨਾ ਖੁਦ ਪਹਿਚਾਣ ਵਿੱਚੋਂ

ਭਰਦੇ ਰਹੇ ਢਿੱਡ ਘਰ ਆਪਣੇ ਦਾ
ਅੰਤ ਖਾਲੀ ਮਿਲਿਆ ਹਰ ਸ਼ਾਮ ਪਿੱਛੋਂ

ਮਲ ਮਲ ਧੋਂਦੇ ਰਹੇ ਮਹਿਲ ਮਾੜੀਆਂ
ਨਾ ਗਈ ਅੰਦਰੋਂ ਮੈਂ ਗਿਆਨ ਵਿੱਚੋਂ

ਘਰ ਹੁੰਦਾਂ ਮਾਂ ਦੀ ਬੁੱਕਲ ਵਰਗਾ
ਜੋ ਸਾਂਭ ਰੱਖਦਾ ਹਰ ਨੁਕਸਾਨ ਵਿੱਚੋਂ

ਪਤਾ ਨਹੀਂ ਰੱਬ ਨੇ ਕੀ ਬਣਤ ਬਣਾਈ
ਅੰਤ ਛੱਡ ਜਾਣਾ ਪਿੰਜਰਾ ਜਹਾਨ ਵਿੱਚੋਂ

==========



ਕੀਰਤ ਸਿੰਘ ਤਪੀਆ

ਗੀਤ

ਸਾਰੇ ਵਿਸ਼ਵ 'ਚ ਭਾਰਤ ਮਾਂ ਦੀ ਹੋਈ ਜੈ ਜੈ ਕਾਰ।

ਖ਼ੁਸ਼ਹਾਲੀ ਨੇ ਉਨਤੀ ਵਿਚ ਪਿਰੋਈ ਜੈ ਜੈ ਕਾਰ।

ਚੰਦਰਮਾ ਤੇ ਕਰਦਾ ਹੈ ਪਰਦਰਸ਼ਨ ਚੰਦਰਯਾਨ।

ਧਰਤੀ ਉਪਰ ਭੇਜ ਰਿਹਾ ਹੈ ਦਰਪਣ ਚੰਦਰਯਾਨ।

ਪੂਰਨਤਾ ਦੀ ਹਸਤੀ ਵਿਚ ਸਮੋਈ ਜੈ ਜੈ ਕਾਰ।

ਸਾਰੇ ਵਿਸ਼ਵ 'ਚ ਭਾਰਤ ਮਾਂ ਦੀ ਹੋਈ ਜੈ ਜੈ ਕਾਰ।

ਕਰਮਠਤਾ ਵਾਲਾ ਫਿਰ ਕਿਰਦਾਰ ਨਿਭਾਇਆ ਸੱਚਾ।

ਜਿੱਦਾਂ ਮੋਤੀਆਂ ਦੇ ਨਾਲ ਭਰਿਆ ਸੋਨੇ ਵਾਲਾ ਕੁੱਜਾ।

ਅੰਬਰ ਵਿਚੋਂ ਸੂਰਜ ਵਾਲੀ ਚੋਈ ਜੈ ਜੈ ਕਾਰ।

ਸਾਰੇ ਵਿਸ਼ਵ 'ਚ ਭਾਰਤ ਮਾਂ ਦੀ ਹੋਈ ਜੈ ਜੈਕਾਰ।

ਦੇਸ਼ ਵਿਦੇਸ਼ਾ ਵਿਚ ਸਮਝੌਤੇ, ਉਨਤੀ ਦਾ ਸੰਦੇਸ਼,

ਨਵ ਨਿਰਮਾਣ 'ਚ ਨਵਯੁਗ ਵਾਲੀ ਬੁਣਤੀ ਦਾ ਸੰਦੇਸ਼।

ਗੁਲਸ਼ਨ ਦੇ ਵਿਚ ਖੁਸ਼ਬੂਆਂ ਨੇ ਛੋਈ ਜੈ ਜੈ ਕਾਰ।

ਸਾਰੇ ਵਿਸ਼ਵ ਵਿਚ ਭਾਰਤ ਮਾਂ ਦੀ ਹੋਈ ਜੈ ਜੈ ਕਾਰ।

ਮੋੜ ਨਵੇਂ, ਜੋੜ ਨਵੇਂ, ਤੋੜ ਨਵੇਂ ਨੇ ਨਵੀਆਂ ਰਾਵ੍ਹਾਂ।

ਰੁੱਖਾਂ ਦੀ ਪੁੰਗਰਨ ਹੇਠਾਂ ਪੁੰਗਰਨ ਵਾਲੀਆਂ ਛਾਵਾਂ।

ਤੜਕ ਸਵੇਰੇ ਲਾਲੀ ਵਿਚ ਲੁਕੋਈ ਜੈ ਜੈ ਕਾਰ।

ਸਾਰੇ ਵਿਸ਼ਵ 'ਚ ਭਾਰਤ ਮਾਂ ਦੀ ਹੋਈ ਜੈ ਜੈ ਕਾਰ।

ਦੇਸ਼ ਦੀ ਭਗਤੀ ਸ਼ਕਤੀ ਅੰਦਰ ਹੋਵੇਗਾ ਬਦਲਾਵ।

'ਬਾਲਮ' ਗੁਰੂਦੁਆਰੇ ਮਸਜਿਦ ਮੰਦਿਰ ਹੋਵੇਗਾ ਬਦਲਾਵ।

ਭਾਰਮ ਮਾਂ ਦੀ ਗੋਦੀ ਵਿਚ ਅਰਜੋਈ ਜੈ ਜੈ ਕਾਰ।

ਸਾਰੇ ਵਿਸ਼ਵ 'ਚ ਭਾਰਤ ਮਾਂ ਦੀ ਹੋਈ ਜੈ ਜੈ ਕਾਰ।



ਬਲਵਿੰਦਰ ਬਾਲਮ

ਗ਼ਜ਼ਲ

ਵਿਛੜਨਾ ਇਕ ਜ਼ਖ਼ਮ ਹੈ ਮੈਂ ਜਰ ਲਵਾਂਗਾ।

ਬਦਲਣਾ ਨਾਸੂਰ ਹੈ ਕੀ ਕਰ ਲਵਾਂਗਾ।

ਮੈਂ ਖੁਦਾ ਨੂੰ ਮੰਨਦਾ ਨ੍ਹੀ ਤਾਂ ਕੀ ਹੋਇਆ,

ਪਰ ਖੁਦਾ ਦੀ ਮੰਨਦਾ ਹਾਂ ਤਰ ਲਵਾਂਗਾ।

ਹਾਦਸਾ ਤਾਂ ਇਕ ਸਬਕ ਹੈ ਜ਼ਿੰਦਗੀ ਦਾ,

ਮਸ਼ਵਰਾ ਸਿਰਹਾਣੇ ਤੇਰਾ ਧਰ ਲਵਾਂਗਾ।

ਬਦਲਦਾ ਜੇ ਰੁਖ ਹਵਾ ਦਾ ਮੌਸਮਾਂ ਨੂੰ,

ਹੈ ਦੁਆ ਸਿਰ ਤੇ ਮੁਸੀਬਤ ਜਰ ਲਵਾਂਗਾ।

ਜਿੱਤਣਾ ਖੁਦ ਨੂੰ ਹੀ ਅਸਲੀ ਜਿੱਤ ਹੁੰਦੀ,

ਹੋਣ ਜੇ ਖੁਸ਼ ਆਪਣੇ ਤਾਂ ਹਰ ਲਵਾਂਗਾ।

ਜ਼ਿੰਦਗੀ ਲਿਖਵਾ ਰਿਹਾ ਹਾਂ ਨਾਮ ਤੇਰੇ,

ਇਸ਼ਕ ਰੱਖੇ ਸ਼ਰਤ ਜੇ ਤਾਂ ਮਰ ਲਵਾਂਗਾ।



ਹਰਵਿੰਦਰ ਸਿੰਘ ਸਿੱਧੂ

ਕਲਪਨਾ

'ਕਲਪਨਾ' ਕੁਦਰਤ ਦੀ ਸਭ

ਤੋਂ ਅਦੁੱਤੀ ਚੀਜ਼ ਏ

ਕਈ ਵਾਰ ਤਾਂ ਆਵਦੇ ਲਿਖੇ

ਹੋਏ ਤੇ ਵੀ ਹੈਰਾਨੀ ਹੁੰਦੀ ਹੈ

ਕਿ ਇਹ ਮੈਂ ਲਿਖਿਆ !

ਆਵਦੇ ਸ਼ਬਦ ਓਪਰੇ ਲੱਗਦੇ ਨੇ

ਆਪਣਾ-ਆਪ ਬੇਗਾਨਾ ਲੱਗਦਾ

ਜਿਵੇਂ ਮੈਂ, ਮੈਂ ਨਹੀਂ ਆ

ਅੰਦਰ ਕੁਝ ਹੋਰ ਹੀ ਹੈ

'ਕਲਪਨਾ' ਦੇ ਦੁਆਰ 'ਤੇ ਖੜ੍ਹ ਕੇ

ਜਦ ਸੰਵੇਦਨਾ ਅਵਾਜ਼ ਦਿੰਦੀ ਹੈ

ਤਾਂ ਸ਼ਬਦ ਆਪਣੇ ਆਪ ਬਾਹਰ

ਆ ਜਾਂਦੇ ਨੇ, ਤੇ

ਕਲਮ ਨਾਲ ਲਿਪਟ ਜਾਂਦੇ ਨੇ, ਫੇਰ

ਕਲਮ ਦੀ ਉਂਗਲ ਫੜ ਕੇ

ਕਾਗਜ਼ 'ਤੇ ਉੱਤਰ ਆਉਂਦੇ ਨੇ...



ਹਰਪਾਲ ਸਿੰਘ ਮਨੇਸ

ਬਚਪਨ ਦੇ ਉਹ ਦਿਨ

ਬਚਪਨ ਦੇ ਉਹ ਦਿਨ ਕਿੰਨੇ ਚੰਗੇ ਹੁੰਦੇ ਸੀ,

ਜਦ ਪਿੰਡਾਂ ਵਿੱਚ ਭੋਲੇ ਭਾਲੇ ਬੰਦੇ ਹੁੰਦੇ ਸੀ।

ਖੱਦਰ ਦੇ ਕੱਪੜੇ, ਪੈਰਾਂ ਵਿੱਚ ਧੌੜੀ ਦੀ ਜੁੱਤੀ,

ਘਰ ਦੇ ਲਾਣੇਦਾਰ ਕੋਲੇ ਕੋਈ ਬੋਲੇ ਨਾ ਉੱਚੀ,

ਉਦੋਂ ਖੇਤੀ ਖੂਹ ਕੱਸੀਆਂ ਜਾ ਬੰਬੇ ਹੁੰਦੇ ਸੀ ।

ਬਚਪਨ ਦੇ ਉਹ....

ਕਿਥੇ ਹੁੰਦੀਆਂ ਸੀ ਕੰਧਾਂ, ਖੁੱਲ੍ਹੇ ਹੁੰਦੇ ਸੀ ਵਿਹੜੇ ,

ਬੱਲਦਾਂ ਨੂੰ ਹੱਕ ਤੁਰ ਜਾਂਦੇ ਹਾਲੀ ਵੀ ਮੂੰਹ ਨ੍ਹੇਰੇ,

ਘਰ ਦਾ ਗੁੜ, ਹਲਦੀ ਮਿਰਚਾਂ ਗੰਢੇ ਹੁੰਦੇ ਸੀ।

ਬਚਪਨ ਦੇ ਉਹ.....

ਕਿਥੇ ਗਈ ਮਧਾਣੀ ਚਾਟੀ, ਨਾ ਚੁੱਲ੍ਹੇ ਨਾ ਹਾਰੇ,

ਨਾ ਹੁਣ ਵੇਖੇ ਫਿਰਦੇ ਮੈਂ ਪਿੰਡਾਂ ਵਿੱਚ ਵਣਜਾਰੇ,

ਵਧੀਆ ਸੀ ਦਿਨ ਭਾਵੇਂ ਸਰਫ਼ੇ ਸੰਗੇ ਹੁੰਦੇ ਸੀ।

ਬਚਪਨ ਦੇ ਉਹ.....

ਕਿਥੇ ਗਈਆਂ ਕਲਮ ਦਵਾਤਾਂ,ਨਾ ਕੈਦਾ ਨਾ ਫੱਟੀ,

ਕੌਲੀ ਦੇ ਵਿੱਚ ਲੈ ਕੇ ਦਾਣੇ ਕੋਈ ਨਾ ਜਾਵੇ ਹੱਟੀ,

ਸਰਕਾਰੀ ਸੀ ਸਕੂਲ ਨਾ ਵਾਧੂ ਪੰਗੇ ਹੁੰਦੇ ਸੀ।

ਬਚਪਨ ਦੇ ਉਹ.....

ਨਾ ਉਹ ਖਾਧ ਖ਼ੁਰਾਕਾਂ,ਨਾ ਖੇੜੀ ਉਹ ਕੰਮ ਧੰਦੇ,

ਨਾ ਪਹਿਲਾਂ ਵਾਲੀਆਂ ਖੇਡਾਂ,ਨਾ ਰਹੇ ਉਹ ਬੰਦੇ,

ਪਹਿਲਾਂ ਹਮਦਰਦੀ ਦੇ ਰੰਗ ਵਿੱਚ ਰੰਗੇ ਹੁੰਦੇ ਸੀ।

ਬਚਪਨ ਦੇ ਉਹ.....



ਸੁਰਿੰਦਰ ਚਹਿਲ ਖੇੜੀ (ਕੈਨੇਡਾ)

ਹਿੰਦ ਦੀ ਚਾਦਰ

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਰਚਨਾ

ਧਰਮ ਦੀ ਖ਼ਾਤਰ ਧਰਮ ਨਿਭਾਇਆ,

ਔਰੰਗਜ਼ੇਬ ਦਾ ਭਰਮ ਮਿਟਾਇਆ।

ਜ਼ੁਲਮ ਦੇ ਮੂਹਰੇ ਬਣ ਕੇ ਪਰਬਤ, ਡਟ ਕੇ ਆਪ ਖਲੋਇਆ,

ਹਿੰਦ ਦੀ ਚਾਦਰ ਤੇਗ਼ ਬਹਾਦਰ, ਵਰਗਾ ਨਾ ਕੋਈ ਹੋਇਆ।

ਹਿੰਦ ਦੀ ਚਾਦਰ ਤੇਗ਼ ਬਹਾਦਰ, ਵਰਗਾ ਨਾ ਕੋਈ ਹੋਇਆ।

ਚਾਂਦਨੀ ਚੌਕ ਦਿੱਲੀ ਦੇ ਵਿੱਚ, ਜਦੋਂ ਸੀ ਹੁਕਮ ਸੁਣਾਇਆ,

ਹਰ ਇੱਕ ਬੰਦਾ ਵੇਖਣ ਦੇ ਲਈ, ਭੱਜਿਆ ਉੱਥੇ ਆਇਆ।

ਅੱਖਾਂ ਬੰਦ ਅਡੋਲ ਖੜ੍ਹੇ ਨੇ , ਦੁਨੀਆ ਮੱਥੇ ਟੇਕੇ,

ਸੀਸ ਨਾ ਝੁਕਿਆ, ਮੁਗ਼ਲਾਂ ਨੇ ਤਾਂ ਜ਼ੋਰ ਬਥੇਰਾ ਲਾਇਆ।

ਮੁਖ 'ਤੇ ਰਤਾ ਨਾ ਸ਼ਿਕਵਾ, ਜਦੋਂ ਸੀ ਸੀਸ ਧੜੋਂ ਵੱਖ ਹੋਇਆ,

ਹਿੰਦ ਦੀ ਚਾਦਰ ਤੇਗ਼ ਬਹਾਦਰ, ਵਰਗਾ ਨਾ ਕੋਈ ਹੋਇਆ।

ਹਿੰਦ ਦੀ ਚਾਦਰ ਤੇਗ਼ ਬਹਾਦਰ, ਵਰਗਾ ਨਾ ਕੋਈ ਹੋਇਆ।

ਦੀਨ ਨਾ ਮੰਨੀ, ਆਕੜ ਭੰਨੀ, ਜ਼ਾਲਮ ਵੀ ਘਬਰਾਇਆ,

ਔਰੰਗਜ਼ੇਬ ਦਾ ਤਖ਼ਤ ਕਿਸੇ ਨੇ ਪਹਿਲੀ ਵਾਰ ਹਿਲਾਇਆ।

ਲਾਲਚ, ਧਮਕੀ, ਜ਼ੋਰ-ਜ਼ਬਰ, ਸਭ ਗੁਰਾਂ ਦੇ ਅੱਗੇ ਹਾਰੇ,

ਸੀਸ ਕਟਾ ਕੇ ਗੁਰੂ ਪਿਤਾ ਨੇ ਸੱਚ ਦਾ ਦੀਪ ਜਗਾਇਆ।

ਸਿਦਕ ਦੇ ਮੂਹਰੇ ਮੌਤ ਵੀ ਹਾਰੀ, ਵੇਖ ਜ਼ਮਾਨਾ ਰੋਇਆ,

ਹਿੰਦ ਦੀ ਚਾਦਰ ਤੇਗ਼ ਬਹਾਦਰ, ਵਰਗਾ ਨਾ ਕੋਈ ਹੋਇਆ।

ਹਿੰਦ ਦੀ ਚਾਦਰ ਤੇਗ਼ ਬਹਾਦਰ, ਵਰਗਾ ਨਾ ਕੋਈ ਹੋਇਆ।

ਸੱਚ ਦੀ ਖ਼ਾਤਰ ਲੜਨਾ ਦੱਸਿਆ, ਹੱਕ ਦਾ ਪਾਠ ਪੜ੍ਹਾਇਆ,

ਡਰੇ ਹੋਏ ਲੋਕਾਂ ਦੇ ਦਿਲਾਂ 'ਚੋਂ, ਸਾਰਾ ਡਰ ਮੁਕਾਇਆ।

ਕਸ਼ਮੀਰੀ ਪੰਡਤਾਂ ਨਾਲ ਕੀਤਾ, ਪੂਰਾ ਆਪਣਾ ਵਾਅਦਾ,

ਮਾਨਵਤਾ ਦੀ ਰੱਖਿਆ ਖ਼ਾਤਰ, ਜੀਵਨ ਲੇਖੇ ਲਾਇਆ।

'ਦੀਪੇ', ਵੇਖ ਸ਼ਹਾਦਤ ਐਸੀ, ਜੱਗ ਨਤਮਸਤਕ ਹੋਇਆ,

ਹਿੰਦ ਦੀ ਚਾਦਰ ਤੇਗ਼ ਬਹਾਦਰ, ਵਰਗਾ ਨਾ ਕੋਈ ਹੋਇਆ।

ਹਿੰਦ ਦੀ ਚਾਦਰ ਤੇਗ਼ ਬਹਾਦਰ, ਵਰਗਾ ਨਾ ਕੋਈ ਹੋਇਆ।



ਦੀਪਾ ਬੰਡਾਲਾ

ਐਡਮਿੰਟਨ,ਕੈਨੇਡਾ

+14163996594

ਮੇਰੇ ਇਨਕਲਾਬ ਨੂੰ ਸਮਝੋ

ਮੈਂ ਭਗਤ ਸਿੰਘ ਬੋਲਦਾ ਹਾਂ
ਸ਼ਹੀਦਾਂ ਦੀ ਮਿੱਟੀ ਵਿਚੋਂ ਉਠਦੀ ਆਵਾਜ਼ ਹਾਂ
ਪਰ ਸੁਣੋ ਮੇਰੇ ਦੇਸ਼ ਦੇ ਲੋਕੋ
ਮੈਨੂੰ ਮਾਰਚ ਕੱਢ ਕੇ ਯਾਦ ਨਾ ਕਰੋ
ਮੇਰੀ ਤਸਵੀਰਾਂ ਨੂੰ ਫੁੱਲ ਨਾ ਚੜ੍ਹਾਓ।

ਖਾਲੀ ਵਿਅਰਥ
ਮੇਰਾ ਨਾਰਾ "ਇਨਕਲਾਬ ਜਿੰਦਾਬਾਦ"
ਗਲੀਆਂ ਵਿਚ ਗੂੰਜਾ ਕੇ ਫਿਰ ਚੁੱਪ ਨਾ ਹੋ ਜਾਓ
ਜੇ ਸੱਚਮੁੱਚ ਮੈਨੂੰ ਯਾਦ ਕਰਨਾ ਹੈ
ਤਾਂ ਮੇਰੇ ਇਨਕਲਾਬ ਨੂੰ ਸਮਝੋ।

ਇਨਕਲਾਬ ਸਿਰਫ਼ ਨਾਰਾ ਨਹੀਂ ਹੁੰਦਾ
ਇਹ ਸੋਚ ਦਾ ਤੂਫ਼ਾਨ ਹੁੰਦਾ ਹੈ
ਇਹ ਗਲਤ ਦੇ ਖ਼ਿਲਾਫ਼ ਖੜ੍ਹ ਜਾਣ ਦਾ ਹੌਸਲਾ ਹੁੰਦਾ ਹੈ।

ਜੇ ਮੇਰੀ ਯਾਦ ਨੂੰ ਜਿਉਂਦਾ ਰੱਖਣਾ ਹੈ
ਤਾਂ ਯੂਨੀਵਰਸਿਟੀਆਂ ਦੇ ਦਰਵਾਜ਼ਿਆਂ ਤੇ ਖੜ੍ਹੋ
ਉਥੇ ਪੜ੍ਹਦੇ ਵਿਦਿਆਰਥੀਆਂ ਨੂੰ
ਉਹਨਾਂ ਦਾ ਹੱਕ ਦਵਾਓ
ਕਿਉਂਕਿ ਜਿੱਥੇ ਵਿਚਾਰ ਆਜ਼ਾਦ ਨਹੀਂ ਹੁੰਦੇ
ਉਥੇ ਦੇਸ਼ ਵੀ ਆਜ਼ਾਦ ਨਹੀਂ
ਗੁਲਾਮ ਹੀ ਹੁੰਦਾ ਹੈ।

ਜੇ ਮੇਰੀ ਸੋਚ ਨਾਲ ਪਿਆਰ ਹੈ
ਤਾਂ ਮਜ਼ਦੂਰ ਦੇ ਪਸੀਨੇ ਦੀ ਕਦਰ ਕਰੋ
ਉਸ ਦੇ ਹੱਥਾਂ ਤੇ ਬੰਨੀ ਪਟੀ
ਅਤੇ ਤਨ ਤੇ ਪਾਟੇ ਕੁਰਤੇ ਦਾ ਮੁੱਲ ਪਾਓ
ਉਸ ਦੀ ਮਿਹਨਤ ਨੂੰ ਸਸਤਾ ਨਾ ਸਮਝੋ
ਕਿਉਂਕਿ ਦੇਸ਼ ਦੀ ਨੀਂਹ
ਉਸ ਦੇ ਹੱਥਾ ਤੇ ਹੀ ਖੜ੍ਹੀ ਹੈ।

ਜੇ ਮੇਰਾ ਇਨਕਲਾਬ ਸਮਝਣਾ ਹੈ
ਤਾਂ ਖੇਤਾਂ ਵਿੱਚ ਮਿਹਨਤ ਕਰਦਾ ਸੀਰੀ
ਪੂਰੀ ਮਜਦੂਰੀ ਵੀ ਹਾਸਲ ਨਹੀਂ ਕਰਦਾ
ਉਸ ਨੂੰ ਕਰਜ਼ੇ ਦੇ ਬੋਝ ਹੇਠਾਂ
ਮਰਣ ਲਈ ਨਾ ਛੱਡੋ।

ਜੇ ਮੈਨੂੰ ਯਾਦ ਕਰਨਾ ਹੈ
ਤਾਂ ਰਾਹ ਜਾਂਦੀ ਹਰ ਬੇਟੀ ਨੂੰ
ਸੁਰੱਖਿਅਤ ਘਰ ਪਹੁੰਚਾਓ
ਇਕ ਐਸਾ ਸਮਾਜ ਬਣਾਓ
ਜਿੱਥੇ ਧੀ ਦਾ ਹੌਸਲਾ
ਡਰ ਨਾਲ ਨਾ ਟੁੱਟੇ।

ਮੇਰੀ ਤਸਵੀਰ ਨੂੰ ਫੁੱਲ ਨਾ ਚੜ੍ਹਾਓ
ਮੇਰੀ ਸੋਚ ਨੂੰ ਬਚਾਓ
ਕਿਤਾਬਾਂ ਪੜ੍ਹੋ, ਸਵਾਲ ਪੁੱਛੋ
ਅੰਧਵਿਸ਼ਵਾਸ ਦੀਆਂ ਜੰਜੀਰਾਂ ਤੋੜੋ।

ਨੌਜਵਾਨੋ!
ਤੁਹਾਡੇ ਹੱਥਾਂ ਵਿੱਚ ਦੇਸ਼ ਦਾ ਭਵਿੱਖ ਹੈ
ਨਸ਼ਿਆਂ ਦੀ ਧੁੰਦ ਵਿਚ
ਆਪਣੀ ਜਵਾਨੀ ਨੂੰ ਗੁਆ ਨਾ ਦਿਓ
ਕਲਮ ਫੜੋ, ਵਿਚਾਰ ਲਿਖੋ
ਚੰਗੇ ਰਸਤੇ ਤੇ ਚੱਲੋ, ਹੱਕਾਂ ਲਈ ਲੜੋ
ਇਹੀ ਮੇਰੇ ਇਨਕਲਾਬ ਦੀ ਰਾਹ ਹੈ।

ਯਾਦ ਰੱਖੋ
ਜਦ ਮੈਂ ਫਾਂਸੀ ਦੇ ਫੰਦੇ ਵੱਲ ਵਧ ਰਿਹਾ ਸੀ
ਤਾਂ ਮੇਰੇ ਹੱਥ ਵਿਚ ਕਿਤਾਬ ਸੀ
ਲੈਨਿਨ ਦੀ ਜੀਵਨੀ
ਜਿਸ ਨੂੰ ਮੈਂ ਕੇਵਲ ਪੜ੍ਹ ਕੇ ਨਹੀਂ
ਨਾਲ ਬੈਠਾ ਮਹਿਸੂਸ ਕਰਕੇ
ਇਕ ਸਫ਼ਾ ਮੋੜ ਕੇ ਰੱਖਿਆ ਸੀ
ਕਿਉਂਕਿ ਪੜ੍ਹਨਾ ਅਜੇ ਬਾਕੀ ਸੀ।

ਉਹ ਮੋੜਿਆ ਹੋਇਆ ਸਫ਼ਾ
ਸਿਰਫ਼ ਕਾਗਜ਼ ਨਹੀਂ ਸੀ
ਉਹ ਇਕ ਪ੍ਰੇਰਨਾ ਸੀ
ਆਉਣ ਵਾਲੀਆਂ ਪੀੜ੍ਹੀਆਂ ਲਈ।

ਉਸ ਸਫ਼ੇ ਦਾ ਮੁੱਲ ਸਮਝੋ
ਗਿਆਨ ਦੀ ਲੌ ਜਗਾਓ
ਸੱਚ ਲਈ ਖੜ੍ਹੋ
ਅਤੇ ਗ਼ਲਤ ਦੇ ਸਾਹਮਣੇ
ਕਦੇ ਨਾ ਝੁਕੋ
ਉਸਦੇ ਵਿਰੁੱਧ ਆਵਾਜ਼ ਬੁਲੰਦ ਕਰੋ।

ਉਸ ਦਿਨ
ਜਦ ਵਿਦਿਆਰਥੀ ਆਜ਼ਾਦ ਹੋਣਗੇ
ਮਜ਼ਦੂਰ ਇਜ਼ਤ ਨਾਲ ਜੀਵੇਗਾ
ਕਿਸਾਨ ਕਰਜ਼ੇ ਤੋਂ ਮੁਕਤ ਹੋਵੇਗਾ
ਧੀਆਂ ਨਿਡਰ ਹੋ ਕੇ ਚੱਲਣਗੀਆਂ
ਅਤੇ ਨੌਜਵਾਨ ਨਸ਼ਿਆਂ ਤੋਂ ਦੂਰ ਹੋਣਗੇ

ਉਸ ਦਿਨ
ਮੇਰਾ ਨਾਰਾ "ਇਨਕਲਾਬ ਜਿੰਦਾਬਾਦ"
ਸਿਰਫ਼ ਸ਼ਬਦ ਨਹੀਂ ਰਹੇਗਾ
ਉਹ ਜੀਉਂਦਾ ਸੱਚ ਬਣੇਗਾ।

ਮੈਂ ਭਗਤ ਸਿੰਘ ਬੋਲਦਾ ਹਾਂ
ਮੈਨੂੰ ਫੁੱਲ ਨਹੀਂ ਚਾਹੀਦੇ
ਮੈਨੂੰ ਫੋਕੇ ਨਾਅਰੇ ਨਹੀਂ ਚਾਹੀਦੇ।

ਮੈਨੂੰ ਚਾਹੀਦਾ ਹੈ
ਇਕ ਜਾਗਦਾ ਹੋਇਆ ਸਮਾਜ
ਇਕ ਸੋਚਦਾ ਹੋਇਆ ਨੌਜਵਾਨ
ਅਤੇ ਇਕ ਇਨਸਾਫ਼ ਅਤੇ ਸਮਾਨਤਾ ਨੂੰ ਜਗਾਉਂਦਾ
ਜਾਤੀਵਾਦ ਤੋਂ ਮੁਕਤੀ ਭਰਿਆ ਦੇਸ਼
ਜੇ ਇਹ ਕਰ ਸਕਦੇ ਹੋ
ਫੇਰ ਮੇਰਾ ਨਾਰਾ ਸਦਾ ਲਈ ਅਮਰ ਹੋਵੇਗਾ
ਇਨਕਲਾਬ ਜਿੰਦਾਬਾਦ!!



ਸੁਭਾਸ਼ ਸੋਲੰਕੀ
ਤਲਵਾੜਾ ਖੁਰਦ (ਸਿਰਸਾ)

ਭਾਰਤੀ ਜੋੜੇ 'ਤੇ ਗੋਰੇ ਜੋੜੇ

ਮਾੜਚੂ ਜਿਹੀਆਂ ਕਣੀਆਂ ਤੋਂ ਬਾਅਦ
ਸੂਰਜ ਬੱਦਲਾਂ ਨੂੰ ਲਤਾੜਦਾ ਹੋਇਆ
ਝਾਤੀਆਂ ਮਾਰ ਰਿਹਾ ਸੀ
ਜਿਵੇਂ ਬੱਦਲਾਂ ਨੂੰ ਕਹਿ ਰਿਹਾ ਹੋਵੇ
ਪਾਸੇ ਹੋ ਜਾਓ!
ਹੁਣ ਮੈਂ ਵੀ ਲੋਕਾਂ ਨੂੰ
"ਸੰਨੀ ਡੇਅ" ਦੇ ਦਰਸ਼ਨ ਕਰਾਂ ਦੇਵਾਂ

ਮੈਂ
ਬੈਕਯਾਰਡ ਵਿੱਚ ਬੈਠਾ
ਆਪਣੇ ਖ਼ਿਆਲ ਨਾਲ
ਲੁਕਣ-ਮੀਟੀ ਖੇਡ ਰਿਹਾ ਸੀ
ਚਾਹ ਦੀਆਂ ਚੁਸਕੀਆਂ ਦਾ
ਆਨੰਦ ਲੈ ਰਿਹਾ ਸੀ

ਗੁਆਂਢੀ ਗੋਰਾ ਜੋੜਾ
ਹੌਟ ਟੱਬ ਵਿੱਚ ਬੈਠਾ
ਇੱਕ ਦੂਜੇ ਤੇ ਛਿੱਟੇ ਪਾ ਰਿਹਾ ਸੀ
ਬੁੱਲ੍ਹਾਂ ਨੂੰ ਬੁੱਲ੍ਹਾਂ ਦੇ ਦਰਸ਼ਨ ਕਰਾ ਰਿਹਾ ਸੀ
ਵਾਈਨ ਦੀਆਂ ਚੁਸਕੀਆਂ ਦਾ
ਆਨੰਦ ਲੈ ਰਿਹਾ ਸੀ
ਹੱਸ ਖੇਡ ਰਿਹਾ ਸੀ
ਈਕਿਊਲੇਟਰਲ (Equilateral)
ਰਿਸ਼ਤੇ ਦਾ
ਸੁਆਦ ਲੈ ਰਿਹਾ ਸੀ

ਮੈਂ!
ਭਾਰਤੀ ਜੋੜਿਆਂ ਬਾਰੇ
ਸੋਚਣ ਲੱਗਿਆ
ਘੋਖਣ ਲੱਗਿਆ
ਜ਼ਰਬਾਂ ਤਕਸੀਮਾਂ ਕਰਨ ਲੱਗਿਆ

ਭਾਰਤੀ ਜੋੜੇ ....
ਸਕਾਲੀਨ ਟਰਾਈਐਂਗਲ (Scalene Triangle) ਤੋਂ ਸ਼ੁਰੂ ਹੁੰਦੇ ਹਨ
ਇੱਕ ਦੂਜੇ ਨਾਲ
ਕੋਈ ਲੱਤ ਬਾਂਹ
ਜਾਂ
ਐਂਗਲ ਨਹੀਂ ਮਿਲਦਾ
ਹੌਲੀ ਹੌਲੀ, ਢਿਚਕੂ ਢਿਚਕੂ ਤੁਰਦੇ
ਰਿਸ਼ਤੇ ਦੀ
ਆਈਸੋਸੋਲੈੱਸ (Isosceles)ਟਰਾਂਈਐਂਗਲ
ਬਣਾਉਣ ਦੀ ਕੋਸ਼ਿਸ਼ ਕਰਦੇ ਹਨ
ਕਈ ਲੱਤਾਂ ਤੇ ਐਂਗਲਾਂ ਨੂੰ
ਬਰਾਬਰ ਕਰਨ ਦੀ ਕੋਸ਼ਿਸ਼ ਕਰਦੇ
ਕਾਮਯਾਬ ਵੀ ਹੋ ਜਾਂਦੇ ਹਨ

ਉਨ੍ਹਾਂ ਵਿੱਚੋਂ ਕਈ ਜੋੜੇ
ਹੋਰ ਮਿਹਨਤ ਕਰਦੇ ਹਨ
ਬਿਜਲੀ ਦਾ ਕੱਟ ਹੋਣ ਤੇ
ਰਾਤਾਂ ਨੂੰ ਤੇਲ ਬਾਲਦੇ ਹਨ
ਮੋਮਬੱਤੀਆਂ ਜਗਾਉਂਦੇ ਹਨ
ਲਗਨ ਨਾਲ ਕਾਮਯਾਬੀ ਦੀਆਂ
ਪੌੜੀਆਂ ਚੜ੍ਹ ਜਾਂਦੇ ਹਨ
ਆਪਣੇ ਰਿਸ਼ਤੇ ਨੂੰ
ਇਕਿਊਲੇਟਰਲ (Equilateral)
ਬਣਾ ਲੈਂਦੇ ਹਨ
ਸਾਰੀਆਂ ਲੱਤਾਂ, ਸਾਰੇ ਐਂਗਲਾਂ ਨੂੰ
ਬਰਾਬਰ ਕਰ ਕੇ
ਸਵਰਗ ਦੀ ਜ਼ਿੰਦਗੀ ਜਿਉਂਦੇ ਹਨ

ਬਹੁਤੇ ਭਾਰਤੀ ਜੋੜਿਆਂ ਦੇ
ਸਾਰੀ ਉਮਰ ਲੱਤਾਂ, ਬਾਂਹਾਂ 'ਤੇ ਐਂਗਲ
ਕਦੇ ਬਰਾਬਰ ਨਹੀਂ ਹੁੰਦੇ
ਸਮੀਕਰਨ ਨਾਲ ਨਹੀਂ ਤੁਰਦੇ
ਅੱਗੜ ਪਿੱਛੜ ਤੁਰਦੇ
ਜ਼ਿੰਦਗੀ ਦੀ ਗਿਫ਼ਟ ਨੂੰ
ਤੂੰ ਤੂੰ ਮੈਂ ਮੈਂ ਵਿੱਚ ਗੁਜ਼ਾਰ ਦਿੰਦੇ ਹਨ
ਸਾਰੀ ਉਮਰ ਮੁਰਝਾਏ ਬੂਟਿਆਂ
ਵਾਂਗਰ ਹੀ ਰਹਿੰਦੇ ਹਨ
ਨਾ ਪੂਰੇ ਸੁੱਕਦੇ ਨੇ
ਨਾ ਹਰੇ ਰਹਿੰਦੇ ਹਨ

ਬੱਸ ਜਦੋਂ
ਮਾੜਚੂ ਜਿਹੀਆਂ ਕਣੀਆਂ
ਜੋੜਿਆਂ ਦੀਆਂ ਜੜ੍ਹਾਂ ਤੇ ਪੈ ਜਾਂਦੀਆਂ
ਹਨ
ਤਾਂ ਮੀਂਹ ਦੀ ਓਨੀ ਕੁ ਮਿਹਰਬਾਨੀ ਨਾਲ
ਡੰਗ ਟਪਾ ਲੈਂਦੇ ਹਨ

ਇਨ੍ਹਾਂ ਜੋੜਿਆਂ ਵਿੱਚ
ਹਰ ਰਾਤ
ਜਾਂ ਤਾਂ ਇੱਕ ਦਾ ਸਿਰ ਦੁੱਖਦਾ ਹੁੰਦਾ ਹੈ
ਜਾਂ ਦੂਸਰਾ ਬਹੁਤ ਥੱਕਿਆ ਹੁੰਦਾ ਹੈ

ਜਾਂ ਤਾਂ ਇੱਕ ਦਾ ਸਿਰ ਦੁੱਖਦਾ ਹੁੰਦਾ ਹੈ
ਜਾਂ ਦੂਸਰਾ ਬਹੁਤ ਥੱਕਿਆ ਹੁੰਦਾ ਹੈ



By Sunny Dhaliwal

Edmonton

ਕੱਚੇ ਰਾਹਾਂ ਦੀ ਚੁੱਪ

ਬਨੇਰੇ 'ਤੇ ਉਡੀਕਾਂ ਦਾ ਨਵਾਂ ਦੀਵਾ ਜਗਾ ਰੱਖਿਐ,

ਅਸਾਂ ਅੱਖਾਂ 'ਚ ਖ਼ੁਆਬਾ ਦਾ ਪੁਰਾਣਾ ਘਰ ਸਜਾ ਰੱਖਿਐ।

ਜ਼ਮਾਨਾ ਆਖਦੈ ਮੈਨੂੰ ਕਿ ਮੈਂ ਕੱਲ੍ਹਾ ਮੁਸਾਫ਼ਿਰ ਹਾਂ,

ਅਸਾਂ ਦਿਲ ਦੇ ਕਿਸੇ ਖੂੰਜੇ ਨਗਰ ਸਾਰਾ ਵਸਾ ਰੱਖਿਐ।

ਕਿਸੇ ਨਾਲ ਕਰਿਆ ਨਹੀਂ ਜ਼ਿਕਰ ਕਿੱਸਾ ਜੁਦਾਈ ਦਾ,

ਕਿਤਾਬਾਂ ਵਿੱਚ ਅਸਾਂ ਤੇਰਾ ਅਧੂਰਾ ਖ਼ਤ ਛੁਪਾ ਰੱਖਿਐ।

ਬੜੇ ਝੱਖੜ ਝੱਲੇ ਭਾਵੇਂ ਮੇਰੇ ਦਿਲ ਨੇ ਉਮਰ ਭਰ ਹੀ,

ਹਵਾਵਾਂ 'ਚੋਂ ਅਸਾਂ ਫਿਰ ਵੀ ਭਰਮ ਆਪਣਾ ਬਚਾ ਰੱਖਿਐ।

ਜ਼ੁਬਾਂ ਖ਼ਾਮੋਸ਼ ਰਹੀ "ਖਿੱਚੀ" ਭਰੀ ਮਹਿਫ਼ਿਲ ਦੇ ਵਿੱਚ ਸਾਡੀ,

ਅਸਾਂ ਛੰਦਾਂ ਦੇ ਵਿੱਚ ਦਿਲ ਦਾ ਹਰ ਇੱਕ ਕਿੱਸਾ ਸੁਣਾ ਰੱਖਿਐ।

ਤੇਰੇ ਰਾਹਾਂ 'ਤੇ ਫੁੱਲ ਖਿੜ੍ਹਨੇ ਦੁਆ ਸਾਡੀ ਸਦਾ ਹੋਵੇ,

ਦਿਲਾਂ ਵਿੱਚੋਂ ਅਸਾਂ ਸੱਚਮੁੱਚ ਗਿਲਾ ਹਰ ਇੱਕ ਭੁਲਾ ਰੱਖਿਐ।

ਭਾਵੇਂ ਦੂਰੀ ਰਹੀ ਲੱਖਾਂ ਮੀਲਾਂ ਦੇ ਇਸ ਸਫ਼ਰ ਅੰਦਰ,

ਤੇਰੇ ਮੇਰੇ ਵਿਚਲੇ ਰਿਸ਼ਤੇ ਦਾ ਹਨ੍ਹੇਰਾ ਵੀ ਮਿਟਾ ਰੱਖਿਐ।



ਪ੍ਰੋ. ਪਵਨ ਖਿੱਚੀ, ਮਾਨਸਾ

ਗ਼ਜ਼ਲ

ਦੁਨੀਆਂ ਦੇ ਇਸ ਬਾਜ਼ਾਰ ਚ, ਵਿਕਦੇ ਨੇ ਅਰਮਾਨ,

ਸਸਤੇ ਏਥੇ ਜਿਸਮ ਨੇ, ਮਹਿੰਗੇ ਨੇ ਇਨਸਾਨ।

ਸਾਹਾਂ ਦੀ ਪੂੰਜੀ ਇੱਥੇ, ਕੌਡੀਆਂ ਦੇ ਭਾਅ ਰੁਲੇ,

ਹੰਝੂਆਂ ਦਾ ਕੋਈ ਮੁੱਲ ਨਾ, ਹੱਸਦਾ ਏ ਜਹਾਨ।

ਕਫ਼ਨ ਵੀਂ ਮਿਲਦੇ ਇੱਥੇ, ਔਕਾਤ ਵੇਖਕੇ,

ਜਿਉਂਦੇ ਜੀ ਤਾਂ ਰੋਲਿਆ, ਮਰ ਕੇ ਵੀਂ ਅਪਮਾਨ।

ਮਾਸੂਮ ਜਿਹੇ ਖ਼ਾਬਾਂ ਦਾ, ਗੱਲ ਘੁਟਿਆ ਰਾਤ ਨੇ,

ਸਿਵਿਆਂ ਦੇ ਵਿਸਹ ਸੌਂ ਗਿਆ, ਹੱਸਦਾ ਹੋਇਆ ਕਾਰਵਾਨ।

ਰਿਸ਼ਤਿਆਂ ਦੇ ਨਾਂ ਤੇ ਬੱਸ, ਖ਼ੰਜਰ ਹੀ ਮਿਲੇ,

ਪਿੱਠ ਤੇ ਜਖਮ ਦੇ ਗਿਆ, ਜੋ ਸੀ ਮੇਰੀ ਜਾਨ।

ਖ਼ੁਦਗਰਜੀ ਦੇ ਦੌੜ ਵਿੱਚ, ਵਫ਼ਾ ਲੱਭੇ ਕੌਣ,

ਪੱਥਰਾਂ ਦੇ ਇਸ ਸ਼ਹਿਰ ਵਿੱਚ, ਸ਼ੀਸ਼ੇ ਦੇ ਮਕਾਨ।

ਸੱਚ ਦੀ ਕੀਮਤ ਕੌਡੀ ਹੈ,ਜੂਠ ਦਾ ਉੱਚਾ ਨਾਂ,

"ਸਿਆਣ ਭੁਪਿੰਦਰ ," ਇਸ ਨਗਰੀ ਵਿੱਚ ਉੱਡਦੀ ਹੈ, ਰੱਬ ਦੀ ਵੀਂ ਸ਼ਾਨ।

ਜਜਬਾਤਾਂ ਦੀ ਮੰਡੀ ਵਿੱਚ, ਬੋਲੀ ਲੱਗਦੀ ਨਿੱਤ,

ਕੌਣ ਸੁਣੇਗਾ ਇੱਥੇ ਹੁਣ, ਦਿਲ ਦੀ ਦਾਸਤਾਨ।



ਸਿਆਣ ਭੁਪਿੰਦਰ ਸਿੰਘ

ਤਰਕ ਗਿਆਨ

ਪੱਥਰਾਂ ਪੂਜਿਆ ਕੁੱਝ ਨਹੀਂ ਮਿਲਣਾ,

ਘਰ ਵਿੱਚ ਤੇਰੇ ਮਾਂ ਪਿਉ ਯਾਰ।

(ਪ੍ਰਸ਼ੋਤਮ ਪੱਤੋ)



ਪ੍ਰਸ਼ੋਤਮ ਪੱਤੋ

ਪੱਥਰ ਪੂਜਿਆ ਕੁੱਝ ਨਹੀਂ ਮਿਲਣਾ,

ਐਵੇਂ ਨਾ ਹੋ ਖੱਜਲ ਖੁਆਰ।

ਤੀਰਥਾਂ ਤੇ ਜਾ ਕੇ ਰੱਬ ਨਹੀਂ ਮਿਲਣਾ,

ਘਰ ਵਿੱਚ ਤੇਰੇ ਮਾਂ ਪਿਉ ਯਾਰ।

ਰਾਸ਼ੀਆਂ ਵਿੱਚੋਂ ਕਿਸਮਤ ਭਾਲੇ,

ਆਸਾਂ ਦੇ ਵਿੱਚ ਜ਼ਿੰਦਗੀ ਗਾਲੇ।

ਸੋਨੇ ਵਰਗੇ ਮੁੜਕੇ ਨੂੰ ਨਾ,

ਸ਼ਰਧਾ ਵਿੱਚ ਖਿਲਾਰ।

ਘਰ ਵਿੱਚ ਤੇਰੇ -----

ਹੀਨ ਭਾਵਨਾ ਮਨ 'ਚੋਂ ਕੱਢਦੇ,

ਊਚ-ਨੀਚ ਦਾ ਚੱਕਰ ਛੱਡਦੇ।

ਸਮਾਜ ਇੱਕੋ ਡੋਰ ਪਰੋਕੇ,

ਸੱਚ ਦਾ ਕਰ ਰਾਹ ਅਖ਼ਤਿਆਰ।

ਘਰ ਵਿੱਚ ਤੇਰੇ-----

ਵਿਦਿਆ ਬਿਨਾਂ ਗਿਆਨ ਅਧੂਰਾ,

ਪੜ੍ਹ ਪੜ੍ਹ ਕਰ ਲੈ ਸਾਗਰ ਪੂਰਾ।

ਤਰਕ ਗਿਆਨ ਤੇ ਲੋਕ ਏਕਤਾ,

ਕੱਢੂ ਤੈਨੂੰ ਅੰਧ 'ਚੋਂ ਬਾਹਰ।

ਘਰ ਵਿੱਚ ਤੇਰੇ----

ਦੋਸਤ ਦੁਸ਼ਮਣ ਨੂੰ ਪਹਿਚਾਣੋ,

ਕਦਮਾਂ ਦੇ ਵਿੱਚ ਮੰਜ਼ਿਲ ਜਾਣੋ।

ਤੂਫ਼ਾਨਾਂ ਦੇ ਨਾ ਮੱਥਾ ਲਾ ਕੇ,

'ਪੱਤੋ' ਬਣ ਤੂੰ ਅੰਗਿਆਰ।

ਰੱਬ

ਜੇ ਰੱਬ ਨਾਲ ਤੇਰੀਆਂ ਲੱਗੀਆਂ ਪ੍ਰੀਤਾਂ

ਦਿੱਲ ਵਿਚ ਫੇਰ ਇਹ ਡਰ ਕਿਉਂ ਏ ਵਹਿਮ ਕੀ ਏ

ਜਿਸਦੀ ਬੇੜੀ ਨੂੰ ਆਸਰਾ ਉਸਦਾ

ਡੁੱਬਣ ਦਾ ਫੇਰ ਦਸ ਸਹਿਮ ਕੀ ਏ

ਉਹ ਮਹਿਰਾਂ ਦਾ ਸਾਈਂ

ਇਹ ਦਇਆ ਹੈ ਉਸਦੀ ਕਰਮ ਹੈ ਉਸਦਾ

ਜੇ ਦੁਨੀਆਂ ਚ ਨਾਮ ਹੈ ਕਮਾਯਾਬੀ ਹੈ ਤੇਰੀ

ਇਸ ਵਿਚ ਦਸ ਤੇਰਾ ਕਮਾਲ ਕੀ ਏ

ਜਿੱਤ ਜਾਣਾ ਜੇ ਹੈ ਰਹਿਮਤ ਉਸਦੀ

ਹਰ ਜਾਣ ਤੇ ਫੇਰ ਦਸ ਮਲਾਲ ਕੀ ਏ

ਉਸ ਨੇ ਲਿੱਖੇ ਨੇ ਕਰਮ ਤੇਰੇ

ਉਸਦੇ ਹੀ ਹਥੋਂ ਸਭ ਮਸਲੇ ਹੱਲ ਹੋਣੇ

ਜਵਾਬ ਸਾਰੇ ਉਸਨੇ ਹੀ ਦੇਣੇ ਫੇਰ ਦਸ ਦੀਪ ਤੇਰੇ ਸਵਾਲ ਕੀ ਏ



ਪ੍ਰਿੰਸੀਪਲ ਚਰਨਦੀਪ ਕੌਰ ਕੈਲਗਰੀ

ਖਿਡਾਉਣੇ ਵੇਚਣ ਵਾਲੀ

ਬਾਲ ਕਵਿਤਾ

ਟੋਕਰੀ ਦੇ ਵਿੱਚ ਖੇਡਾਂ ਰੱਖ ਕੇ ਬਹੁਤ
ਸਾਰੀਆਂ ਲਿਆਉਂਦੀ,
ਇੱਕ ਔਰਤ ਸੀ! ਸਾੜੀ ਵਾਲੀ ਸਾਡੀ
ਗਲੀ ਵਿੱਚ ਆਉਂਦੀ।

ਬਣਾ ਕੇ ਮਿੱਟੀ ਦੇ, ਚੱਕੀਆਂ, ਘੁੱਗੂ
ਨਾਲੇ ਰੰਨੇ ਭੰਨੇ,
ਛੋਟੇ ਛੋਟੇ ਲਾਲ ਰੰਗ ਦੇ ਲੱਗਦੇ
ਬਹੁਤ ਸੀ ਸੋਹਣੇ।

ਆ ਬਹਿੰਦੀ ਸਾਡੇ ਵਿੱਚ ਬਰਾਂਡੇ ਸਿਰ
ਤੋ ਟੋਕਰੀ ਲਾਹ ਕੇ,
ਮੈਨੂੰ ਮੁਫ਼ਤ 'ਚ ਖੇਡਾਂ ਦਿੰਦੀ ਸੀ ਰੋਟੀ
ਬੇਬੇ ਤੋਂ ਖਾ ਕੇ।

ਹੋਰ ਵੀ ਗਵਾਂਢੋਂ ਹਾਣੀ ਮੇਰੇ ਦਾਣੇ
ਪੈਸੇ ਲਿਆਉਂਦੇ,
ਰਾਜੂ, ਭੋਲਾ, ਸੀਤੀ, ਪੱਪੂ ਲੈਣ
ਖਿਡਾਉਣੇ ਆਉਂਦੇ।

ਚਕਲਾ ਵੇਲਣਾ ਤਵਾ ਪ੍ਰਾਂਤ ਨਾਲੇ
ਵੇਖ ਮਿੱਟੀ ਦਾ ਚੁੱਲਾ,
ਲੈਣ ਕੁੜੀ ਗੁਆਢ ਤੋਂ ਆਉਦੀ ਜਿਓ
ਹਵਾ ਦਾ ਬੁੱਲਾ।

ਆਹ ਵੀ ਦੇ, ਉਹ ਵੀ ਦੇ ਬਹੁਤੀਆਂ
ਲੈਂਦੀ ਖੇਡਾਂ,
ਬਣੇ ਮਿੱਟੀ ਦੇ ਬਿੱਲੀਆਂ ਕੁੱਤੇ ਨਾਲੇ
ਗਾਈਆਂ ਭੇਡਾਂ।

ਮਿੰਟਾਂ ਵਿੱਚ ਵੇਚ ਖਿਡਾਉਣੇ ਟੋਕਰੀ
ਖਾਲੀ ਕਰਦੀ,
ਦਾਣੇ ਝੋਲੀ ਦੇ ਵਿੱਚ ਪਾ ਕੇ, ਬੋਝਾ
ਪੈਸਿਆਂ ਦਾ ਭਰਦੀ।

ਟੋਕਰੀ ਵਿੱਚ ਰੱਖ ਕੇ ਦਾਣੇ ਸਿਰ ਦੇ
ਉੱਤੇ ਟਿਕਾਉਂਦੀ,
'ਪੱਤੋ' ਬੇਬੇ ਤੋਂ ਪੁੱਛਦਾ ਰਹਿੰਦਾ ਉਹ
ਅੱਜਕੱਲ੍ਹ ਕਾਹਤੋਂ ਨਹੀਂ ਆਉਂਦੀ।



ਹਰਪ੍ਰੀਤ ਪੱਤੋ

ਭੂਤ ਇਸ਼ਕ ਦਾ

ਭੂਤ ਇਸ਼ਕ ਦਾ ਜਦੋਂ ਸਵਾਰ ਹੋ ਜਾਏ
ਨਸ਼ੇ ਵਾਂਗ ਹੀ ਸਿਰ ਤੇ ਚੜ੍ਹੀ ਜਾਂਦਾ।

ਸੁੱਧ - ਬੁੱਧ ਵੀ ਉਸ ਦੀ ਮਰ ਜਾਂਦੀ
ਸੱਪ ਇਸ਼ਕ ਦਾ ਦਿਲ ਤੇ ਲੜੀ ਜਾਂਦਾ।

ਨੀਂਦ ਰਾਤਾਂ ਦੀ ਅੱਖਾਂ ਚੋਂ ਉਡ ਜਾਵੇ
ਦਿਲ ਇੱਕੋ ਹੀ ਅੱਡੀ ਤੇ,ਅੱਡੀ ਜਾਂਦਾ।

ਖਾਣਾ-ਪੀਣਾ ਵੀ ਉਸ ਨੂੰ ਭੁੱਲ ਜਾਂਦਾ
ਆਪਣੇ ਆਪ ਦੇ ਵਿਚ ਹੈ ਸੜੀ ਜਾਂਦਾ।

ਡੁੱਬਦੇ ਇਸ਼ਕ ਦੇ ਵਿੱਚ ਨੇ ਕਈ ਵੇਖੇ
ਸੁਪਨੇ ਨਵੇਂ ਤੋਂ ਨਵੇਂ ਉਹ ਘੜੀ ਜਾਂਦਾ।

ਕੋਈ ਕੰਮ ਨਾ ਕਰਨ ਨੂੰ ਚਿੱਤ ਕਰਦਾ
ਰੂਪ ਉਸ ਦਾ ਦਿਨੋਂ ਦਿਨ ਝੜੀ ਜਾਂਦਾ।

ਭੁੱਖ - ਤੇਹ ਵੀ ਉਸ ਦੀ, ਮਰ ਜਾਂਦੀ
ਦੋਸ਼ ਆਪਣੇ , ਕਿਸੇ ਤੇ, ਮੜ੍ਹੀ ਜਾਂਦਾ।

ਮਾਂ- ਬਾਪ ਤੇ ਭੈਣ- ਭਰਾ ਭਰਾ ਛਡ ਕੇ
ਪਾਠ ਆਪਣੇ ਇਸ਼ਕ ਦਾ ਪੜ੍ਹੀ ਜਾਂਦਾ।

'ਸੁਹਲ' ਬਾਪੂ ਦੀ ਪੱਗ, ਵੀ ਰੋਲ ਦੇਵੇ
ਅੱਗ ਇਸ਼ਕ਼ ਦੀ ਵਿਚ ਜੋ,ਕੜ੍ਹੀ ਜਾਂਦਾ।



ਮਲਕੀਅਤ 'ਸੁਹਲ'


ਕਾਵਿ-ਸੰਸਾਰ